Punjabi Parwaz

# ਪੰਜਾਬੀ ਪਰਵਾਜ਼

ਅੰਕ 12ਵਾਂ (ਸ਼ਿਕਾਗੋ): 28 ਅਕਤੂਬਰ ਤੋਂ 10 ਨਵੰਬਰ 2023 ਤੱਕ — ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com — www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਨਸ਼ੇ ਅਤੇ ਗੈਰ-ਕਾਨੂੰਨੀ ਖਣਨ ਦਾ ਪ੍ਰਛਾਵਾਂ 'ਆਪ' ਸਰਕਾਰ 'ਤੇ ਪੈਣ ਲੱਗਾ

### 'ਦਾ ਹੋਪ ਇਨੀਸ਼ੀਏਟਿਵ' ਸਰਕਾਰ ਦਾ ਹਾਂਮੁਖੀ ਪ੍ਰਭਾਵ ਕਾਇਮ ਰੱਖਣ ਦਾ ਯਤਨ



■ ਹਰਿਮੰਦਰ ਸਾਹਿਬ ਵਿਖੇ ਨਸ਼ਾ ਵਿਰੋਧੀ 'ਦਾ ਹੋਪ ਇਨੀਸ਼ੀਏਟਿਵ' ਦੀ ਸ਼ੁਰੂਆਤ ਮੌਕੇ

**ਜੇ. ਐਸ. ਮਾਂਗਟ**

ਬੀਤੀ 18 ਅਕਤੂਬਰ ਵਾਲੇ ਦਿਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਹੋਰ ਮੰਤਰੀਆਂ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿੱਚ ਲੈ ਕੇ ਹਰਿਮੰਦਰ ਸਾਹਿਬ ਵਿਖੇ ਨਸ਼ਾ ਵਿਰੋਧੀ 'ਦਾ ਹੋਪ ਇਨੀਸ਼ੀਏਟਿਵ' ਦੀ ਸ਼ੁਰੂਆਤ ਕੀਤੀ। ਇਸ ਮੌਕੇ ਤਕਰੀਬਨ 35 ਹਜ਼ਰ ਵਿਦਿਆਰਥੀ ਅਤੇ ਵਿਦਿਆਰਥਣਾਂ ਪੀਲੀਆਂ ਪੱਗਾਂ ਅਤੇ ਪੀਲੇ ਦੁੱਪਟੇ ਲਈਂ ਅਰਦਾਸ ਵਿੱਚ ਸ਼ਾਮਲ ਹੋਏ। ਭਾਵੇਂ ਇਹ ਐਕਸ਼ਨ ਸਰਕਾਰ ਨੇ ਉਦੋਂ ਲਿਆ, ਜਦੋਂ ਪੰਜਾਬ ਵਿੱਚ ਨਸ਼ਿਆਂ ਖਾਸ ਕਰਕੇ ਕੈਮੀਕਲ ਨਸ਼ਿਆਂ ਦਾ ਪਸਾਰਾ ਵਧਣ ਵਾਲੇ ਪਾਸੇ ਤੁਰ ਪਿਆ ਹੈ।

ਇਸ ਮੁੱਦੇ ਨੇ ਕੁਝ ਸਮਾਂ ਪਹਿਲਾਂ ਉਦੋਂ ਸੋਸ਼ਲ ਮੀਡੀਆ ਖੇਤਰ ਵਿੱਚ ਸੁਰਖੀਆਂ ਮੱਲੀਆਂ ਜਦੋਂ ਮਾਨਸਾ ਵਿੱਚ ਇੱਕ ਨੌਜੁਆਨ ਪਰਮਿੰਦਰ ਸਿੰਘ 'ਝੋਟਾ' ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕਾਰਵਾਈ ਕਰਦਿਆਂ ਨਸ਼ਿਆਂ ਨੂੰ ਠੱਲ੍ਹ ਪਾਉਣ ਦਾ ਦਾਅਵਾ ਕੀਤਾ। ਉਸ ਦਾ ਕਹਿਣਾ ਹੈ ਕਿ 'ਆਪ' ਸਰਕਾਰ ਦੇ ਦੌਰ ਵਿੱਚ ਨਸ਼ਾ ਪਹਿਲਾਂ ਨਾਲੋਂ ਵੀ ਵਧ ਗਿਆ ਹੈ। ਉਸ ਦੇ ਕਥਨ ਅਨੁਸਾਰ ਸਕੂਲੀ ਬੱਚੇ, ਇੱਥੋਂ ਤੱਕ ਕਿ ਕੁੜੀਆਂ ਵੀ ਨਸ਼ੇ ਦੀ ਮਾਰ ਹੇਠ ਆਉਣ ਲੱਗੀਆਂ ਹਨ। ਆਪਣੀ ਇਸ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਝੋਟਾ ਕਈ ਨਸ਼ਾ ਵੇਚਣ ਵਾਲਿਆਂ ਨਾਲ ਛਿੱਤਰ ਪੌਲਾ ਵੀ ਹੋ ਜਾਂਦਾ। ਨਸ਼ਾ ਵੇਚਣ ਵਾਲੇ ਕਿਸੇ ਮੈਡੀਕਲ ਦੁਕਾਨ ਦੇ ਮਾਲਕ ਦੇ ਗਲ ਵਿੱਚ ਉਸ ਨੇ ਛਿੱਤਰਾਂ ਦਾ ਹਾਰ ਪਾ ਕੇ ਪ੍ਰੇਡ ਕਰਵਾ ਦਿੱਤੀ। ਇਸ ਘਟਨਾ ਨੂੰ ਆਧਾਰ ਬਣਾ ਮਾਨਸਾ ਜ਼ਿਲ੍ਹੇ ਦੀ ਪੁਲਿਸ ਨੇ ਉਸ ਦਾ ਘਰ ਹਾਰਡ ਕੋਰ ਕਰੀਮੀਨਲਾਂ

⇒ ਬਾਕੀ ਸਫਾ 4 ਉਤੇ ਪੜ੍ਹੋ

## ਪੰਜਾਬ ਦੇ 25 ਲੱਖ ਲੋਕ ਨਸ਼ੇ ਦੀ ਲਪੇਟ ਵਿਚ

### ਓਵਰ ਡੋਜ਼ ਨਾਲ ਮੌਤਾਂ ਦੀ ਗਿਣਤੀ ਵਧੀ

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਇਹ ਤੱਥ ਸਾਹਮਣੇ ਆਏ ਹਨ ਕਿ ਪੰਜਾਬ ਵਿੱਚ 25 ਲੱਖ ਤੋਂ ਵੱਧ ਲੋਕ ਨਸ਼ੇ ਦੀ ਆਦਤ ਦਾ ਸ਼ਿਕਾਰ ਹਨ। ਅਖ਼ਬਾਰੀ ਰਿਪੋਰਟਾਂ ਅਨੁਸਾਰ ਨਸ਼ੇ ਦੀ ਓਵਰ ਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਵਿੱਚ 2017 ਤੋਂ 2021 ਤੱਕ ਦੇ ਚਾਰ ਸਾਲਾਂ ਵਿੱਚ ਨਸ਼ੇ ਨਾਲ 320 ਮੌਤਾਂ ਹੋਈਆਂ। 2020 ਵਿੱਚ ਕਰੋਨਾ ਕਰਕੇ ਜ਼ੀਰੋ ਅੰਕੜਾ ਵਿਖਾਇਆ ਗਿਆ ਹੈ, ਜਦਕਿ 2022 ਤੋਂ ਹੁਣ ਤੱਕ 20 ਮਹੀਨਿਆਂ ਵਿੱਚ ਨਸ਼ੇ ਕਾਰਨ 310 ਮੌਤਾਂ ਹੋ ਚੁੱਕੀਆਂ ਹਨ। ਐਨ.ਸੀ.ਆਰ.ਬੀ. ਦੀ ਰਿਪੋਰਟ ਅਨੁਸਾਰ ਨਸ਼ਿਆਂ ਨਾਲ ਮਾਲਵਾ ਸਭ ਤੋਂ ਵੱਧ ਪ੍ਰਭਾਵਤ ਹੋਇਆ ਹੈ। ਇੱਥੇ ਪਿਛਲੇ 19 ਮਹੀਨਿਆਂ ਵਿੱਚ 222 ਲੋਕਾਂ ਦੀ ਮੌਤ ਹੋਈ ਹੈ।

ਇਕੱਲੇ ਫਿਰੋਜ਼ਪੁਰ ਵਿੱਚ ਹੀ 56 ਵਿਅਕਤੀਆਂ ਦੀ ਨਸ਼ੇ ਕਾਰਨ ਜਾਨ ਚਲੀ ਗਈ ਹੈ। ਮੋਗਾ ਜ਼ਿਲ੍ਹੇ ਵਿੱਚ 47 ਮੌਤਾਂ ਹੋ ਚੁੱਕੀਆਂ ਹਨ। ਬਠਿੰਡਾ ਵਿੱਚ ਦੋ ਸਾਲਾਂ ਦੌਰਾਨ 32 ਲੋਕ ਨਸ਼ਿਆਂ ਦੀ ਲਪੇਟ ਵਿੱਚ ਆ ਕੇ ਮਾਰੇ ਗਏ ਹਨ। ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਵਿੱਚ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਵਿੱਚ ਨਸ਼ੇ ਨਾਲ ਮਰਨ ਵਾਲੇ ਬਹੁਗਿਣਤੀ ਲੋਕਾਂ ਵਿੱਚ 18 ਤੋਂ 30 ਸਾਲ ਦੇ ਨੌਜਵਾਨ ਹਨ। 2017 ਤੋਂ 2021 ਦਰਮਿਆਨ ਨਸ਼ਿਆਂ ਨਾਲ ਹੋਈਆਂ 320 ਮੌਤਾਂ ਵਿਚੋਂ 14 ਤੋਂ 18 ਸਾਲ ਦੀ ਉਮਰ ਦੇ ਚਾਰ ਨੌਜਵਾਨ ਮੌਤ ਦੇ ਮੂੰਹ ਵਿੱਚ ਜਾ ਪਏ ਹਨ। 136 ਮੌਤਾਂ 18 ਤੋਂ 30 ਸਾਲਾਂ ਦੇ ਨੌਜਵਾਨਾਂ ਦੀਆਂ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 30 ਤੋਂ 40 ਸਾਲ ਦੇ 62 ਲੋਕਾਂ ਦੀ ਮੌਤ ਨਸ਼ੇ ਨਾਲ ਹੋਈ ਹੈ। ਨਸ਼ੇ ਦੀ ਓਵਰ ਡੋਜ਼ ਨਾਲ ਮਰਨ ਵਾਲੇ 8 ਵਿਅਕਤੀ 45 ਤੋਂ ਸੱਠ ਸਾਲ ਦੀ ਉਮਰ ਦੇ ਹਨ। ਇਸ ਤੋਂ ਇਲਾਵਾ 60 ਸਾਲ ਤੋਂ ਉਪਰ ਦੇ ਲੋਕਾਂ ਦੀਆਂ ਮੌਤਾਂ ਵੀ ਨਸ਼ੇ ਦੀ ਓਵਰ ਡੋਜ਼ ਨਾਲ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਅੰਕੜਿਆਂ ਮੁਤਾਬਕ ਪੰਜਾਬ ਵਿੱਚ 25 ਲੱਖ ਤੋਂ ਵੱਧ ਲੋਕ ਨਸ਼ੇ ਦੀ ਲਪੇਟ ਵਿੱਚ ਹਨ। ਜ਼ਿਲ੍ਹਾ ਮੋਗਾ, ਫਿਰੋਜ਼ਪੁਰ, ਲੁਧਿਆਣਾ ਅਤੇ ਬਠਿੰਡਾ ਦੀ ਸਥਿਤੀ

⇒ ਬਾਕੀ ਸਫਾ 2 ਉਤੇ ਪੜ੍ਹੋ






*ਪਾਠ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਵੱਧ ਪੰਨੇ ਪਲਟਣ ਦਾ ਮਾਮਲਾ*

# ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਹੈਮਿਲਟਨ ਵਿੱਚ ਜਨਰਲ ਇਜਲਾਸ ਸੱਦਣ ਲਈ ਦਸਤਖਤ ਮੁਹਿੰਮ

**ਸਿਨਸਿਨੈਟੀ, ਓਹਾਇਓ:** ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਹੈਮਿਲਟਨ ਦੇ ਹੈੱਡ ਗ੍ਰੰਥੀ ਵੱਲੋਂ ਗੁਰੂ ਘਰ ਵਿੱਚ ਅਖੰਡ ਪਾਠ ਦੌਰਾਨ ਬਿਨਾ ਪੜ੍ਹਿਆਂ ਗੁਰੂ ਗ੍ਰੰਥ ਸਾਹਿਬ ਦੇ 49 ਪੰਨੇ ਪਲਟਣ ਦਾ ਮਾਮਲਾ ਪਿਛਲੇ ਕਰੀਬ ਡੇਢ ਮਹੀਨੇ ਤੋਂ ਚਰਚਾ ਵਿੱਚ ਆਇਆ ਹੋਇਆ ਹੈ। ਇਸ ਮਾਮਲੇ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਗੁਰਦੁਆਰਾ ਸਾਹਿਬ ਨਾਲ ਜੁੜੀ ਸੰਗਤ ਦੇ ਕੁਝ ਮੈਂਬਰਾਂ ਨੇ ਇਸ ਗੱਲੋਂ ਇਤਰਾਜ਼ ਜਤਾਉਂਦਿਆਂ ਕਿਹਾ ਹੈ ਕਿ ਇਸ ਮਾਮਲੇ ਬਾਰੇ ਫੈਸਲਾ ਜਨਰਲ ਇਜਲਾਸ ਸੱਦ ਕੇ

**ਕੁਲਜੀਤ ਦਿਆਲਪੁਰੀ**

ਸੰਗਤ ਦੀ ਰਾਏ ਨਾਲ ਕਰਨਾ ਚਾਹੀਦਾ ਹੈ। ਇਸ ਮਾਮਲੇ ਨੂੰ ਕੁਝ ਸੰਗਤ ਮੈਂਬਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪਾਠ ਦਾ ਨਿਰਾਦਰ ਕਰਾਰ ਦਿੱਤਾ ਹੈ, ਜਦਕਿ ਸਾਬਕਾ ਕਮੇਟੀ ਦੇ ਪ੍ਰਧਾਨ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਅਖੰਡ ਪਾਠ ਦਾ ਖੰਡਨ ਹੋਇਆ ਹੈ, ਬੇਅਦਬੀ ਨਹੀਂ।

ਹੁਣ ਇਸ ਮਾਮਲੇ ਨੂੰ ਲੈ ਕੇ ਜਨਰਲ ਇਜਲਾਸ ਸੱਦਣ ਸਬੰਧੀ ਸੰਗਤ ਦੇ ਦੋ ਮੈਂਬਰਾਂ- ਰਣਜੀਤ ਸਿੰਘ ਅਤੇ ਪਲਵਿੰਦਰ ਸਿੰਘ ਘੁਮਾਣ ਵੱਲੋਂ ਇੱਕ ਪਟੀਸ਼ਨ ਉਤੇ ਸੰਗਤ ਦੇ ਦਸਤਖਤ ਕਰਵਾਏ ਜਾ ਰਹੇ ਹਨ ਅਤੇ ਇਸ ਲਈ ਮਿਥੇ ਆਖਰੀ ਦਿਨ 5 ਨਵੰਬਰ 2023, ਐਤਵਾਰ ਤੱਕ ਦਸਤਖਤ ਕੀਤੇ ਜਾ ਸਕਦੇ ਹਨ। ਸੂਤਰਾਂ ਅਨੁਸਾਰ ਸੰਗਤ ਦੇ ਕੁੱਲ ਮੈਂਬਰਾਂ ਵਿੱਚੋਂ ਇੱਕ ਤਿਹਾਈ ਮੈਂਬਰਾਂ ਵੱਲੋਂ ਪਟੀਸ਼ਨ ਉਤੇ ਦਸਤਖਤ ਕਰਨ ਉਪਰੰਤ ਜਨਰਲ ਇਜਲਾਸ ਬੁਲਾਏ ਜਾਣ ਸਬੰਧੀ ਫੈਸਲਾ ਲਿਆ ਜਾਵੇਗਾ।

ਜਾਣਕਾਰੀ ਅਨੁਸਾਰ ਗੁਰੂ ਘਰ ਵਿੱਚ ਚੱਲ ਰਹੇ ਅਖੰਡ ਪਾਠ ਦੌਰਾਨ 9 ਸਤੰਬਰ 2023 ਨੂੰ ਰਾਤ ਵੇਲੇ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਰੌਲ ਲਾਉਣ ਦੀ ਸੇਵਾ ਨਿਭਾਅ ਰਹੇ ਸਨ, ਪਰ ਪਾਠ ਕਰਦਿਆਂ ਇੱਕ ਪੰਨਾ ਪਲਟਣ ਦੀ ਥਾਂ ਉਨ੍ਹਾਂ ਕੁਝ ਪੰਨੇ ਬਿਨਾ ਗੁਰਬਾਣੀ ਦਾ ਪਾਠ ਕੀਤਿਆਂ ਪਲਟ ਦਿੱਤੇ। ਪਾਠ ਸੁਣ ਰਹੇ ਇੱਕ ਮਹਿਮਾਨ ਸੰਗਤ ਮੈਂਬਰ ਨੂੰ ਸ਼ੱਕ ਹੋਇਆ ਕਿ ਕੁਝ ਗੜਬੜ ਹੋਈ ਹੈ, ਜੋ ਤਰਤੀਬਬੱਧ ਪਾਠ ਦੀ ਲੈਅ ਉਖੜ ਗਈ ਹੈ। ਬਾਅਦ ਵਿੱਚ ਉਸ ਨੇ ਇਹ ਮਾਮਲਾ ਕੁਝ ਕਮੇਟੀ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਚਰਨਜੀਤ ਸਿੰਘ ਸੋਹਲ, ਪਹਿਲਾਂ ਕਮੇਟੀ ਵਿੱਚ ਰਹੇ ਇੱਕ ਹੋਰ ਸੰਗਤ ਮੈਂਬਰ ਤੀਰਥ ਸਿੰਘ, ਸਾਬਕਾ ਖਜ਼ਾਨਚੀ ਰੁਪਿੰਦਰ ਸਿੰਘ ਅਤੇ ਦਸਤਖਤ ਮੁਹਿੰਮ ਦੇ ਪਟੀਸ਼ਨ ਕਰਤਾ ਰਣਜੀਤ ਸਿੰਘ ਨੇ ਦੱਸਿਆ ਕਿ ਪਹਿਲਾਂ ਗ੍ਰੰਥੀ ਸਿੰਘ ਨੇ ਤੇਜ ਤੇਜ ਪਾਠ ਕਰਨ ਦੀ ਦਲੀਲ ਦੇ ਕੇ ਭੁਲੇਖਾ ਲੱਗ ਜਾਣ ਦੀ ਸਫਾਈ ਦਿੱਤੀ, ਪਰ ਜਦੋਂ ਇਸ ਸਭ ਦੇ ਨਿਤਾਰੇ ਲਈ ਵੀਡੀਓ ਰਿਕਾਰਡਿੰਗ ਦੇਖੀ ਗਈ ਤਾਂ ਸਾਰਾ ਮਾਮਲਾ ਸਾਫ ਹੋ ਗਿਆ। ਪਾਠ ਕਰਦਿਆਂ ਗ੍ਰੰਥੀ ਸਿੰਘ 49 ਪੰਨੇ ਅੱਗੇ ਪਹੁੰਚ ਗਏ ਸਨ। ਅਖੰਡ ਪਾਠ ਦੌਰਾਨ ਉਹ ਪੰਨਾ 1033 ਦਾ ਪਾਠ ਕਰ ਰਹੇ ਸਨ ਅਤੇ ਇੱਕ ਪੰਨਾ ਪਲਟਾਉਣ ਦੀ ਥਾਂ ਇੱਕੋ ਵਾਰ ਕਈ ਪੰਨੇ ਪਲਟ ਕੇ ਪੰਨਾ 1082 ਉਤੇ ਪਹੁੰਚ ਗਏ। ਜਾਣਕਾਰੀ ਅਨੁਸਾਰ ਭਾਈ ਅਮਰੀਕ ਸਿੰਘ ਗੁਰੂ ਘਰ ਵਿਖੇ ਪਿਛਲੇ ਕਰੀਬ 16 ਸਾਲਾਂ ਤੋਂ ਸੇਵਾ ਨਿਭਾਅ ਰਹੇ ਹਨ, ਪਰ ਉਨ੍ਹਾਂ ਵੱਲੋਂ ਅਜਿਹਾ ਕੀਤੇ ਜਾਣ ਨਾਲ ਸੰਗਤ ਦੇ ਇੱਕ ਹਿੱਸੇ ਵਿੱਚ ਕਾਫੀ ਨਿਰਾਸ਼ਾ ਹੈ। ਦੂਜੇ ਪਾਸੇ ਕਮੇਟੀ ਦੇ ਪ੍ਰਧਾਨ ਅਨੁਸਾਰ ਭਾਈ ਸਾਹਿਬ ਗੁਰਬਾਣੀ ਦੇ ਗਿਆਤਾ ਹਨ ਅਤੇ ਉਨ੍ਹਾਂ ਦਾ ਸੰਗਤ ਵਿੱਚ ਕਿਰਦਾਰ ਉਚਾ ਤੇ ਸਤਿਕਾਰਯੋਗ ਹੈ।

ਜਦੋਂ ਮਾਮਲਾ ਹੋਰ ਕਮੇਟੀ ਮੈਂਬਰਾਂ ਅਤੇ ਸੰਗਤ ਦੇ ਕੁਝ ਮੈਂਬਰਾਂ ਦੇ ਧਿਆਨ ਵਿੱਚ ਆ ਗਿਆ ਤਾਂ ਇਸ ਸਬੰਧੀ ਹੋਈਆਂ ਬੈਠਕਾਂ ਵਿੱਚ ਗ੍ਰੰਥੀ ਸਿੰਘ ਤੋਂ ਮੁਆਫੀਨਾਮਾ ਅਤੇ ਅਸਤੀਫਾ ਲੈ ਲਏ ਜਾਣ 'ਤੇ ਸਹਿਮਤੀ ਬਣੀ, ਪਰ ਬਾਅਦ ਵਿੱਚ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਇਸ ਨੂੰ ਕਿਸੇ ਤਰੀਕੇ ਨਜਿੱਠਣ ਦੀਆਂ ਚਾਰਾਜੋਈਆਂ ਸ਼ੁਰੂ ਹੋ ਗਈਆਂ। ਇਸ ਮਾਮਲੇ ਵਿੱਚ ਗ੍ਰੰਥੀ ਸਿੰਘ ਨੂੰ ਇੱਕ ਮੌਕਾ ਹੋਰ ਦੇਣ ਅਤੇ ਉਸ ਦੀਆਂ ਸੇਵਾਵਾਂ ਖਤਮ ਕਰਨ ਨੂੰ ਲੈ ਕੇ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਤੇ ਸੰਗਤ ਮੈਂਬਰਾਂ ਵਿੱਚ ਮਤਭੇਦ ਉਭਰ ਆਏ ਹਨ।

ਜਾਣਕਾਰੀ ਅਨੁਸਾਰ ਇੱਕ ਧਿਰ ਇਸ ਗੱਲ ਨੂੰ ਲੈ ਕੇ ਬਜ਼ਿੱਦ ਹੈ ਕਿ ਅਕਾਲ ਤਖਤ ਤੋਂ ਜਾਰੀ ਰਹਿਤ ਮਰਿਆਦਾ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਕੋਈ ਹੋਰ ਗ੍ਰੰਥੀ ਸਿੰਘ ਇਸ ਤਰ੍ਹਾਂ ਨਾ ਕਰ ਸਕੇ, ਜਿਸ ਨਾਲ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਲੱਗਦੀ ਹੋਵੇ। ਗ੍ਰੰਥੀ ਸਿੰਘ ਨੂੰ ਧਾਰਮਿਕ ਸੇਵਾ ਲਾਉਣ ਤੋਂ ਇਲਾਵਾ ਇੱਕ ਮਹੀਨੇ ਲਈ ਮੁਅੱਤਲ ਕਰਨ ਦੀ ਮੰਗ ਵੀ ਉੱਠੀ ਸੀ। ਦੂਜੀ ਧਿਰ ਇਹ ਚਾਹ ਰਹੀ ਹੈ ਕਿ ਜੇ ਗ੍ਰੰਥੀ ਸਿੰਘ ਨੇ ਗਲਤੀ ਮੰਨ ਲਈ ਹੈ ਤਾਂ ਉਸ ਨੂੰ ਧਾਰਮਿਕ ਤਨਖਾਹ ਲਾ ਕੇ ਇੱਕ ਮੌਕਾ ਦੇ ਦਿੱਤਾ ਜਾਵੇ। ਦੱਸਿਆ ਗਿਆ ਹੈ ਕਿ ਇਸ ਕਸ਼ਮਕਸ਼ ਦੌਰਾਨ ਹੀ ਪੰਜ ਪਿਆਰਿਆਂ ਵੱਲੋਂ ਗ੍ਰੰਥੀ ਸਿੰਘ ਨੂੰ ਤਨਖਾਹੀਆ ਕਰਾਰ ਦੇਣ ਅਤੇ ਫਿਰ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਸੰਗਤ ਨੂੰ ਮਾਮਲੇ ਬਾਰੇ ਈਮੇਲ ਜਾਰੀ ਕਰਨ ਦੀ ਕਵਾਇਦ ਹੋਈ।

ਦੂਜੇ ਪਾਸੇ ਜਨਰਲ ਇਜਲਾਸ ਸੱਦਣ ਲਈ ਯਤਨਸ਼ੀਲ ਸੰਗਤ ਮੈਂਬਰਾਂ ਦੀ ਦਲੀਲ ਹੈ ਕਿ ਰਹਿਤ ਮਰਿਆਦਾ ਅਨੁਸਾਰ ਕੁਰਹਿਤ ਹੋਣ ਉਤੇ ਸਬੰਧਤ ਜ਼ਿੰਮੇਵਾਰ ਧਿਰ ਨੂੰ ਪਹਿਲਾਂ ਸੰਗਤ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਉਸ ਸਬੰਧੀ ਫੈਸਲਾ ਲੈਣ ਲਈ ਪੰਜ ਪਿਆਰੇ ਵੀ ਸੰਗਤ ਵਿੱਚੋਂ ਹੀ ਲਏ ਜਾਂਦੇ ਹਨ। ਪਟੀਸ਼ਨ ਵਾਲੀ ਧਿਰ ਦਾ ਇਹ ਵੀ ਕਹਿਣਾ ਹੈ ਕਿ ਗ੍ਰੰਥੀ ਸਿੰਘ ਦੇ ਮਾਮਲੇ ਸਬੰਧੀ ਪੰਜ ਪਿਆਰਿਆਂ ਵੱਲੋਂ ਲਏ ਫੈਸਲੇ ਉਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਇਹ ਸਾਰਾ ਮਾਮਲਾ ਕਮੇਟੀ ਦੇ ਸਾਬਕਾ ਪ੍ਰਧਾਨ ਸੋਹਣ ਸਿੰਘ ਬਿਲਕੂ ਦੇ ਧਿਆਨ ਵਿੱਚ ਵੀ ਸੀ।

ਇਸ ਮਾਮਲੇ ਸਬੰਧੀ ਸੰਪਰਕ ਕਰਨ ਉੱਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਛਪਾਲ ਸਿੰਘ ਸਹੋਤਾ ਨੇ ਕਿਹਾ ਕਿ ਗ੍ਰੰਥੀ ਸਿੰਘ ਨੂੰ ਪੰਜ ਪਿਆਰਿਆਂ ਅਤੇ ਕਮੇਟੀ ਵੱਲੋਂ ਵੱਖਰੇ ਵੱਖਰੇ ਤੌਰ 'ਤੇ ਤਨਖਾਹ (ਸੇਵਾ) ਲਾਈ ਗਈ ਹੈ ਤੇ ਭਾਈ ਸਾਹਿਬ ਇਨ੍ਹਾਂ ਨੂੰ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈ ਸਾਹਿਬ ਨੇ ਜਾਣ-ਬੁੱਝ ਕੇ ਗਲਤੀ ਕੀਤੀ ਹੈ, ਪਰ ਨਾਲ ਹੀ ਉਨ੍ਹਾਂ ਕਿਹਾ ਕਿ ਹਰ ਗਲਤੀ ਬੇਅਦਬੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਗ੍ਰੰਥੀ ਸਿੰਘ ਗਲਤੀ ਮੰਨ ਵੀ ਗਏ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸੰਵਿਧਾਨ ਵਿੱਚ ਲਿਖਿਆ ਹੋਇਆ ਹੈ ਕਿ ਜੇ ਵਿਸ਼ੇਸ਼ ਜਨਰਲ ਇਜਲਾਸ (ਆਮ ਇਜਲਾਸ ਨਹੀਂ) ਲਈ ਕੁੱਲ ਮੈਂਬਰਾਂ ਵਿੱਚੋਂ ਇੱਕ ਤਿਹਾਈ ਮੈਂਬਰ ਦਸਤਖਤ ਕਰ ਦੇਣ ਤਾਂ ਕਾਰਵਾਈ ਅਮਲ ਵਿੱਚ




ਲਿਆਂਦੀ ਜਾਂਦੀ ਹੈ।

ਪਟੀਸ਼ਨ ਕਰਤਾਵਾਂ ਅਨੁਸਾਰ ਉਨ੍ਹਾਂ ਨਾਲ ਜੁੜੇ ਸੰਗਤ ਮੈਂਬਰਾਂ ਦਾ ਮੁੱਖ ਮਕਸਦ ਜਨਰਲ ਬਾਡੀ ਦੀ ਮੀਟਿੰਗ ਬੁਲਾਏ ਜਾਣਾ ਹੈ ਤਾਂ ਜੋ ਮਾਮਲਾ ਗੁਰੂ ਘਰ ਦੀ ਸਾਰੀ ਸੰਗਤ ਦੇ ਧਿਆਨ ਵਿੱਚ ਲਿਆਂਦਾ ਜਾਵੇ ਅਤੇ ਅਗਲੇ ਕਦਮਾਂ ਬਾਰੇ ਸੰਗਤ ਦੀ ਅਹਿਮ ਰਾਏ ਲੈ ਕੇ ਭਵਿੱਖ ਵਿੱਚ ਕਥਿਤ ਤੌਰ 'ਤੇ ਅਜਿਹੀਆਂ ਕੁਤਾਹੀਆਂ ਨੂੰ ਸੰਭਾਵੀ ਤੌਰ 'ਤੇ ਰੋਕਿਆ ਜਾ ਸਕੇ। ਉਨ੍ਹਾਂ ਸਪਸ਼ਟ ਕੀਤਾ ਕਿ ਜਨਰਲ ਇਜਲਾਸ ਬੁਲਾਏ ਜਾਣ ਦਾ ਮਤਲਬ ਭਾਈ ਅਮਰੀਕ ਸਿੰਘ ਦਾ ਅਪਮਾਨ ਕਰਨਾ ਨਹੀਂ ਹੈ, ਸਗੋਂ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਰਕਰਾਰ ਰੱਖੇ ਜਾਣ ਲਈ ਸੰਗਤੀ ਰੂਪ ਵਿੱਚ ਫੈਸਲਾ ਲੈਣ ਦਾ ਹੈ। ਉਨ੍ਹਾਂ ਹੋਰ ਸਪਸ਼ਟ ਕੀਤਾ ਕਿ ਪਟੀਸ਼ਨ ਉੱਤੇ ਦਸਤਖਤ ਕਰਵਾਉਣ ਦੀ ਕਾਰਵਾਈ "ਪੰਜ ਪਿਆਰਿਆਂ ਦੇ ਰੂਪ ਵਿੱਚ ਲਏ ਫੈਸਲੇ ਦਾ" ਵਿਰੋਧ ਕਰਨਾ ਨਹੀਂ ਹੈ, ਸਗੋਂ ਮਾਮਲੇ ਨੂੰ ਪ੍ਰਸ਼ਾਸਨਿਕ ਪੱਧਰ ਉੱਤੇ ਵਿਚਾਰਿਆ ਜਾਣਾ ਹੈ ਅਤੇ ਰਹਿਤ ਮਰਿਆਦਾ ਦੀਆਂ ਤਰਮੀਮਾਂ ਉੱਤੇ ਪਹਿਰਾ ਦੇਣਾ ਹੈ। ਜਾਣਕਾਰੀ ਅਨੁਸਾਰ ਖਬਰ ਲਿਖੇ ਜਾਣ ਤੱਕ ਪਟੀਸ਼ਨ ਉਤੇ ਕਰੀਬ ਸਵਾ ਦੋ ਸੌ ਸੰਗਤ ਮੈਂਬਰਾਂ ਦੇ ਦਸਤਖਤ ਹੋ ਚੁੱਕੇ ਹਨ।

ਪਟੀਸ਼ਨ ਉਤੇ ਦਸਤਖਤ ਕਰਵਾਉਣ ਵਾਲੇ ਸੰਗਤ ਮੈਂਬਰਾਂ ਵੱਲੋਂ ਇਸ ਗੱਲ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਇਸ ਮਾਮਲੇ ਸਬੰਧੀ ਅੰਤਿਮ ਫੈਸਲਾ ਸਮੁੱਚੀ ਸੰਗਤ ਦੀ ਸਹਿਮਤੀ ਨਾਲ ਲਿਆ ਜਾਵੇ, ਜਿਸ ਲਈ ਜਨਰਲ ਇਜਲਾਸ ਸੱਦਣਾ ਜ਼ਰੂਰੀ ਹੈ। ਫਿਲਹਾਲ ਪਟੀਸ਼ਨ ਉਤੇ ਸੰਗਤ ਦੇ ਦਸਤਖਤਾਂ ਦਾ ਅਮਲ ਜਾਰੀ ਹੈ। ਕਮੇਟੀ ਪ੍ਰਧਾਨ ਰਛਪਾਲ ਸਿੰਘ ਸਹੋਤਾ ਅਨੁਸਾਰ ਦਸਤਖਤਾਂ ਵਾਲੀ ਪਟੀਸ਼ਨ ਮਿਲਣ 'ਤੇ ਪਹਿਲਾਂ ਕਮੇਟੀ ਵੱਲੋਂ ਤਸਦੀਕ ਕੀਤਾ ਜਾਵੇਗਾ ਕਿ ਸਭ ਕੁਝ ਦਰੁਸਤ ਹੈ ਕਿ ਨਹੀਂ! ਉਸ ਪਿੱਛੋਂ ਕੋਰਮ ਪੂਰਾ ਹੋਣ ਦੀ ਸੂਰਤ ਵਿੱਚ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਬੁਲਾਈ ਜਾਵੇਗੀ।

ਇੱਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਤ ਮੈਂਬਰ ਹਨ, ਜੋ ਇਸ ਸਾਲ ਦੇ ਸ਼ੁਰੂ ਵਿੱਚ ਪਰਚੀ ਕੱਢਣ ਦੀ ਵਿਧੀ ਰਾਹੀਂ ਚੁਣੇ ਗਏ ਸਨ। ਇਸ ਮਾਮਲੇ ਵਿੱਚ ਕਮੇਟੀ ਦੇ ਕੁਝ ਮੈਂਬਰ ਕਥਿਤ ਤੌਰ 'ਤੇ ਗ੍ਰੰਥੀ ਸਿੰਘ ਦੀ ਹਮਾਇਤ ਉਤੇ ਹੋਣ ਦੀ ਵੀ ਚਰਚਾ ਹੈ, ਜਦਕਿ ਪਹਿਲਾਂ ਉਹੀ ਸ਼ਖਸ ਸਬੰਧਤ ਮਾਮਲੇ ਬਾਰੇ ਹੋਈਆਂ ਬੈਠਕਾਂ ਦੌਰਾਨ ਮਰਿਆਦਾ ਨੂੰ ਧਿਆਨ ਵਿੱਚ ਰੱਖਦਿਆਂ ਗ੍ਰੰਥੀ ਸਿੰਘ ਖਿਲਾਫ ਬਣਦੀ ਕਾਰਵਾਈ ਕਰਨ ਦੇ ਵਿਚਾਰ 'ਤੇ ਸਹਿਮਤ ਸਨ। ਵੀਡੀਓ ਰਿਕਾਰਡਿੰਗ ਦੇ ਆਧਾਰ 'ਤੇ ਕਥਿਤ ਕੁਤਾਹੀ ਕਰਨ ਬਾਰੇ ਗ੍ਰੰਥੀ ਸਿੰਘ ਤੋਂ ਗਲਤੀਨਾਮਾ ਲਿਖਾਉਣ ਅਤੇ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਲੈਣ ਦੀ ਵੀ ਵਿਚਾਰ ਹੋਈ ਸੀ।

ਗਲਤੀ ਮੰਨ ਲਏ ਜਾਣ 'ਤੇ ਸੰਗਤ ਵਿੱਚ ਮਾੜਾ ਪ੍ਰਭਾਵ ਜਾਣ ਦੇ ਡਰੋਂ ਗ੍ਰੰਥੀ ਸਿੰਘ ਨੂੰ ਪਹਿਲਾਂ ਸਿਰਫ ਕੀਰਤਨ ਕਰਨ ਦੀ ਆਗਿਆ ਹੀ ਦਿੱਤੀ ਗਈ ਸੀ, ਪਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣ ਤੋਂ ਵਰਜਿਆ ਗਿਆ ਸੀ। ਗ੍ਰੰਥੀ ਸਿੰਘ ਨੂੰ ਅਖੰਡ ਪਾਠ ਕਰਵਾਉਣ ਵਾਲੇ ਪਰਿਵਾਰ ਤੋਂ ਮੁਆਫੀ ਮੰਗਣ ਅਤੇ ਦੋ ਸਹਿਜ ਪਾਠ ਕਰਨ- ਇੱਕ ਪਰਿਵਾਰ ਦੇ ਘਰ ਅਤੇ ਦੂਜਾ ਸਹਿਜ ਪਾਠ ਗੁਰਦੁਆਰਾ ਸਾਹਿਬ ਵਿਖੇ ਕਰਨ ਦਾ ਫੈਸਲਾ ਸੁਣਾਇਆ ਗਿਆ। ਤਨਖਾਹ ਦੇ ਰੂਪ ਵਿੱਚ ਹੋਰ ਸੇਵਾ ਵੀ ਲਾਈ ਗਈ। ਸੰਗਤ ਦੇ ਕੁਝ ਮੈਂਬਰਾਂ ਵੱਲੋਂ ਇਸ ਮਾਮਲੇ 'ਤੇ ਲਏ ਗਏ ਫੈਸਲੇ ਉੱਤੇ ਅਸਹਿਮਤੀ ਪ੍ਰਗਟਾਉਂਦਿਆਂ ਜਨਰਲ ਇਜਲਾਸ ਸੱਦਣ ਲਈ ਪਟੀਸ਼ਨ ਉੱਤੇ ਦਸਤਖਤ ਕਰਵਾਏ ਜਾਣ ਦੀ ਕਵਾਇਦ ਸ਼ੁਰੂ ਹੋਈ।

ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਚਰਨਜੀਤ ਸਿੰਘ ਸੋਹਲ ਨੇ ਕਿਹਾ ਕਿ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਗ੍ਰੰਥੀ ਸਿੰਘ ਦੇ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਨਾਲ ਉਹ ਸਹਿਮਤ ਨਹੀਂ ਹਨ, ਕਿਉਂਕਿ ਸਾਰੇ ਕਮੇਟੀ ਮੈਂਬਰਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ ਸੀ। ਉਨ੍ਹਾਂ ਇਸ ਗੱਲ ਉਤੇ ਇਤਰਾਜ਼ ਜਤਾਇਆ ਹੈ ਕਿ ਕਮੇਟੀ ਦੇ ਕੁਝ ਮੋਹਰੀਆਂ ਵੱਲੋਂ ਉਨ੍ਹਾਂ (ਸੋਹਲ) ਨੂੰ ਸਟੇਜ ਤੋਂ ਆਪਣੀ ਗੱਲ ਨਹੀਂ ਰੱਖਣ ਦਿੱਤੀ ਗਈ। ਉਨ੍ਹਾਂ ਸਪਸ਼ਟ ਕਿਹਾ ਕਿ ਉਹ ਜਨਰਲ ਇਜਲਾਸ ਲਈ ਪਟੀਸ਼ਨ ਉਤੇ ਦਸਤਖਤ ਕਰਵਾ ਰਹੇ ਸੰਗਤ ਮੈਂਬਰਾਂ ਨੂੰ ਪੂਰਾ ਸਹਿਯੋਗ ਦੇਣਗੇ। ਚਰਚਾ ਅਨੁਸਾਰ ਪੰਜ ਪਿਆਰਿਆਂ ਵਿੱਚ ਸ਼ਾਮਲ ਸੰਗਤ ਦੇ ਤਿੰਨ ਵਿੱਚੋਂ ਇੱਕ ਮੈਂਬਰ ਹਰਵਿੰਦਰ ਸਿੰਘ ਢਿੱਲੋਂ ਨੂੰ ਸਾਰੇ ਮਾਮਲੇ ਦੀ ਅਸਲ ਜਾਣਕਾਰੀ ਮੌਕੇ ਉਤੇ ਹੀ ਹੋਈ, ਕਿਉਂਕਿ ਪੰਜ ਪਿਆਰਿਆਂ ਵਿੱਚ ਦੋ ਕਮੇਟੀ ਮੈਂਬਰ ਅਤੇ ਤਿੰਨ ਮੈਂਬਰ ਸੰਗਤ ਵਿੱਚੋਂ ਲਏ ਸਨ।

ਮਾਮਲਾ ਭਖਦਾ ਦੇਖ ਕੇ ਇਸ ਬਾਰੇ ਗੁਰੂ ਘਰ ਦੀ ਸਟੇਜ ਤੋਂ ਹਾਜ਼ਰ ਸੰਗਤ ਨੂੰ ਜਾਣੂ ਕਰਵਾਇਆ ਗਿਆ। ਇਸ ਸਬੰਧੀ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸੰਗਤ ਨੂੰ ਇੱਕ ਈਮੇਲ ਵੀ ਜਾਰੀ ਕੀਤੀ ਗਈ ਹੈ, ਜਿਸ ਵਿੱਚ ਮਾਮਲੇ ਬਾਰੇ ਵੇਰਵਾ ਲਿਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਰਛਪਾਲ ਸਿੰਘ ਸਹੋਤਾ ਕਮੇਟੀ ਦੇ ਪ੍ਰਧਾਨ ਹਨ, ਜਦਕਿ ਕਮਲ ਸਿੰਘ ਸਕੱਤਰ ਤੇ ਗੁਰਬੀਰ ਸਿੰਘ ਖਜ਼ਾਨਚੀ ਹਨ।

## ਪੰਜਾਬ ਦੇ 25 ਲੱਖ ਲੋਕ ਨਸ਼ੇ ਦੀ ਲਪੇਟ ਵਿਚ

ਜ਼ਿਆਦਾ ਚਿੰਤਾਜਨਕ ਹੈ। 2022-2023 ਵਿਚਕਾਰ ਇਨ੍ਹਾਂ ਜ਼ਿਲ੍ਹਿਆਂ ਵਿੱਚ 235 ਲੋਕ ਨਸ਼ੇ ਕਾਰਨ ਆਪਣੀ ਜਾਨ ਗੁਆ ਚੁੱਕੇ ਹਨ। 2022 ਵਿੱਚ ਮੋਗਾ, ਫਿਰੋਜ਼ਪੁਰ ਅਤੇ ਬਠਿੰਡਾ ਵਿੱਚ ਕ੍ਰਮਵਾਰ 37, 35, 22 ਲੋਕਾਂ ਦੀ ਮੌਤ ਨਸ਼ੇ ਦੀ ਓਵਰ ਡੋਜ਼ ਨਾਲ ਹੋਈ। ਸਾਲ 2023 ਵਿੱਚ ਇਨ੍ਹਾਂ ਹੀ ਜ਼ਿਲ੍ਹਿਆਂ ਵਿੱਚ ਕ੍ਰਮਵਾਰ 10, 21, 10 ਲੋਕਾਂ ਦੀ ਮੌਤ ਹੋਈ। ਪਿਛਲੇ ਇੱਕ ਸਾਲ ਵਿੱਚ ਤਰਨਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ 42 ਦੇ ਕਰੀਬ ਲੋਕਾਂ ਦੀਆਂ ਮੌਤਾਂ ਹੋਈਆਂ ਹਨ। ਇਹ ਸਾਰਾ ਕੁਝ ਪੰਜਾਬ ਸਰਕਾਰ ਦੇ ਇਨ੍ਹਾਂ ਦਾਵਿਆਂ ਦੇ ਐਨ ਵਿਚਕਾਰ ਹੋ ਰਿਹਾ ਹੈ, ਜਦੋਂ ਆਖਿਆ ਜਾ ਰਿਹਾ ਹੈ ਕਿ 5 ਜੁਲਾਈ 2022 ਤੋਂ ਹੁਣ ਤੱਕ 3003 ਵੱਡੇ ਸਮਗਲਰਾਂ ਸਮੇਤ ਕੁੱਲ 20979 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਦੇ ਸਰਕਾਰੀ ਅੰਕੜਿਆਂ ਅਨੁਸਾਰ ਇਸ ਸਮੇਂ ਦੌਰਾਨ 15434 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 1864 ਵਪਾਰਕ ਤਸਕਰੀ ਨਾਲ ਸਬੰਧਤ ਹਨ। ਪੁਲਿਸ ਨੇ ਸੂਬਾ ਭਰ ਦੇ ਨਸ਼ਾ ਪ੍ਰਭਾਵਤ ਇਲਾਕਿਆਂ ਵਿੱਚ ਮੁਹਿੰਮਾਂ ਚਲਾ ਕੇ 1510.55 ਕਿਲੋਗਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਪੁਲਿਸ ਨੇ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ 147.5 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਦੇ ਸਿੱਟੇ ਵਜੋਂ 15 ਮਹੀਨਿਆਂ ਵਿੱਚ 1658.05 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਹੈਰੋਇਨ ਦੀ ਇਸ ਬਰਾਮਦਗੀ ਤੋਂ ਇਲਾਵਾ ਪੰਜਾਬ ਵਿੱਚੋਂ 924.29 ਕਿੱਲੋ ਅਫੀਮ, 986.06 ਕਿੱਲੋ ਗਾਂਜਾ, 470.91 ਕੁਇੰਟਲ ਭੁੱਕੀ ਅਤੇ 92.03 ਲੱਖ ਗੋਲੀਆਂ, ਟੀਕੇ ਅਤੇ ਸ਼ੀਸ਼ੀਆਂ ਬਰਾਮਦ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪਿਛਲੇ ਪੰਦਰਾਂ ਮਹੀਨਿਆਂ ਵਿੱਚ 15.81 ਕਰੋੜ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਗਈ ਹੈ। ਇਵੇਂ ਹੀ ਪਿਛਲੇ ਪੰਦਰਾਂ ਮਹੀਨਿਆਂ ਵਿੱਚ 111 ਵੱਡੇ ਤਸਕਰਾਂ ਦੀਆਂ 88.3 ਕਰੋੜ ਰੁਪਏ ਦੀਆਂ ਜਾਇਦਾਦਾਂ ਵੀ ਜਬਤ ਕੀਤੀਆਂ ਗਈਆਂ ਹਨ। ਪੰਜਾਬ ਅਤੇ ਭਾਰਤ ਸਰਕਾਰ ਅਨੁਸਾਰ ਇਰਾਨ, ਅਫਗਾਨਿਸਤਾਨ ਅਤੇ ਪਾਕਿਸਤਾਨ ਹੈਰੋਇਨ ਤੇ ਹੋਰ ਸਿੰਥੈਟਿਕ ਨਸ਼ਿਆਂ ਦੇ ਮੁੱਖ ਸਪਲਾਇਰ ਦੇਸ਼ ਹਨ। ਜਿਸ ਰਸਤੇ ਨਸ਼ਾ ਆਉਂਦਾ ਹੈ, ਉਸ ਨੂੰ ਗੋਲਡਨ ਕ੍ਰੇਸੈਂਟ ਦਾ ਨਾਂ ਦਿੱਤਾ ਜਾਂਦਾ ਹੈ। ਉਂਝ ਰਾਜਸਥਾਨ ਦੀ ਸਰਹੱਦ ਵੀ ਪਾਕਿਸਤਾਨ ਨਾਲ ਲੱਗਦੀ ਹੈ। ਸਵਾਲ ਉਠਦਾ ਹੈ ਕਿ ਪਾਕਿਸਤਾਨ ਤੋਂ ਨਸ਼ਾ ਰਾਜਸਥਾਨ ਵਿੱਚ ਕਿਉਂ ਨਹੀਂ ਪਹੁੰਚਦਾ? ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਰਾਜਸਥਾਨ ਅਤੇ ਮੱਧ ਪ੍ਰਦੇਸ਼ ਜਿਹੇ ਰਾਜਾਂ ਵਿੱਚ ਅਫੀਮ ਅਤੇ ਡੋਡਿਆਂ ਆਦਿ 'ਤੇ ਬੈਨ ਨਹੀਂ ਹੈ। ਬਹੁਤੀ ਅਫੀਮ, ਡੋਡੇ ਇਨ੍ਹਾਂ ਰਾਜਾਂ ਵੱਲੋਂ ਪੰਜਾਬ ਵਿੱਚ ਆਉਂਦੇ ਹਨ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਪਟਿਆਲਾ ਤੋਂ 'ਆਪ' ਦੀ ਸੀਟ ਉਪਰ ਜਿੱਤੇ ਪਾਰਲੀਮੈਂਟ ਮੈਂਬਰ ਧਰਮਵੀਰ ਗਾਂਧੀ ਨੇ ਅਫੀਮ ਅਤੇ ਭੰਗ ਨੂੰ ਪਾਬੰਦੀ ਤੋਂ ਮੁਕਤ ਕਰਨ ਲਈ ਕਿਹਾ ਸੀ। ਉਨ੍ਹਾਂ ਅਨੁਸਾਰ ਅਫੀਮ, ਭੰਗ ਅਤੇ ਡੋਡਿਆਂ ਦਾ ਨਸ਼ਾ ਉਨਾ ਖਤਰਨਾਕ ਨਹੀਂ, ਜਿੰਨੇ ਨਵੇਂ ਕੈਮੀਕਲ ਨਸ਼ੇ ਖਤਰਨਾਕ ਹਨ। ਇਨ੍ਹਾਂ ਨੂੰ ਇੱਕ ਵਾਰ ਲੱਗਾ ਬੰਦਾ ਸਿੱਧਾ ਮੌਤ ਦੇ ਮੂੰਹ ਵਿੱਚ ਜਾਂਦਾ ਹੈ। ਉਨ੍ਹਾਂ ਪੰਜਾਬ ਵਿੱਚ ਅਫੀਮ ਦੀ ਖੇਤੀ ਦੀ ਵੀ ਵਕਾਲਤ ਕੀਤੀ ਸੀ। ਧਰਮਵੀਰ ਗਾਂਧੀ ਅਨੁਸਾਰ ਇਸ ਨਾਲ ਇੱਕ ਪਾਸੇ ਤਾਂ ਪੰਜਾਬ ਵਿੱਚ ਕੈਮੀਕਲ ਨਸ਼ਿਆਂ ਦੀ ਮਾਰ ਘਟੇਗੀ, ਦੂਜੇ ਪਾਸੇ ਪੰਜਾਬ ਦੇ ਕਿਸਾਨਾਂ ਨੂੰ ਭਰਵੀਂ ਆਮਦਨ ਹੋਣੀ ਸ਼ੁਰੂ ਹੋਵੇਗੀ।

## ਬੱਸ ਵਿੱਚ ਸਿਗਰਟ ਪੀਣ 'ਤੇ ਪੰਦਰਾਂ ਹਜ਼ਾਰ ਦਾ ਜ਼ੁਰਮਾਨਾ

ਜਨਤਕ ਥਾਂਵਾਂ 'ਤੇ ਸਿਗਰਟ ਪੀਣਾ ਕਾਨੂੰਨੀ ਅਪਰਾਧ ਹੈ। ਇਸ 'ਤੇ ਛੋਟੇ ਮੋਟੇ ਜ਼ੁਰਮਾਨੇ ਦੀ ਵੀ ਤਜਵੀਜ਼ ਹੈ। ਹਰਿਆਣਾ ਸਟੇਟ ਟਰਾਂਸਪੋਰਟ ਦੇ ਡਰਾਈਵਰਾਂ ਵੱਲੋਂ ਸਿਗਰਟ ਪੀਣ 'ਤੇ ਅਸ਼ੋਕ ਕੁਮਾਰ ਪਰਜਾਪਤੀ ਵੱਲੋਂ ਜ਼ਿਲ੍ਹਾ ਖਪਤਕਾਰ ਕਮਿਸ਼ਨ ਵਿੱਚ ਤਿੰਨ ਵੱਖ-ਵੱਖ ਕੇਸ ਕਰ ਦਿੱਤੇ ਗਏ। ਇਸ 'ਤੇ ਫੈਸਲਾ ਦਿੰਦਿਆਂ ਖਪਤਕਾਰ ਕਮਿਸ਼ਨ ਨੇ ਸ਼ਿਕਾਇਤ ਕਰਨ ਵਾਲੀ ਸਵਾਰੀ ਨੂੰ ਹਰ ਕੇਸ ਵਿੱਚ 5-5 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ। ਇਸ ਤਰ੍ਹਾਂ ਬੱਸਾਂ ਵਿੱਚ ਸਿਗਰਟ ਪੀਣ ਕਾਰਨ ਹਰਿਆਣਾ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਨੂੰ 15 ਹਜ਼ਾਰ ਰੁਪਏ ਜ਼ੁਰਮਾਨਾ ਭੁਗਤਣਾ ਪਿਆ। ਪਰਜਾਪਤੀ ਨੇ ਦੋਸ਼ ਲਾਇਆ ਕਿ ਵੱਖ-ਵੱਖ ਮੌਕਿਆਂ 'ਤੇ ਤਿੰਨ ਬੱਸਾਂ ਵਿੱਚ ਸਫਰ ਕਰਨ ਵੇਲੇ ਸਾਥੀ ਸਵਾਰੀਆਂ ਅਤੇ ਡਰਾਈਵਰ ਕੰਡਕਟਰਾਂ ਵੱਲੋਂ ਸਿਗਰਟ ਪੀਣ ਕਰਕੇ ਉਸ ਨੂੰ ਬੇਹੱਦ ਘੁਟਣ, ਪ੍ਰੇਸ਼ਾਨੀ ਅਤੇ ਅਸੁਰੱਖਿਆ ਦਾ ਸਾਹਮਣਾ ਕਰਨਾ ਪਿਆ। ਇਹ ਫੈਸਲਾ ਜਸਟਿਸ ਸੁਦੀਪ ਆਹਲੂਵਾਲੀਆ ਵੱਲੋਂ 17 ਅਕਤੂਬਰ ਨੂੰ ਦਿੱਤਾ ਗਿਆ।

# ਬਲਵਿੰਦਰ ਕੌਰ ਦੀ ਖੁਦਕੁਸ਼ੀ ਬਣੀ ਪੰਜਾਬ ਸਰਕਾਰ ਲਈ ਸਮੱਸਿਆ

ਪੰਜਾਬੀ ਪਰਵਾਜ਼ ਬਿਊਰੋ

ਹਰ ਆਏ ਦਿਨ ਪੰਜਾਬ ਦੀ 'ਆਪ' ਸਰਕਾਰ ਨਵੇਂ-ਨਵੇਂ ਵਿਵਾਦਾਂ ਦੇ ਘੇਰੇ ਵਿੱਚ ਘਿਰਦੀ ਜਾ ਰਹੀ ਹੈ। ਹਾਲੇ ਐਸ.ਵਾਈ.ਐਲ. ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੀ ਭੂਮਿਕਾ, ਗੈਰ-ਕਾਨੂੰਨੀ ਖਣਨ ਵਿਵਾਦ ਅਤੇ ਲਗਾਤਾਰ ਵਧ ਰਹੇ ਨਸ਼ਿਆਂ ਦੇ ਪਸਾਰੇ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖਿਲਾਫ ਚਰਚੇ ਚੱਲ ਹੀ ਰਹੇ ਸਨ ਕਿ ਹੁਣ ਸਿੱਖਿਆ ਮੰਤਰੀ ਖਿਲਾਫ ਉਨ੍ਹਾਂ ਦੇ ਪਿੰਡ ਗੰਭੀਰਪੁਰ ਵਿੱਚ 60 ਦਿਨਾਂ ਤੋਂ ਧਰਨਾ ਦੇ ਰਹੇ ਬਰਖਾਸਤ ਅਸਿਸਟੈਂਟ ਪ੍ਰੋਫੈਸਰਾਂ ਵਿੱਚੋਂ ਇੱਕ ਬਲਵਿੰਦਰ ਕੌਰ ਵੱਲੋਂ ਖੁਦਕੁਸ਼ੀ ਕਰ ਲਏ ਜਾਣ ਦੇ ਮਾਮਲੇ ਨੇ ਤੂਲ ਫੜ ਲਈ ਹੈ। ਯਾਦ ਰਹੇ, ਇੱਕ ਲਕੀਰਦਾਰ ਪੰਨੇ ਦੇ ਸੁਸਾਇਡ ਨੋਟ 'ਤੇ ਆਪਣੇ ਖੂਨ ਨਾਲ ਅੰਗੂਠੇ ਲਗਾ ਕੇ ਅਤੇ ਇੱਕ ਵੋਇਸ ਮੈਸੇਜ ਛੱਡ ਕੇ ਬਲਵਿੰਦਰ ਕੌਰ ਨੇ ਰੋਪੜ ਵਿਖੇ ਬੀਤੇ ਸ਼ਨਿਚਰਵਾਰ ਸਰਹਿੰਦ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ। ਪੁਲਿਸ ਵੱਲੋਂ ਲਗਾਤਾਰ ਭਾਲ ਪਿੱਛੋਂ ਬੀਤੇ ਸੋਮਵਾਰ ਦੁਪਹਿਰ ਬਾਅਦ ਉਸ ਦੀ ਲਾਸ਼ ਬਰਾਮਦ ਕਰ ਲਈ ਗਈ। ਉਸ ਦੀ ਲਾਸ਼ ਰੋਪੜ ਦੇ ਬਾਈਪਾਸ ਪੁਲ ਨੇੜਿਉਂ ਝਾੜੀਆਂ ਵਿੱਚ ਫਸੀ ਮਿਲੀ। ਬਲਵਿੰਦਰ ਕੌਰ ਦੀ ਲਾਸ਼ ਰੋਪੜ ਦੇ ਸਿਵਲ ਹਸਪਤਾਲ ਦੇ ਮੁਰਦਾ ਘਰ ਵਿੱਚ ਰੱਖੀ ਗਈ ਹੈ।

'1158 ਸਹਾਇਕ ਪ੍ਰੋਫੈਸਰ ਤੇ ਲਾਇਬਰੇਰੀਅਨ ਸਰਕਾਰੀ ਕਾਲਜ ਫਰੰਟ' ਵਲੋਂ ਬਲਵਿੰਦਰ ਦੀ ਆਖਰੀ ਇੱਛਾ ਅਨੁਸਾਰ ਉਸ ਦੀ ਲਾਸ਼ ਇੱਕ ਦਿਨ ਲਈ ਫਰੰਟ ਨੂੰ ਦੇਣ ਦੀ ਮੰਗ ਕੀਤੀ ਗਈ, ਪਰ ਪੁਲਿਸ ਨੇ ਲਾਸ਼ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਰਕਾਰ ਵਲੋਂ ਸਿਵਲ ਹਸਪਤਾਲ ਰੋਪੜ ਵਿੱਚ ਵੱਡੀ ਪੱਧਰ 'ਤੇ ਪੁਲਿਸ ਤਾਇਨਾਤ ਕਰ ਦਿੱਤੀ ਗਈ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਲਵਿੰਦਰ ਕੌਰ ਦੇ ਇੱਕ ਚਚੇਰੇ ਭਰਾ ਦੇ ਕਹਿਣ 'ਤੇ ਪੁਲਿਸ ਨੇ ਬਲਵਿੰਦਰ ਦੇ ਸਹੁਰਾ ਪਰਿਵਾਰ ਖਿਲਾਫ ਤੰਗ ਪ੍ਰੇਸ਼ਾਨ ਕਰਨ ਦਾ ਕੇਸ ਦਰਜ ਕਰ ਲਿਆ ਸੀ, ਪਰ ਬਾਅਦ ਖੁਦਕਸ਼ੀ ਨੋਟ ਸਾਹਮਣੇ ਆਉਣ ਅਤੇ ਵੋਇਸ ਮੈਸੇਜ ਵਿੱਚ ਆਪਣੀ ਆਖਰੀ ਇੱਛਾ ਦਾ ਪ੍ਰਗਟਾਵਾ ਸਾਹਮਣੇ ਆਉਣ ਤੋਂ ਬਾਅਦ ਪੇਕਾ ਪਰਿਵਾਰ ਵਲੋਂ ਆਪਣਾ ਬਿਆਨ ਅਤੇ ਕੇਸ ਵਾਪਸ ਲੈ ਲਿਆ ਗਿਆ ਹੈ।

ਆਪਣੇ ਸੁਸਾਇਡ ਨੋਟ ਵਿੱਚ ਬਲਵਿੰਦਰ ਕੌਰ ਨੇ ਦੋ ਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਨਾਮ ਲਿਖ ਕੇ ਉਸ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ ਹੈ। ਉਸ ਨੇ ਲਿਖਿਆ ਕਿ ਨੌਕਰੀ ਚਲੀ ਜਾਣ ਕਾਰਨ ਉਸ ਨੂੰ ਦੋ ਵਾਰ ਗਰਭਪਾਤ ਕਰਵਾਉਣਾ ਪਿਆ। ਉਸ ਨੇ ਲਿਖਿਆ, ਮੇਰੇ ਬੱਚੇ ਦੀ ਮੌਤ ਲਈ ਵੀ ਸਿੱਖਿਆ ਮੰਤਰੀ ਬੈਂਸ ਜ਼ਿੰਮੇਵਾਰ ਹੈ। ਇਸ ਮਾਮਲੇ ਨੂੰ ਲੈ ਕੇ ਸਾਰੀਆਂ ਵਿਰੋਧੀ ਪਾਰਟੀਆਂ ਵੀ ਸਰਕਾਰ ਖਿਲਾਫ ਸਰਗਰਮ ਹੋ ਗਈਆਂ ਹਨ।

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਸਾਬਕਾ ਸਿੱਖਿਆ ਮੰਤਰੀ ਅਤੇ ਸਿਟਿੰਗ ਐਮ.ਐਲ.ਏ. ਪ੍ਰਗਟ ਸਿੰਘ ਨੇ ਵੀ ਹਰਜੋਤ ਬੈਂਸ ਖਿਲਾਫ ਕੇਸ ਦਰਜ ਕਰਨ ਦੀ ਮੰਗ ਉਠਾਈ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਹ ਸਿਰਫ ਬਲਵਿੰਦਰ ਕੌਰ ਦਾ ਕੇਸ ਨਹੀਂ, ਸਾਡੇ ਬਹੁਤੇ ਬੱਚੇ ਇਸ ਕਿਸਮ ਦੀ ਮਾਨਸਿਕ ਹਾਲਤ ਵਿੱਚ ਹੀ ਜੀ ਰਹੇ ਹਨ। ਇਸ ਦੌਰਾਨ ਅਕਾਲੀ ਆਗੂ ਤਾਂ ਰੋਪੜ ਦੇ ਥਾਣਾ ਸਿਟੀ ਅੱਗੇ ਧਰਨਾ ਲਾ ਕੇ ਬੈਠ ਗਏ। ਉਨ੍ਹਾਂ ਕਿਹਾ ਕਿ ਉਹ ਉਦੋਂ ਤੱਕ ਇੱਥੇ ਹੀ ਬੈਠਣਗੇ, ਜਦੋਂ ਤੱਕ ਸੁਸਾਇਡ ਨੋਟ ਅਨੁਸਾਰ ਹਰਜੋਤ ਸਿੰਘ ਬੈਂਸ ਖਿਲਾਫ ਕੇਸ ਦਰਜ ਨਹੀਂ ਹੋ ਜਾਂਦਾ। ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਸੁਸਾਇਡ ਨੋਟ ਮ੍ਰਿਤਕ ਦੀ ਡਾਈਂਗ ਡੈਕਲੇਰੇਸ਼ਨ ਹੁੰਦਾ ਹੈ। ਡਾਈਂਗ ਡੈਕਲੇਰੇਸ਼ਨ ਦੋਸ਼ੀ ਖਿਲਾਫ ਪੱਕਾ ਤੇ ਅੰਤਿਮ ਸਬੂਤ ਮੰਨੀ ਜਾਂਦੀ ਹੈ। ਅਜਿਹੇ ਕੇਸਾਂ ਵਿੱਚ ਕਿਸੇ ਪ੍ਰਾਈਵੇਟ ਗਵਾਹੀ ਦੀ ਵੀ ਲੋੜ ਨਹੀਂ ਹੁੰਦੀ। ਯਾਦ ਰਹੇ, ਇਸ ਤੋਂ ਪਹਿਲਾਂ ਰੇਤ ਦੇ ਨਾਜਾਇਜ਼ ਖਣਨ ਵਿੱਚ ਵੀ ਸਿੱਖਿਆ ਮੰਤਰੀ ਬੈਂਸ ਦਾ ਨਾਂ ਚਰਚਾ ਵਿੱਚ ਹੈ।

ਬਲਵਿੰਦਰ ਕੌਰ ਦੀ ਲਾਸ਼ ਮਿਲਣ ਤੋਂ ਬਾਅਦ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਦਲਜੀਤ ਸਿੰਘ ਚੀਮਾ ਅਤੇ ਭਾਜਪਾ ਆਗੂ ਅਜੈਵੀਰ ਸਿੰਘ ਲਾਲਪੁਰਾ ਪਰਿਵਾਰ ਨੂੰ ਦਿਲਾਸਾ ਦੇਣ ਲਈ ਸਿਵਲ ਹਸਪਤਾਲ ਪੁੱਜ ਗਏ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੀ

## ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਗ੍ਰਿਫਤਾਰੀ ਦੀ ਮੰਗ

ਪਰਿਵਾਰ ਨਾਲ ਹਮਦਰਦੀ ਪਰਗਟ ਕਰਨ ਲਈ ਰੋਪੜ ਪੁੱਜੇ। ਅਕਾਲੀ ਆਗੂ ਅਮਰਜੀਤ ਸਿੰਘ ਚਾਵਲਾ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਗੁਰਿੰਦਰ ਸਿੰਘ ਗੋਗੀ ਅਤੇ ਪਰਮਜੀਤ ਸਿੰਘ ਮੱਕੜ ਆਦਿ ਵੀ ਇਸ ਮੌਕੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਡਟੇ ਹੋਏ ਸਨ। ਇੱਥੇ ਇਕੱਤਰ ਹੋਏ ਸਾਰੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮੰਤਰੀ ਮੰਡਲ ਵਿੱਚੋਂ ਫਾਰਗ ਕਰਕੇ ਉਨ੍ਹਾਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ।

ਇਸੇ ਦੌਰਾਨ ਸਮਾਜਿਕ-ਮਨੋਵਿਗਿਆਨ ਦੇ ਮਾਹਿਰਾਂ ਦਾ ਇਸ ਸਬੰਧ ਵਿੱਚ ਕਹਿਣਾ ਹੈ ਕਿ ਇਸ



ਕਿਸਮ ਦੀ ਖੁਦਕੁਸ਼ੀਆਂ ਇਸ ਤੱਥ ਦਾ ਸੁਰਾਗ ਦਿੰਦੀਆਂ ਹਨ ਕਿ ਸਮਾਜਿਕ ਹਾਲਤ ਬੇਹੱਦ ਮਾੜੀ ਹੈ। ਇੱਕ ਸੁਸਾਇਡ ਇਕੱਲਾ ਮਨੋਵਿਗਿਆਨਕ ਵਿਕਾਰ ਜਾਂ ਦਬਾਅ ਦਾ ਸਿੱਟਾ ਨਹੀਂ ਹੁੰਦਾ, ਇਹ ਸਮਾਜਿਕ ਘਟਨਾਕ੍ਰਮ ਤੇ ਵਰਤਾਰਾ ਹੈ। ਇਸ ਆਪਣੀਆਂ ਸਮਾਜਿਕ, ਵਿਦਿਅਕ ਅਤੇ ਆਰਥਿਕ ਸੰਸਥਾਵਾਂ ਬਾਰੇ ਵਿਆਪਕ ਪੜਤਾਲ ਕਰਨ ਦੀ ਲੋੜ ਹੈ।

ਯਾਦ ਰਹੇ, ਸਰਕਾਰੀ ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬਰੇਰੀਅਨ ਪਿਛਲੇ 60 ਦਿਨਾਂ ਤੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿੱਚ ਧਰਨਾ ਦੇ ਰਹੇ ਹਨ। ਬਲਵਿੰਦਰ ਕੌਰ ਵੀ ਇਨ੍ਹਾਂ ਵਿੱਚ ਸ਼ਾਮਲ ਸੀ। ਬਲਵਿੰਦਰ ਕੌਰ ਦੀ ਖੁਦਕੁਸ਼ੀ ਨਾਲ ਇਹ ਮਾਮਲਾ ਹੁਣ ਰਾਜਨੀਤਿਕ ਰੰਗਤ ਅਖਤਿਆਰ ਕਰ ਗਿਆ ਹੈ ਅਤੇ ਤਕਰੀਬਨ ਸਾਰੀਆਂ ਰਾਜਨੀਤਿਕ ਪਾਰਟੀ ਹੁਣ ਸੰਘਰਸ ਕਰ ਰਹੇ ਇਨ੍ਹਾਂ ਲਾਇਬਰੇਰੀਅਨਾਂ ਅਤੇ ਅਸਿਸਟੈਂਟ ਪ੍ਰੋਫੈਸਰਾਂ ਨਾਲ ਆ ਖਲੋਈਆਂ ਹਨ।




# ਗਾਜ਼ਾ 'ਤੇ ਹਵਾਈ ਹਮਲੇ ਤੇਜ਼, ਮੌਤਾਂ ਦੀ ਗਿਣਤੀ ਛੇ ਹਜ਼ਾਰ ਤੋਂ ਵਧੀ

**-ਊਰਜਾ ਦੀ ਘਾਟ ਕਾਰਨ ਅੱਧਿਓਂ ਵੱਧ ਹਸਪਤਾਲ ਬੰਦ ਹੋਏ**
**-ਫਰਾਂਸ ਦੇ ਰਾਸ਼ਟਰਪਤੀ ਵੱਲੋਂ ਇਜ਼ਰਾਇਲ ਦੀ ਹਮਾਇਤ**
**-ਇਜ਼ਰਾਇਲ-ਹਮਾਸ ਜੰਗ ਬਾਰੇ ਸੁਰੱਖਿਆ ਕੌਂਸਲ 'ਚ 3 ਮਤੇ ਪੇਸ਼**

ਜਸਵੀਰ ਸਿੰਘ ਸ਼ੀਰੀ

ਹਮਾਸ ਦੇ ਹਮਲੇ ਤੋਂ ਬਾਅਦ ਗਾਜ਼ਾ ਪੱਟੀ ਉੱਪਰ ਇਜ਼ਰਾਇਲ ਵੱਲੋਂ ਸ਼ੁਰੂ ਕੀਤੀ ਗਈ ਬੰਬਾਰੀ ਜਾਰੀ ਹੈ। ਗਾਜ਼ਾ ਸ਼ਹਿਰ ਦੇ ਕੁਝ ਇਲਾਕੇ ਇਸ ਬੰਬਾਰੀ ਨੇ ਥੇਹ ਵਿੱਚ ਬਦਲ ਦਿੱਤੇ ਹਨ। ਇਜ਼ਰਾਇਲ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਹਮਲਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ 6 ਹਜ਼ਾਰ ਤੋਂ ਟੱਪ ਗਈ ਹੈ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਜਦਕਿ ਹਮਾਸ ਦੇ ਹਮਲੇ ਵਿੱਚ ਮਰਨ ਵਾਲੇ ਇਜ਼ਰਾਇਲੀ ਸ਼ਹਿਰੀਆਂ ਦੀ ਗਿਣਤੀ 1400 ਤੋਂ ਉਪਰ ਹੈ।

ਇਸ ਦੌਰਾਨ 7 ਅਕਤੂਬਰ ਤੋਂ ਬਾਅਦ ਵੈਸਟ ਬੈਂਕ ਵਿੱਚ ਇਜ਼ਰਾਇਲੀ ਹਮਲਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ 100 ਤੋਂ ਪਾਰ ਹੋ ਗਈ ਹੈ। 1300 ਫਲਿਸਤੀਨੀਆਂ ਨੂੰ ਇਜ਼ਰਾਇਲੀ ਸੁਰੱਖਿਆ ਦਸਤਿਆਂ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਪਿਛਲੇ ਦਿਨਾਂ ਵਿੱਚ ਦੋ ਦੀ ਹਿਰਾਸਤ ਵਿੱਚ ਮੌਤ ਹੋ ਗਈ ਹੈ। ਉਧਰ ਇਜ਼ਰਾਇਲ ਦਾ ਕਹਿਣਾ ਕਿ ਤਕਰੀਬਨ ਸਵਾ ਦੋ ਸੌ ਲੋਕਾਂ ਨੂੰ ਹਮਾਸ ਵੱਲੋਂ ਬੰਧਕ ਬਣਾਇਆ ਗਿਆ ਹੈ। ਬੀਤੇ ਸੋਮਵਾਰ ਸ਼ਾਮ 2 ਬਜ਼ੁਰਗ ਔਰਤਾਂ ਨੂੰ ਹਮਾਸ ਵੱਲੋਂ ਅਚਨਚੇਤ ਰਿਹਾਅ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਹਮਾਸ ਵੱਲੋਂ ਦੋ ਅਮਰੀਕਨ ਨਾਗਰਿਕ, ਮਾਂ-ਧੀਅ ਨੂੰ ਰਿਹਾਅ ਕੀਤਾ ਗਿਆ ਸੀ। ਹਮਾਸ ਦਾ ਕਹਿਣਾ ਹੈ ਕਿ ਇਨ੍ਹਾਂ ਸਾਰੇ ਲੋਕਾਂ ਨੂੰ ਮਾਨਵੀ (ਹਿਊਮਨਟੇਰੀਅਨ ਗਰਾਊਂਡ) 'ਤੇ ਰਿਹਾਅ ਕੀਤਾ ਗਿਆ ਹੈ।

ਉਧਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਬੈਠਕ ਵਿੱਚ ਅਮਰੀਕਾ ਵੱਲੋਂ ਲਿਆਂਦੇ ਗਏ ਇੱਕ ਮਤੇ ਵਿੱਚ ਗਾਜ਼ਾ ਹਮਲੇ ਥੋੜ੍ਹੀ ਦੇਰ ਲਈ ਰੋਕਣ ਦੀ ਗੱਲ ਕਹੀ ਗਈ ਹੈ। ਇਸ ਲਈ ਅਮਰੀਕਾ ਵੱਲੋਂ 'ਹਿਊਮਨਟੇਰੀਅਨ ਪਾਜ਼' ਨਾਂ ਦਾ ਸ਼ਬਦ ਵਰਤਿਆ ਗਿਆ ਹੈ। ਇਸ ਬੈਠਕ ਵਿੱਚ ਦੋ ਮਤੇ ਹੋਰ ਲਿਆਂਦੇ ਗਏ ਹਨ। ਇੱਕ ਮਤਾ ਰੂਸ ਵੱਲੋਂ ਪੇਸ਼ ਕੀਤਾ ਗਿਆ, ਜਿਸ ਵਿੱਚ ਗਾਜ਼ਾ ਵਿੱਚ ਗੋਲੀਬਾਰੀ ਫੌਰੀ ਬੰਦ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਉੱਤਰੀ ਗਾਜ਼ਾ ਨੂੰ ਖਾਲੀ ਕਰਨ ਦੇ ਇਜ਼ਰਾਇਲ ਵੱਲੋਂ ਫਲਿਸਤੀਨੀ ਸ਼ਹਿਰੀਆਂ ਨੂੰ ਦਿੱਤੇ ਫਰਮਾਨ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ। ਜੌਰਡਨ ਅਤੇ ਅਰਬ ਮੁਲਕਾਂ ਵੱਲੋਂ ਲਿਆਂਦੇ ਗਏ ਇੱਕ ਹੋਰ ਮਤੇ ਵਿੱਚ ਵੀ ਰੂਸ ਵਾਲੀਆਂ ਮੰਗਾਂ ਹੀ ਦੁਹਰਾਈਆਂ ਗਈਆਂ ਹਨ। ਪਰ ਹਾਲੇ ਤੱਕ ਸੁਰੱਖਿਆ ਕੌਂਸਲ ਨੇ ਕੋਈ ਮਤਾ ਵੀ ਪਾਸ ਨਹੀਂ ਕੀਤਾ ਹੈ। ਮੱਧ-ਪੂਰਬ ਦੀ ਇਸ ਜੰਗ ਦੇ ਮਾਮਲੇ ਵਿੱਚ ਸਾਰੀ ਦੁਨੀਆਂ ਵੰਡੀ ਗਈ ਹੈ।

ਇੱਕ ਪਾਸੇ ਅਮਰੀਕਾ ਤੇ ਪੱਛਮੀ ਮੁਲਕ ਇਜ਼ਰਾਇਲ ਦਾ ਪੱਖ ਪੂਰ ਰਹੇ ਹਨ, ਦੂਜੇ ਪਾਸੇ ਚੀਨ, ਅਰਬ ਲੀਗ, ਰੂਸ, ਤੁਰਕੀ ਅਤੇ ਤੇਲ ਪੈਦਾ ਕਰਨ ਵਾਲੇ ਮੁਲਕਾਂ ਦਾ ਸੰਗਠਨ ਗਾਜ਼ਾ 'ਤੇ ਗੋਲੀਬਾਰੀ ਫੌਰੀ ਬੰਦ ਕਰਨ ਦੀ ਮੰਗ ਕਰ ਰਹੇ ਹਨ। ਤੁਰਕੀ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਹਮਾਸ ਕੋਈ ਅਤਿਵਾਦੀ ਜਥੇਬੰਦੀ ਨਹੀਂ ਹੈ, ਸਗੋਂ ਇਸ ਸੰਗਠਨ ਵਿੱਚ ਜੁੜੇ ਲੋਕ ਆਜ਼ਾਦੀ ਘੁਲਾਟੀਏ ਹਨ।



ਯਾਦ ਰਹੇ, ਅਮਰੀਕਾ ਤੋਂ ਪਹਿਲਾਂ ਬਰਾਜ਼ੀਲ ਵੱਲੋਂ ਜੰਗਬੰਦੀ ਲਈ ਇੱਕ ਮਤਾ ਲਿਆਂਦਾ ਗਿਆ ਸੀ, ਜਿਸ ਨੂੰ ਅਮਰੀਕਾ ਨੇ ਵੀਟੋ ਕਰ ਦਿੱਤਾ ਸੀ। ਅਮਰੀਕਾ ਵੱਲੋਂ ਲਿਆਂਦਾ ਗਿਆ ਨਵਾਂ ਮਤਾ ਵੀ ਪਾਸ ਨਹੀਂ ਹੋ ਸਕਿਆ। ਰੂਸ, ਚੀਨ ਅਤੇ ਕਈ ਅਰਬ ਮੁਲਕ ਮੰਗ ਕਰ ਰਹੇ ਹਨ ਕਿ ਗਾਜ਼ਾ 'ਤੇ ਇਜ਼ਰਾਇਲੀ ਹਮਲੇ ਫੌਰੀ ਰੋਕੇ ਜਾਣ। ਰੂਸ ਨੇ ਇਜ਼ਰਾਇਲੀ-ਫਲਿਸਤੀਨੀ ਜੰਗਬੰਦੀ ਨੂੰ ਲੈ ਕੇ ਖੁਦ ਵੀ ਮਤਾ ਲਿਆਂਦਾ ਹੈ। ਮੱਧ ਪੂਰਬ ਦੇ ਫੌਜੀ-ਸਿਆਸੀ ਹਾਲਾਤ ਬਾਰੇ ਮਹਿਰਾਂ ਦਾ ਆਖਣਾ ਹੈ ਕਿ ਬਰਾਜ਼ੀਲ ਅਤੇ ਅਮਰੀਕਾ ਵੱਲੋਂ ਲਿਆਂਦੇ ਗਏ ਮਤਿਆਂ ਵਾਂਗ ਹੀ ਰੂਸ ਵੱਲੋਂ ਲਿਆਂਦੇ ਗਏ ਮਤੇ ਦੇ ਵੀ ਪਾਸ ਹੋਣ ਦੇ ਆਸਾਰ ਨਹੀਂ ਹਨ। ਇਸ ਸਥਿਤੀ ਤੋਂ ਪਤਾ ਲਗਦਾ ਹੈ ਕਿ ਇਜ਼ਰਾਇਲ ਫਲਿਸਤੀਨ ਜੰਗ ਨੂੰ ਲੈ ਕੇ ਸੁਰੱਖਿਆ ਕੌਂਸਲ ਪੂਰੀ ਤਰ੍ਹਾਂ ਦੋਫਾੜ ਹੋ ਗਈ ਹੈ। ਇੱਥੋਂ ਤੱਕ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨਿਓ ਗੁਟਰੇਜ਼ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਜ਼ਰਾਇਲ 'ਤੇ ਹਮਾਸ ਦਾ ਹਮਲਾ ਖਿਲਾਅ ਵਿੱਚੋਂ ਨਹੀਂ ਪੈਦਾ ਹੋ ਗਿਆ, ਸਗੋਂ ਪਿਛਲੇ 70 ਸਾਲਾਂ ਤੋਂ ਫਲਿਸਤੀਨੀਆਂ 'ਤੇ ਹੋ ਰਹੇ ਤਸ਼ੱਦਦ ਦਾ ਸਿੱਟਾ ਹੈ। ਇਸ ਬਿਆਨ ਬਾਰੇ ਇਜ਼ਰਾਇਲ ਨੇ ਕਿਹਾ ਕਿ ਇਹ ਸਵੀਕਾਰਨਯੋਗ ਨਹੀਂ ਹੈ ਅਤੇ ਇਜ਼ਰਾਇਲੀ ਧਿਰਾਂ ਵੱਲੋਂ ਸਕੱਤਰ ਜਨਰਲ ਦੇ ਅਸਤੀਫੇ ਦੀ ਮੰਗ ਵੀ ਕੀਤੀ ਗਈ ਹੈ।

ਇਸੇ ਦਰਮਿਆਨ ਫਰਾਂਸ ਦੇ ਰਾਸ਼ਟਰਪਤੀ ਅਮੈਨੁਅਲ ਮੈਕਰਾਨ ਵੱਲੋਂ ਇਜ਼ਰਾਇਲ ਦਾ ਦੌਰਾ ਕੀਤਾ ਗਿਆ। ਉਹ ਇਥੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਮਿਲੇ ਅਤੇ ਹਮਾਸ ਖਿਲਾਫ ਜੰਗ ਵਿੱਚ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਸਲਾਮਿਕ ਜਹਾਦੀਆਂ ਵਾਂਗ ਹਮਾਸ ਵੀ ਇੱਕ ਅਤਿਵਾਦੀ ਜਥੇਬੰਦੀ ਹੈ। ਸਾਨੂੰ ਇਸ ਨੂੰ ਵੀ ਇਸਲਾਮਿਕ ਜਹਾਦੀਆਂ ਖਿਲਾਫ ਬਣੀ ਕੁਲੀਸ਼ਨ ਦੇ ਨਿਸ਼ਾਨੇ 'ਤੇ ਰੱਖਣਾ ਚਾਹੀਦਾ ਹੈ। ਇਸ ਦੌਰੇ ਦੌਰਾਨ ਵੈਸਟ ਬੈਂਕ ਦੇ ਰਮਾਲਾ ਵਿੱਚ ਉਹ ਫਲਿਸਤੀਨੀ ਦੇ ਰਾਸ਼ਟਰਪਤੀ ਮਹਿਮੂਦ ਅਬਾਸ ਨੂੰ ਵੀ ਮਿਲੇ। ਉਨ੍ਹਾਂ ਮੈਕਰੋਨ ਨੂੰ ਗਾਜ਼ਾ 'ਤੇ ਹਮਲੇ ਰੋਕਣ ਲਈ ਮੱਦਦ ਦੇਣ ਦੀ ਅਪੀਲ ਕੀਤੀ। ਅਬਾਸ ਨੇ ਕਿਹਾ ਕਿ ਇਜ਼ਰਾਇਲ ਵੱਲੋਂ ਕੀਤੇ ਜਾ ਰਹੇ ਹਵਾਈ ਹਮਲਿਆਂ ਵਿੱਚ ਵੱਡੀ ਪੱਧਰ 'ਤੇ ਆਮ ਨਾਗਰਿਕ ਮਰ ਰਹੇ ਹਨ। ਮੈਕਰੋਨ ਨੇ ਉਨ੍ਹਾਂ ਨੂੰ ਮਿਲਣ ਬਾਅਦ ਕਿਹਾ ਕਿ ਗਾਜ਼ਾ ਵਿੱਚ ਸਿਵਲ ਅਬਾਦੀ ਲਈ ਸਹਾਇਤਾ ਪਹੁੰਚਦੀ ਰਹਿਣੀ ਚਾਹੀਦੀ ਹੈ। ਅਸੀਂ ਜਮਹੂਰੀ ਨਿਜ਼ਾਮਾਂ ਦੇ ਵਾਰਸ ਹਾਂ, ਇਸ ਲਈ ਜੰਗ ਦੌਰਾਨ ਵੀ ਮਾਨਵੀ ਪੱਖ ਦਾ ਧਿਆਨ ਰੱਖਣਾ ਪਏਗਾ।

ਇਸੇ ਦੌਰਾਨ ਅਮਰੀਕਾ ਦੇ ਸੈਕਟਰੀ ਆਫ ਸਟੇਟ ਐਂਟਨੀ ਬਲਿੰਨਕਨ ਨੇ ਇਰਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਇਰਾਨ, ਇਰਾਕ ਵਿੱਚ ਸਾਡੇ ਫੌਜੀ ਟਿਕਾਣਿਆਂ 'ਤੇ ਹਮਲੇ ਕਰਵਾਉਣ ਜਾਂ ਕਰਨ ਤੋਂ ਬਾਜ਼ ਆਵੇ, ਨਹੀਂ ਤਾਂ ਇਸ ਦਾ ਤਿੱਖਾ ਤੇ ਫੈਸਲਾਕੁੰਨ ਜੁਆਬ ਦਿੱਤਾ ਜਾਵੇਗਾ। 'ਅਸੀਂ ਇਰਾਨ ਨਾਲ ਜੰਗ ਨਹੀਂ ਚਾਹੁੰਦੇ, ਪਰ ਆਪਣੀ ਸੁਰੱਖਿਆ ਕਰਨੀ ਜਾਣਦੇ ਹਾਂ।' ਬਲਿੰਕਨ ਨੇ ਕਿਹਾ।

ਇਸ ਦਰਮਿਆਨ ਹਮਾਸ ਵੱਲੋਂ ਸੋਮਵਾਰ ਦੁਪਹਿਰ ਬਾਅਦ ਦੋ ਇਜ਼ਰਾਇਲੀ ਬਜ਼ੁਰਗ ਔਰਤਾਂ ਨੂੰ ਰਿਹਾਅ ਕੀਤਾ ਗਿਆ ਹੈ। ਉਨ੍ਹਾਂ ਨੂੰ 7 ਅਕਤੂਬਰ ਵਾਲੇ ਆਪਣੇ ਹਮਲੇ ਵਿੱਚ ਹਮਾਸ ਨੇ ਅਗਵਾ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਉਸ ਨੂੰ ਇੱਕ ਮੋਟਰਸਾਈਕਲ 'ਤੇ ਗਾਜ਼ਾ ਦੇ ਅਗਿਆਤ ਥਾਂ 'ਤੇ ਲਿਜਾਇਆ ਗਿਆ। ਇਸ ਦੌਰਾਨ ਉਸ ਦੀ ਥੋੜ੍ਹੀ ਬਹੁਤ ਮਾਰ ਕੁੱਟ ਵੀ ਕੀਤੀ ਗਈ, ਪਰ ਇੱਕ ਸੁਰੰਗ ਦੇ ਲਾਗੇ ਲਿਜਾ ਕੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ। "ਇਸ ਸੁਰੰਗ ਵਿੱਚੋਂ ਦੀ ਹੋ ਕੇ ਅਸੀਂ ਵੱਡੇ ਹਾਲ ਵਿੱਚ ਦਾਖਲ ਹੋਏ। ਇਸ ਤੋਂ ਬਾਅਦ ਸਾਡੇ ਨਾਲ ਵਧੀਆ ਵਰਤਾਅ ਕੀਤਾ ਗਿਆ ਅਤੇ ਲੋੜੀਂਦੀ ਦਵਾ-ਦਾਰੂ ਵੀ ਦਿੱਤੀ ਜਾਂਦੀ ਰਹੀ। ਹਰ ਤੀਜੇ ਦਿਨ ਡਾਕਟਰ ਚੈੱਕ ਕਰਨ ਲਈ ਆਉਂਦਾ ਸੀ, ਇੱਕ ਨਰਸ ਅਟੈਂਡੈਂਟ ਰਹੀ। ਇਸ 85 ਸਾਲਾ ਔਰਤ ਨੇ ਉਸ ਨੂੰ ਮਿਸਰ ਦੇ ਬਾਰਡਰ 'ਤੇ ਛੱਡਣ ਲਈ ਆਏ ਨਕਾਬ ਪੋਸ਼ ਨਾਲ ਹੱਥ ਵੀ ਮਿਲਾਇਆ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਸ ਨੇ ਇੰਜ ਕਿਉਂ ਕੀਤਾ ਤਾਂ 85 ਸਾਲਾ ਲਿਫਸ਼ਿਟਿਜ ਨੇ ਕਿਹਾ ਕਿ ਉਨ੍ਹਾਂ ਨੇ ਸਾਡੇ ਨਾਲ ਚੰਗਾ ਵਰਤਾਅ ਕੀਤਾ। ਜਦਕਿ ਸਾਡੀ ਆਪਣੀ ਫੌਜ ਸਾਡੀ ਸੁਰੱਖਿਆ ਨਹੀਂ ਕਰ ਸਕੀ। ਹਮਾਸ ਦੇ ਹਮਲੇ ਵੇਲੇ ਸਾਨੂੰ ਹਾਲਾਤ ਦੇ ਰਹਿਮ 'ਤੇ ਛੱਡ ਦਿੱਤਾ ਗਿਆ।"

ਇਸੇ ਦੌਰਾਨ ਇੱਕ ਹੋਰ ਘਟਨਾਕ੍ਰਮ ਦੌਰਾਨ ਅਮਰੀਕਾ ਨੇ ਆਪਣੇ ਕਈ ਫੌਜੀ ਸਲਾਹਕਾਰ ਇਜ਼ਰਾਇਲ ਭੇਜੇ ਹਨ। ਅਮਰੀਕਾ ਸ਼ਾਇਦ ਗਾਜ਼ਾ ਅੰਦਰ ਸੰਭਾਵਤ ਜ਼ਮੀਨੀ ਜੰਗ ਨੂੰ ਰੋਕਣਾ ਚਾਹੁੰਦਾ ਹੈ। ਭੇਜੇ ਗਏ ਫੌਜੀ ਮਾਹਿਰਾਂ ਵਿੱਚ ਸਮੁੰਦਰੀ ਕੋਰ ਦਾ ਇੱਕ ਜਨਰਲ ਵੀ ਸ਼ਾਮਲ ਹੈ। ਸਰਕਾਰੀ ਬਿਆਨ ਅਨੁਸਾਰ ਇਹ ਸਾਰੇ ਜੰਗ ਦੀ ਰਣਨੀਤੀ ਬਣਾਉਣ ਲਈ ਇਜ਼ਰਾਇਲ ਦੀ ਮੱਦਦ ਕਰਨਗੇ। ਫੌਜੀ-ਸਿਆਸੀ ਮਾਹਿਰਾਂ ਵੱਲੋਂ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਇਜ਼ਰਾਇਲ ਗਾਜ਼ਾ ਵਿੱਚ ਜ਼ਮੀਨੀ ਫੌਜੀ ਕਾਰਵਾਈ ਦੀ ਤਿਆਰੀ ਕਰ ਰਿਹਾ ਹੈ। ਹਮਾਸ ਬਾਰੇ ਕਿਹਾ ਜਾ ਰਿਹਾ ਹੈ ਕਿ ਉਸ ਨੇ ਗਾਜ਼ਾ ਵਿੱਚ ਗੁਪਤ ਸੁਰੰਗਾਂ ਦਾ ਜਾਲ ਵਿਛਾਇਆ ਹੋਇਆ ਹੈ। ਅਮਰੀਕਾ ਦੇ ਇਹ ਫੌਜੀ ਮਾਹਿਰ ਭਾਵੇਂ ਸਿੱਧੇ ਜੰਗ ਵਿੱਚ ਸ਼ਾਮਲ ਨਹੀਂ ਹੋਣਗੇ, ਪਰ ਹਮਾਸ ਦੇ ਨੈਟਵਰਕ ਨੂੰ ਤੋੜਨ ਲਈ ਫੌਜੀ ਸਲਾਹਕਾਰਾਂ ਵਜੋਂ ਕੰਮ ਕਰਨਗੇ।

ਯਾਦ ਰਹੇ, ਹਮਾਸ ਕੋਲ ਹਾਲੇ ਵੀ 220 ਬੰਧਕ ਹਨ, ਜਿਨ੍ਹਾਂ ਵਿੱਚੋਂ ਕਈ ਅਮਰੀਕਾ ਅਤੇ ਫਰਾਂਸ ਸਮੇਤ ਹੋਰਨਾਂ ਮੁਲਕਾਂ ਦੇ ਸ਼ਹਿਰੀ ਹਨ। ਹਮਾਸ ਨੇ ਮੁਢ ਵਿੱਚ ਚਿਤਾਵਨੀ ਦਿੱਤੀ ਸੀ ਕਿ ਇਜ਼ਰਾਇਲ ਨੇ ਜੇ ਜ਼ਮੀਨੀ ਹਮਲਾ ਕੀਤਾ ਤਾਂ ਇਨ੍ਹਾਂ ਬੰਧਕਾਂ ਦੇ ਲਾਈਵ ਸਿਰ ਕਲਮ ਕੀਤੇ ਜਾਣਗੇ। ਲੱਗਦਾ ਹੈ, ਵਿਦੇਸ਼ੀ ਬੰਧਕਾਂ ਦੇ ਕਾਰਨ ਪੈ ਰਹੇ ਅੰਤਰਰਾਸ਼ਟਰੀ ਦਬਾਅ ਕਾਰਨ ਇਜ਼ਰਾਇਲ ਜ਼ਮੀਨੀ ਕਾਰਵਾਈ ਕਰਨ ਵੱਲੋਂ ਰੁਕਿਆ ਹੋਇਆ ਹੈ। ਗਾਜ਼ਾ ਵਿੱਚ ਭਾਵੇਂ ਬਾਕੀ ਅੰਤਰਰਾਸ਼ਟਰੀ ਸਹਾਇਤਾ ਤਾਂ ਪੁਜਣੀ ਸ਼ੁਰੂ ਹੋ ਗਈ ਹੈ, ਪਰ ਤੇਲ ਅਤੇ ਉਰਜਾ ਦੀ ਕਮੀ ਵੱਡੀ ਪੱਧਰ 'ਤੇ ਮਹਿਸੂਸ ਕੀਤੀ ਜਾ ਰਹੀ ਹੈ। ਤੇਲ ਹਾਲੇ ਵੀ ਇਜ਼ਰਾਇਲ ਨੇ ਗਾਜ਼ਾ ਵਿੱਚ ਦਾਖਲ ਨਹੀਂ ਹੋਣ ਦਿੱਤਾ ਹੈ। ਜਨਰੇਟਰ ਰੁਕ ਜਾਣ ਕਰਕੇ ਗਾਜ਼ਾ ਵਿੱਚ ਦੋ ਤਿਹਾਈ ਸਿਹਤ ਸਹੂਲਤਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ। ਇਸ ਦੌਰਾਨ ਇਜ਼ਰਾਇਲ ਵੱਲੋਂ ਕੀਤੇ ਜਾਣ ਵਾਲੇ ਹਵਾਈ ਹਮਲਿਆਂ ਵਿੱਚ ਜ਼ੋਰਦਾਰ ਵਾਧਾ ਹੋਇਆ ਹੈ। ਬੀਤੇ ਸੋਮਵਾਰ ਤੋਂ ਬਾਅਦ 24 ਘੰਟਿਆਂ ਵਿੱਚ 400 ਹਮਲੇ ਕੀਤੇ ਗਏ, ਜਿਨ੍ਹਾਂ ਵਿੱਚ 800 ਲੋਕਾਂ ਦੀ ਮੌਤ ਹੋਈ।

# ਨਸ਼ੇ ਅਤੇ ਗੈਰ-ਕਾਨੂੰਨੀ ਖਣਨ ਦਾ ਪ੍ਰਛਾਵਾਂ 'ਆਪ' ਸਰਕਾਰ 'ਤੇ ਪੈਣ ਲੱਗਾ

ਵਾਂਗ ਘੇਰਿਆ ਅਤੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ। ਇਸ ਕੇਸ ਨਾਲ ਨਸ਼ੇ ਦੇ ਪਸਾਰੇ ਦਾ ਮੁੱਦਾ ਇੱਕ ਵਾਰ ਫਿਰ ਪੰਜਾਬ ਦੀ ਸਿਆਸਤ ਦੇ ਕੇਂਦਰ ਵਿੱਚ ਆ ਗਿਆ।

ਫਿਰ ਤਰਨਤਾਰਨ ਖੇਤਰ ਵਿੱਚ ਨਜਾਇਜ਼ ਰੇਤ ਖਣਨ ਦਾ ਮੁੱਦਾ ਸਾਹਮਣੇ ਆਇਆ, ਜਿਸ ਵਿੱਚ ਇੱਕ 'ਆਪ' ਐਮ.ਐਲ.ਏ. ਦੇ ਰਿਸ਼ਤੇਦਾਰ ਸ਼ਾਮਲ ਸਨ। ਸਥਾਨਕ ਪੁਲਿਸ ਵਲੋਂ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਇਹ ਰੱਟਾ ਵੀ ਅਖਬਾਰਾਂ ਦੀ ਸੁਰਖੀਆਂ ਬਣ ਗਿਆ। ਹੁਣ ਇਹ ਤੱਥ ਵੀ ਚਿੱਟੇ ਦਿਨ ਵਾਂਗ ਸਾਫ ਹੋ ਗਿਆ ਕਿ ਖਣਨ ਵਿੱਚੋਂ 20,000 ਕਰੋੜ ਦੀ ਸਾਲਾਨਾ ਆਮਦਨ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਵੀ ਖਣਨ ਦੇ ਕਾਲੇ ਧੰਦੇ ਨੂੰ, ਨਾ ਸਿਰਫ ਰੋਕਣ ਵਿੱਚ ਨਾਕਾਮਯਾਬ ਰਹੀ ਸਗੋਂ ਇਸ ਦੇ ਵਿਧਾਨ ਸਭਾ ਮੈਂਬਰਾਂ ਦੇ ਇਸ ਵਿੱਚ ਸ਼ਾਮਲ ਹੋਣ ਦਾ ਸੱਚ ਵੀ ਸਾਹਮਣੇ ਆ ਗਿਆ ਹੈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ 'ਤੇ ਵੀ ਗੈਰ-ਕਾਨੂੰਨੀ ਖਣਨ ਕਰਵਾਉਣ ਦੇ ਕਥਿਤ ਦੋਸ਼ ਲੱਗੇ ਹਨ। ਉਪਰੋਕਤ ਘਟਨਾਵਾਂ ਦੱਸਦੀਆਂ ਹਨ ਕਿ ਪੌਣੇ ਕੁ ਦੋ ਸਾਲ ਦਾ ਸਮਾਂ ਬੀਤਣ ਪਿੱਛੋਂ ਹੀ 'ਕੱਟੜ ਇਮਾਨਦਾਰਾਂ ਦੀ ਸਰਕਾਰ' ਕਾਲੇ ਲੂਣ ਦੀਆਂ ਖਾਣਾਂ ਵਿੱਚ ਲੂਣ ਹੋਣ ਵੱਲ ਵਧ ਰਹੀ ਹੈ। ਇਸ ਦੇ ਬਾਵਜੂਦ ਕਿ 'ਆਪ' ਕੋਲ ਸਰਕਾਰ ਹਾਲੇ, ਅੱਧ-ਪਚੱਧੀ ਸਟੇਟ ਦਿੱਲੀ ਅਤੇ ਪੰਜਾਬ ਵਿੱਚ ਹੀ ਹੈ। ਦਿੱਲੀ ਦੇ ਤਖਤ ਦੀ ਟੀਸੀ 'ਤੇ ਪਹੁੰਚਣ ਦਾ ਪੈਂਡਾ ਹਾਲੇ ਬਹੁਤ ਦੂਰ ਹੈ; ਜਿਸ 'ਤੇ ਸਿਰਫ ਖਾਲੀ ਇਸ਼ਤਿਹਾਰ ਬਾਜ਼ੀ ਦੀ ਬੱਕੀ 'ਤੇ ਸਵਾਰ ਹੋ ਕੇ ਨਹੀਂ ਪਹੁੰਚਿਆ ਜਾਣਾ। ਇੱਕ ਨਵੀਂ ਪਾਰਟੀ ਨੂੰ ਆਪਣੇ ਪ੍ਰਚਾਰ ਨਾਲ ਮੇਲ ਖਾਂਦੀ ਕਾਰਗੁਜ਼ਾਰੀ ਦੇ ਟੈਸਟ ਵਿੱਚੋਂ ਵੀ ਗੁਜ਼ਰਨਾ ਪਵੇਗਾ, ਪਰ ਬਹੁਤ ਅਲੱੜ੍ਹ ਉਮਰ ਵਿੱਚ ਹੀ ਆਮ ਆਦਮੀ ਪਾਰਟੀ ਨੇ ਪੁਰਾਣੀਆਂ ਪਾਰਟੀਆਂ ਦੀ ਭ੍ਰਿਸ਼ਟਾਚਾਰ ਨਾਲ ਲੱਥਪੱਥ ਲੀਹ ਫੜਨ ਵਾਲਾ ਚਾਲਾ ਫੜ ਲਿਆ ਹੈ। ਆਪਣੇ ਭ੍ਰਿਸ਼ਟ ਕਾਡਰ ਦੀ ਰਾਖੀ ਕਰਨ ਦੇ ਰਾਹ ਵੀ ਤੁਰ ਪਈ ਹੈ। ਤਰਨਤਾਰਨ ਵਾਲਾ ਖਣਨ ਕਿੱਸਾ ਇਸ ਦੀ ਉਦਾਹਰਣ ਹੈ, ਜਿੱਥੇ ਗੈਰ-ਕਾਨੂੰਨੀ ਖਣਨ ਨੂੰ ਰੋਕਣ ਵਾਲੇ ਪੁਲਿਸ ਅਫਸਰ ਦਾ ਤਬਾਦਲ ਕਰ ਦਿੱਤਾ ਗਿਆ ਹੈ। ਇਸ ਦਾ ਕੀ ਅਰਥ ਲਈਏ? ਖਣਨ ਵਾਲੀ ਰੇਤਲੀ ਨਦੀ ਵੀ ਸੱਤਾ ਦੀਆਂ ਪਹਾੜੀ ਪੌੜੀਆਂ ਚੜ੍ਹਨ ਲੱਗੀ ਹੈ। ਇਹੋ ਜਿਹਾ ਹੀ ਸਵਾਲ ਨਸ਼ੇ ਦਾ ਹੈ। ਕੀ ਨਸ਼ੇ ਨਾਲ ਪੰਜਾਬ ਦੀ ਜਵਾਨੀ ਦਾ ਨਸਲਘਾਤ ਜਾਰੀ ਰੱਖਣ ਦੇ ਕਾਰੋਬਾਰ ਵਿੱਚ ਨਵੀਂ ਪਾਰਟੀ ਵੀ ਸ਼ਾਮਲ ਹੋ ਗਈ ਹੈ? 'ਹੋਪ ਇਨੀਸ਼ੀਏਟਵ' ਵਰਗੇ ਉਪਰਾਲੇ ਆਪਣੀ ਡਿੱਗ ਰਹੀ ਸ਼ਾਖ ਨੂੰ ਠੁੰਮਣਾ ਦੇਣ ਲਈ ਹਨ? ਜੇ ਨਹੀਂ, ਤਾਂ ਉਪਰੋਕਤ ਮਾਮਲਿਆਂ 'ਤੇ ਪੰਜਾਬ ਸਰਕਾਰ ਨੂੰ ਗੰਭੀਰ ਕਦਮ ਚੁੱਕਣੇ ਪੈਣਗੇ। ਕਾਨੂੰਨ ਦਾ ਡੰਡਾ ਸਿਰਫ ਬਿਗਾਨਿਆਂ ਲਈ ਨਹੀਂ, ਆਪਣਿਆਂ ਖਿਲਾਫ ਵੀ ਖੜਕਾਉਣਾ ਪਵੇਗਾ। ਇਸ ਦੇ ਉਲਟ ਤੁਰਿਆਂ ਸਿਆਸੀ ਵਾਟ ਅਯਾਸ਼ ਤੇ ਹੋ ਸਕਦੀ ਹੈ, ਲੰਮੀ ਨਹੀਂ।

ਯਾਦ ਰਹੇ, 1993-94 ਵਿੱਚ ਪੰਜਾਬ ਅੰਦਰ ਖਾੜਕੂ ਲਹਿਰ ਦੇ ਪਤਨ ਤੋਂ ਬਾਅਦ ਦੋ ਬੀਮਾਰੀਆਂ ਇੱਕ ਲਹਿਰ ਦੇ ਰੂਪ ਵਿੱਚ ਫੈਲੀਆਂ। ਇੱਕ ਪਾਸੇ ਸਰਕਾਰੀ ਸਰਪ੍ਰਸਤੀ ਵਿੱਚ ਮੜ੍ਹੀਆਂ-ਮਸਾਣਾਂ, ਮਜ਼ਾਰਾਂ ਅਤੇ ਅਖੌਤੀ ਪੀਰਾਂ-ਫਕੀਰਾਂ ਦੀਆਂ ਥਾਂਵਾਂ-ਕੁਥਾਂਵਾਂ 'ਤੇ ਗਾਉਣ ਵਾਲਿਆਂ ਤੇ ਗਾਉਣ ਵਾਲੀਆਂ ਦੇ ਮੇਲੇ ਲੱਗਣ ਲੱਗੇ, ਦੂਜੇ ਪਾਸੇ ਇੱਕ ਔਖੇ ਦੌਰ ਦੀ ਭੰਨੀ ਪੰਜਾਬ ਦੀ ਰੂਹ ਨਸ਼ੇ ਨਾਲ ਸੁਸਤਾਉਣ ਲੱਗੀ। ਹੌਲੀ ਹੌਲੀ ਇਹ ਸੁਸਤੀ ਜ਼ਮੀਰਾਂ ਨੂੰ ਸੁਲਾ ਦੇਣ ਵਾਲੀ ਗੂੜ੍ਹੀ ਨੀਂਦ ਦੇ ਹਵਾਲੇ ਹੋ ਗਈ। ਬਾਅਦ ਵਿੱਚ ਮੌਤ ਨੂੰ ਗਲੇ ਲਗਾਉਣ ਤੱਕ ਚਲੀ ਗਈ। ਨਸ਼ਾ ਹਰ ਉੱਖੜੀ ਜਵਾਨ ਰੂਹ ਦੀ ਪਨਾਹਗਾਹ ਬਣ ਗਿਆ ਅਤੇ ਇਸ ਪਨਾਹਗਾਹ ਵਿੱਚ ਨਵੇਂ-ਨਵੇਂ ਉਭਰੇ ਗਾਇਕਾਂ ਦੀਆਂ ਵਿਗੜੈਲ ਹੇਕਾਂ ਉਨ੍ਹਾਂ ਦੀ ਪਿੱਠ ਥਾਪੜਨ ਲੱਗੀਆਂ।

ਮਾਰਚ 2017 ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਬਹੁਮਤ ਪ੍ਰਾਪਤ ਹੋ ਗਿਆ ਸੀ। ਇਸ ਵਾਰ ਦੀ ਚੋਣ ਮੁਹਿੰਮ ਵਿੱਚ ਨਸ਼ਾ ਵੱਡਾ ਮੁੱਦਾ ਬਣ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਮੁਹਿੰਮ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ ਸੀ। ਇਸ ਜਿੱਤ ਤੋਂ ਪਹਿਲਾਂ ਚੱਲੀ ਚੋਣ ਮੁਹਿੰਮ ਵਿੱਚ ਅਕਾਲੀ ਸਰਕਾਰ ਦੇ ਸਮੇਂ ਦੌਰਾਨ ਫੈਲੇ ਕੈਮੀਕਲ ਨਸ਼ਿਆਂ ਦਾ ਮੁੱਦਾ ਅਤੇ ਮਾਲਵੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਮੁੱਖ ਮੁੱਦੇ ਬਣ ਗਏ ਸਨ। ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਹੱਥ ਵਿੱਚ ਲੈ ਕੇ ਬੇਅਦਬੀ ਦੇ ਮੁੱਦੇ 'ਤੇ ਇਨਸਾਫ ਦੇਣ ਅਤੇ ਨਸ਼ੇ ਦੇ ਪਸਾਰੇ ਨੂੰ ਸਰਕਾਰ ਬਣਨ ਦੇ ਪਹਿਲੇ ਛੇ ਮਹੀਨੇ ਵਿੱਚ ਖਤਮ ਕਰਨ ਦਾ ਵਾਅਦਾ ਕੀਤਾ, ਪਰ ਇਹ ਦੋਨੋਂ ਵਾਅਦੇ ਵਫਾ ਨਾ ਹੋਏ।

ਫਿਰ ਇਸੇ ਦੌਰਾਨ ਲੱਗੇ ਕਿਸਾਨ ਮੋਰਚੇ ਨੇ ਸਾਰੀ ਸਿਆਸਤ ਇੱਕ ਸਮੇਂ ਬੇਅਸਰ 'ਤੇ ਬੇਪਰਦ ਕਰ ਦਿੱਤੀ। ਪੰਜਾਬ ਦੇ ਕਿਸਾਨਾਂ ਤੇ ਮਿਹਨਤ ਮਜ਼ਦੂਰੀ ਕਰਨ ਵਾਲੇ ਹੋਰ ਲੋਕਾਂ ਅਤੇ ਜਵਾਨੀ ਦੇ ਚਿਹਰਿਆਂ ਉੱਪਰ ਇੱਕ ਖੇੜਾ ਦਿਸਣ ਲੱਗਾ। ਲੱਗਾ ਜਿਵੇਂ ਪੰਜਾਬ ਨਿਰਾਸ਼ਾ ਅਤੇ ਨਸ਼ਿਆਂ ਦੀ ਅੰਨ੍ਹੀ ਗੁਫਾ ਵਿੱਚੋਂ ਬਾਹਰ ਆ ਗਿਆ ਹੋਵੇ। ਨਸ਼ਿਆਂ ਕਾਰਨ ਮੌਤਾਂ ਦੀਆਂ ਖ਼ਬਰਾਂ ਘਟਣ ਲੱਗੀਆਂ, ਜਵਾਨੀ ਨੂੰ ਜਿਵੇਂ ਜਿਊਣ ਦਾ ਆਹਰ ਮਿਲ ਗਿਆ ਹੋਵੇ। ਮੌਜੂਦਾ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਕੁਝ ਹੀ ਮਹੀਨੇ ਪਹਿਲਾਂ ਇਹ ਕਿਸਾਨ ਮੋਰਚਾ ਆਪਣੇ ਟੀਚੇ 'ਤੇ ਪੁੱਜਾ ਅਤੇ ਪੰਜਾਬ ਵਿੱਚ ਕਿਸੇ ਸਿਆਸੀ ਬਦਲ ਦੀ ਆਸ ਪਨਪਣ ਲੱਗੀ, ਪਰ ਮੋਰਚਾ ਖਤਮ ਹੁੰਦਿਆਂ ਹੀ ਕਿਸਾਨ ਆਗੂ ਖੱਖੜੀਆਂ ਕਰੇਲੇ ਹੋ ਗਏ। ਕਿਸਾਨ ਲੀਡਰ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਇੱਕ ਧਿਰ ਨੇ ਚੋਣਾਂ ਲੜਨ ਦਾ ਫੈਸਲਾ ਕੀਤਾ, ਪਰ ਬਾਅਦ ਵਿੱਚ ਰਾਜੇਵਾਲ ਦੇ ਨਾਲ ਲੱਗੇ ਗਰੁੱਪ ਹੌਲੀ-ਹੌਲੀ ਕਿਰਨ ਲੱਗੇ ਅਤੇ ਅਖੀਰ ਵਿੱਚ ਉਹ ਇਕੱਲਾ ਹੀ ਰਹਿ ਗਿਆ। ਜੁੰਡੀ ਦੇ ਯਾਰ ਪੱਤਰੇ ਵਾਚ ਗਏ ਸਨ ਅਤੇ ਚੋਣਾਂ ਵਾਲੀ ਬਾਜੀ ਆਮ ਆਦਮੀ ਪਾਰਟੀ ਦੇ ਹੱਥ ਲੱਗ ਗਈ। ਰਵਾਇਤੀ ਪਾਰਟੀਆਂ ਵਿਰੁੱਧ ਲੋਕਾਂ ਦੀ ਬੇਚੈਨੀ 'ਆਪ' ਲਈ ਨਿਆਮਤ ਸਿੱਧ ਹੋਈ। ਇਸ ਵਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਸਬੰਧ ਵਿੱਚ ਇਨਸਾਫ ਅਤੇ ਨਸ਼ੇ ਨੂੰ ਜੜ੍ਹਾਂ ਤੋਂ ਪੁੱਟਣ ਦੇ ਵਾਅਦੇ ਆਮ ਆਦਮੀ ਪਾਰਟੀ ਨੇ ਕੀਤੇ ਸਨ। ਬੋਲਣ ਅਤੇ ਟੋਟਕੇ ਘੜਨ ਦੀ ਕਲਾ ਦੇ ਮਾਹਿਰ ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਬਣ ਗਏ, ਪਰ ਇਸ ਸਰਕਾਰ ਦੇ ਪੌਣੇ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਉਪਰੋਕਤ ਮੁੱਦੇ ਜਿਉਂ ਦੇ ਤਿਉਂ ਖੜ੍ਹੇ ਹਨ। ਇਨਸਾਫ ਦੀ ਉਡੀਕ ਦਾ ਅੰਤ ਹੁੰਦਾ ਹਾਲੇ ਵੀ ਵਿਖਾਈ ਨਹੀਂ ਦੇ ਰਿਹਾ।

# ਕੁਝ ਦਰਦ ਦਵਾ ਨਾਲ ਨਹੀਂ ਠੀਕ ਹੁੰਦੇ...

ਕੁਲਜੀਤ ਦਿਆਲਪੁਰੀ

ਜਦੋਂ ਜੰਗ ਲੱਗਦੀ ਹੈ ਤਾਂ ਕੋਹਰਾਮ ਮੱਚਦਾ ਹੈ ਤੇ ਦੂਰ ਦਿਸਹੱਦਿਆਂ ਤੱਕ ਤਬਾਹੀ ਦੇ ਦ੍ਰਿਸ਼ ਚਿਤਰੇ ਜਾਂਦੇ ਹਨ। ਅਕਸਰ ਦੋਸ਼ੇ ਘੱਟ, ਪਰ ਬੇਦੋਸ਼ੇ ਵੱਧ ਜੰਗ ਦਾ ਸੰਤਾਪ ਹੰਢਾਉਣ ਲਈ ਝੋਕ ਦਿੱਤੇ ਜਾਂਦੇ ਹਨ। ਅਸਲ ਵਿੱਚ ਚਤੁਰ ਪਰ ਅਣਸੁਲਝੀਆਂ ਸੋਚਾਂ ਛੋਟੇ-ਛੋਟੇ ਮੁੱਦਿਆਂ ਤੇ ਛੋਟੀਆਂ-ਛੋਟੀਆਂ ਗੱਲਾਂ ਵੱਲੋਂ ਧਿਆਨ ਪਰ੍ਹਾਂ ਕਰ ਤਾਕਤ (ਹਉਮੈ) ਦੀ ਵਰਤੋਂ ਉਸ ਤਰ੍ਹਾਂ ਦੀ ਬਦਨੀਤੀ ਨਾਲ ਕਰਨ ਨੂੰ ਉਲਾਰ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਨਤੀਜਾ ਸਿਰਫ ਤਬਾਹੀ ਵਿੱਚ ਹੀ ਨਿਕਲਦਾ ਹੈ।



ਬੱਚੇ ਆਪਸ ਵਿੱਚ ਭਾਵੇਂ ਜਿੰਨਾ ਮਰਜ਼ੀ ਲੜ ਲੈਣ, ਉਨ੍ਹਾਂ ਦੀ ਲੜਾਈ ਵਕਤੀ ਹੁੰਦੀ ਹੈ; ਕਿਸੇ ਗੱਲੋਂ ਨਿੱਕਾ-ਮੋਟਾ ਰੋਸਾ ਹੁੰਦਾ ਹੈ, ਪਰ ਇਹ ਨਹੀਂ ਕਿ ਉਹ ਇਸ ਕਦਰ ਤਬਾਹੀ ਮਚਾ ਦੇਣ ਕਿ ਸੰਸਾਰ ਨੂੰ ਖਬਰਾਂ ਹੋ ਜਾਣ! ਪਰ ਵੱਡਿਆਂ (ਵੱਡੀਆਂ ਤਾਕਤਾਂ) ਦੀ ਆਪਸੀ ਹਉਮੈ ਕਾਰਨ ਛਿੜ ਪੈਂਦੀਆਂ ਲੜਾਈਆਂ ਅਖੀਰ ਭਿਆਨਕ ਸਿੱਟਿਆਂ ਤੱਕ ਅੱਪੜ ਜਾਂਦੀਆਂ ਹਨ।

ਹਮਾਸ ਤੇ ਇਜ਼ਰਾਇਲ ਦਰਮਿਆਨ ਛਿੜੀ ਜੰਗ ਵਿੱਚ ਫੁੱਲਾਂ ਜਿਹੇ ਕੋਮਲ ਬੱਚੇ ਜੋ ਇਸ ਦੀ ਬਲੀ ਚੜ੍ਹ ਗਏ ਹਨ, ਉਨ੍ਹਾਂ ਦੇ ਮਾਪੇ ਜਾਂ ਉਹ ਬੱਚੇ ਜਿਨ੍ਹਾਂ ਦੇ ਮਾਪਿਆਂ ਦੇ ਚੀਥੜੇ ਬੰਬਾਂ ਦੀਆਂ ਬਾਰਿਸ਼ਾਂ ਵਿੱਚ ਕਿੱਧਰੇ ਉਡ-ਪੁਡ ਗਏ ਹਨ, ਕੀ ਉਹ ਸਾਰੀ ਉਮਰ ਇਸ ਦਰਦ ਦੀ ਚੀਸ ਤੋਂ ਬਾਹਰ ਨਿਕਲ ਸਕਣਗੇ? ਇਹ ਕਿੰਨਾ ਹੌਲਨਾਕ ਤੇ ਦਰਦਨਾਕ ਹੁੰਦਾ ਹੈ, ਪਰ ਇਹ ਸਭ ਹੁੰਦਾ ਹੀ ਕਿਉਂ ਹੈ? ਇਹ ਸਭ ਰੁਕ ਕਿਉਂ ਨਹੀਂ ਸਕਦਾ? ਕੀ ਧਰਮਾਂ ਨੇ, ਵੱਡੀਆਂ ਅਖੌਤੀ ਤਾਕਤਾਂ ਨੇ, ਹਰ ਵੱਡੀ ਸ਼ੈਅ ਵੱਲੋਂ ਛੋਟੀ ਸ਼ੈਅ ਨੂੰ ਮਸਲ ਦੇਣ ਦੀ ਕਵਾਇਦ ਨੇ ਮਨੁੱਖਾਂ ਤੋਂ ਰਾਖਸ਼ ਬਣੇ ਲੋਕਾਂ ਨੂੰ ਕੁਦਰਤ/ਰੱਬ ਤੋਂ ਵੀ ਵੱਡਾ ਕਰ ਦਿੱਤਾ ਹੈ ਕਿ ਉਹ ਆਪਣੇ ਬਣਾਏ ਨਿਯਮਾਂ ਨਾਲ ਹੀ ਕੁਲ ਲੋਕਾਈ ਉਤੇ ਕਾਠੀ ਪਾਉਣ ਦੀ ਸੋਚ ਰਹੇ ਹਨ? ਜੇ ਇਸ ਸਭ ਦਾ ਹਾਸਲ ਬੇਦੋਸ਼ਿਆਂ ਦਾ ਖੂਨ, ਇਨਸਾਨੀਅਤ ਦਾ ਘਾਣ, ਬੇਇਨਸਾਫੀਆਂ, ਹਰ ਇੱਕ ਦੇ ਆਜ਼ਾਦ ਜ਼ਿੰਦਗੀ ਜਿਊਣ ਉਤੇ ਪਾਬੰਦੀ ਅਤੇ ਦਹਿਸ਼ਤ ਫੈਲਾਅ ਕੇ ਆਪਣੀ ਹੋਂਦ ਜਤਾਉਣਾ ਹੀ ਹੈ, ਤਾਂ ਇਹ ਜ਼ਰੂਰ ਹੀ ਘੋਰ ਦੋਸ਼ੀ ਹਨ।

ਅਸਲ ਵਿੱਚ ਜਿਨ੍ਹਾਂ ਨੂੰ ਧਰਤੀ ਦੇ ਟੁਕੜਿਆਂ 'ਤੇ ਕਬਜ਼ਾ ਕਰਨ ਦੀ ਲਲਕ, ਸੱਤਾ ਦੀਆਂ ਹੋੜਾਂ ਅਤੇ ਚੌਧਰਾਂ ਲਈ ਬਦਨੀਅਤੀਆਂ ਦੇ ਰੋਗ ਗੰਭੀਰ ਰੂਪ ਵਿੱਚ ਲੱਗ ਗਏ ਹੋਣ, ਉਨ੍ਹਾਂ ਨੂੰ ਕਿਸੇ ਵੀ ਮਜ਼ਹਬ ਤੇ ਨਸਲ ਵਾਲੇ ਲੋਕ ਇਨਸਾਨ ਤਾਂ ਲੱਗਦੇ ਹੀ ਨਹੀਂ ਹੁੰਦੇ; ਤੇ ਬੇਵੱਸ-ਲਾਚਾਰ ਆਵਾਮ ਨੂੰ ਉਹ ਆਪਣੀਆਂ ਮਨੋਤ੍ਰਿਪਤੀਆਂ ਲਈ ਕਿਸੇ ਵੀ ਕੀਮਤ 'ਤੇ ਦਰੜ ਦੇਣਾ ਚਾਹੁੰਦੇ ਹਨ- ਚਾਹੇ ਉਹ ਬਜ਼ੁਰਗ ਹੋਣ, ਔਰਤਾਂ ਹੋਣ, ਨੌਜਵਾਨ ਹੋਣ ਤੇ ਚਾਹੇ ਬੱਚੇ ਹੀ ਕਿਉਂ ਨਾ ਹੋਣ! ਕੁਦਰਤੀ ਕਰੋਪੀਆਂ ਅੱਗੇ ਚਲੋ ਕਿਸੇ ਦਾ ਜ਼ੋਰ ਨਹੀਂ ਚੱਲਦਾ, ਪਰ ਮਨੁੱਖਾਂ ਹੱਥੋਂ ਮਨੁੱਖਾਂ ਦੇ ਕਤਲੇਆਮ, ਇਨਸਾਨੀਅਤ ਦੇ ਘਾਣ ਤੇ ਦਹਿਸ਼ਤੀ ਵਰਤਾਰੇ ਨੂੰ ਆਖਰ ਕਦੋਂ ਠੱਲ੍ਹ ਪਵੇਗੀ? ਕੀ ਆਸ ਰੱਖੀ ਜਾ ਸਕਦੀ ਹੈ ਕਿ ਕੋਈ ਇਸ ਵੱਲ ਕਦਮ ਪੁੱਟੇਗਾ?

ਇਹ ਤਾਂ ਸਪਸ਼ਟ ਹੈ ਕਿ ਆਮ ਲੋਕ ਹੀ ਆਮ ਲੋਕਾਂ ਦਾ ਸਹਾਰਾ ਬਣਦੇ ਹਨ; ਬੰਦੂਕਾਂ, ਬੰਬਾਂ, ਪ੍ਰਮਾਣੂਆਂ ਦੀ ਗੱਲ ਕਰਨ ਵਾਲੀਆਂ ਸੱਤਾਧਾਰੀ ਤੇ ਸਰਮਾਇਦਾਰੀ ਮਾਨਸਿਕ ਬਿਮਾਰ ਤਾਕਤਾਂ ਜਾਂ ਸੰਸਾਰ ਪੱਧਰੀ ਸ਼ਕਤੀਆਂ ਨੂੰ ਆਪਣੀ ਮੁੱਠੀ ਵਿੱਚ ਜਕੜਨ ਲਈ ਅਹੁਲ ਰਹੇ ਲਲਚਾਏ ਸਮੂਹਾਂ ਤੋਂ ਇਹ ਆਸ ਉੱਕਾ ਹੀ ਨਹੀਂ ਰੱਖੀ ਜਾ ਸਕਦੀ। ਇਤਿਹਾਸ ਗਵਾਹ ਹੈ ਕਿ ਵੱਡੇ ਵੱਡੇ ਸਾਮਰਾਜ ਸਿਰਾਂ 'ਤੇ ਪੈਰ ਧਰ ਕੇ ਜਾਂ ਸਿਰਾਂ ਦੇ ਸਿਰ ਵੱਢ ਕੇ ਉਸਾਰੇ ਗਏ ਹਨ! ਖੈਰ, ਸੰਸਾਰ ਅਣਮਨੁੱਖੀ ਵਰਤਾਰਿਆਂ ਨਾਲ ਭਰਿਆ ਪਿਆ ਹੈ- ਛੋਟੇ ਪੱਧਰ ਤੋਂ ਲੈ ਕੇ ਵੱਡੇ ਪੱਧਰ ਤੱਕ ਇਹ ਤ੍ਰਾਸਦਿਕ ਵਰਤਾਰੇ ਬਾਦਸਤੂਰ ਜਾਰੀ ਹਨ; ਤੇ ਜਿਸ ਪੱਧਰ ਉਤੇ ਸੰਸਾਰ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ, ਛੇਤੀ ਕੀਤਿਆਂ ਇਹ ਸਭ ਠੀਕ ਹੋਣ ਜਾਣ ਦੀ ਆਸ ਹੈ ਵੀ ਨਹੀਂ!

ਸੰਸਾਰ ਭਰ ਦੀਆਂ ਨਾ-ਭੁੱਲਣ ਵਾਲੀਆਂ ਮਨੁੱਖਤਾ ਵਿਰੋਧੀ ਘਟਨਾਵਾਂ ਉਨ੍ਹਾਂ ਜੀਆਂ ਨੂੰ ਤਾਉਮਰ ਤੜਫਾਉਂਦੀਆਂ ਤੇ ਗਮਗੀਨ ਕਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੇ ਪਰਿਵਾਰਾਂ ਨੂੰ ਸਿਤਮ ਹੱਡੀਂ ਹੰਢਾਉਣਾ ਪਿਆ ਹੈ। ਪਿਆਰ, ਅਮਨ-ਅਮਾਨ ਤੇ ਭਾਈਚਾਰਕ ਸਾਂਝਾਂ ਹੀ ਨਫਰਤ ਦੀ ਭੱਠੀ ਵਿੱਚ ਭੁੱਜ ਰਹੇ ਸੰਸਾਰ ਨੂੰ ਕੁਝ ਰਾਹਤ ਦੇ ਸਕਦੇ ਹਨ। ਇਹ ਨਹੀਂ ਕਿ ਸਾਰੇ ਹੀ ਨਫਰਤ ਦੇ ਭਰੇ ਫੁੰਕਾਰੇ ਮਾਰ ਰਹੇ ਹਨ, ਪਰ ਧਰਤੀ ਦੇ ਵੱਖ-ਵੱਖ ਖਿੱਤਿਆਂ ਉਤੇ ਵੱਖ-ਵੱਖ ਰੂਪਾਂ ਵਿੱਚ "...ਕੋਈ ਹਰਿਆ ਬੂਟੁ ਰਹਿਓ ਰੀ॥"

ਸਿੱਖ ਭਾਈਚਾਰੇ ਦੇ ਸੰਦਰਭ ਵਿੱਚ ਜੇ ਗੱਲ ਕਰੀਏ ਤਾਂ 1984 ਦੌਰਾਨ ਦਿੱਲੀ ਵਿੱਚ ਸਿੱਖਾਂ ਉਤੇ ਅੱਤਿਆਚਾਰ ਦਾ ਜਿਨ੍ਹਾਂ ਨੇ ਸੇਕ ਝੱਲਿਆ ਹੈ, ਕੀ ਲੰਮਾ ਵਕਤ ਗੁਜ਼ਰ ਜਾਣ ਦੇ ਬਾਵਜੂਦ ਉਨ੍ਹਾਂ ਦੇ ਮਨਾਂ ਨੂੰ ਕੋਈ ਸਥਾਈ ਧਰਵਾਸ ਮਿਲਿਆ ਹੈ? ਨਹੀਂ! ਸ਼ਾਇਦ ਰਹਿੰਦੀ ਉਮਰ ਉਹ ਅਜਿਹੇ ਧਰਵਾਸ ਦੀ ਉਡੀਕ ਵਿੱਚ ਹੀ ਰਹਿਣ। ਸਰੀਰਾਂ ਦੇ ਫੱਟ ਮੱਲ੍ਹਮ-ਪੱਟੀ ਕੀਤਿਆਂ ਵਕਤ-ਬੇਵਕਤ ਠੀਕ ਹੋ ਜਾਂਦੇ ਹਨ, ਪਰ ਜਿਨ੍ਹਾਂ ਅੱਖੀਆਂ ਨੇ ਆਪਣੇ ਪਰਿਵਾਰਕ ਜੀਆਂ ਨੂੰ ਅੱਗਾਂ ਵਿੱਚ ਸੜਦਿਆਂ ਤੇ ਕਤਲ ਹੁੰਦਿਆਂ ਵੇਖਿਆ, ਉਨ੍ਹਾਂ ਅੱਖਾਂ ਵਿੱਚ ਕਿਹੜੀ ਦਾਰੂ ਪਾ ਲਈ ਜਾਵੇ ਕਿ ਭਿਆਨਕ ਦ੍ਰਿਸ਼ ਅੱਖਾਂ ਵਿੱਚੋਂ ਮਿਟ ਜਾਣ?

ਹਾਲੀਆ ਮਨੀਪੁਰ ਅਤੇ ਨੂਹ ਦੀਆਂ ਘਟਨਾਵਾਂ ਦੀ ਪੀੜ ਜਿਨ੍ਹਾਂ ਨੇ ਹੰਢਾਈ ਹੈ, ਉਹ ਸਹਿਮ 'ਚੋਂ ਭਾਵੇਂ ਨਿਕਲ ਆਏ ਹੋਣ, ਪਰ ਮਨ ਹਾਲੇ ਵੀ ਉਨ੍ਹਾਂ ਦੇ ਪਿੰਜੇ ਹੋਏ ਹੋਣੇ ਹਨ। ਆਏ ਦਿਨ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਕਿ ਰੋਜ਼ ਕਿੰਨੇ ਹੀ ਦਿਲ ਪੀੜ ਪਰੁੰਨੇ ਹੋਏ ਕਰਾਹ ਰਹੇ ਹਨ। ਮੁੱਕਦੀ ਗੱਲ, ਸੰਸਾਰ ਜੰਗਾਂ ਸਮੇਤ ਬਾਅਦ ਵਿੱਚ ਵੱਖ-ਵੱਖ ਮੁਲਕਾਂ ਦਰਮਿਆਨ ਹੋਈਆਂ ਖਾਹਮਖਾਹ ਦੀਆਂ ਜੰਗਾਂ ਨੇ ਮਨੁੱਖਤਾ ਦਾ ਕੁਝ ਨਹੀਂ ਸੰਵਾਰਿਆ, ਪਰ ਸੰਸਾਰ ਪੱਧਰੀ ਸਮਾਜਿਕ ਭਾਈਚਾਰਿਆਂ ਵਿੱਚ ਤਰੇੜਾਂ ਜ਼ਰੂਰ ਪਾਈਆਂ ਹਨ। ਇਸ ਵਾਰ ਵੀ ਜੰਗ ਦੇ ਦਿੱਤੇ ਉਨ੍ਹਾਂ ਫੱਟਾਂ ਉਤੇ ਖਰੀਂਢ ਸ਼ਾਇਦ ਸਾਰੀ ਉਮਰ ਨਹੀਂ ਆਉਣਾ, ਜੋ ਮਨ ਦੀਆਂ ਪਰਤਾਂ ਉਤੇ ਡੂੰਘੇ ਲੱਗੇ ਹਨ; ਕਿਉਂਕਿ ਕੁਝ ਦਰਦ ਦਵਾ ਨਾਲ ਨਹੀਂ ਠੀਕ ਹੁੰਦੇ...!




DYNASTY HOME CARE

## ਮੁਫ਼ਤ ਦੇਖਭਾਲ ਸੇਵਾਵਾਂ

-ਪ੍ਰੋਗਰਾਮ IDoA (ਇਲੀਨਾਏ ਡਿਪਾਰਟਮੈਂਟ ਆਨ ਏਜਿੰਗ) ਦੁਆਰਾ ਫੰਡ ਕੀਤਾ ਗਿਆ, ਤੁਹਾਡੇ ਲਈ ਕੋਈ ਵੀ ਕੀਮਤ ਨਹੀਂ!

-ਸਾਡੇ ਪਰਿਵਾਰ ਤੋਂ ਤੁਹਾਡੇ ਲਈ ਵਧੀਆ ਨਿੱਜੀ ਦੇਖਭਾਲ

ਕਮਿਊਨਿਟੀ ਕੇਅਰ ਪ੍ਰੋਗਰਾਮ (ਸੀ.ਸੀ.ਪੀ.) ਬਜ਼ੁਰਗ ਬਾਲਗਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਹਾਇਤਾ ਕਰਕੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਉਨ੍ਹਾਂ ਨੂੰ ਨਰਸਿੰਗ ਹੋਮ ਵਿੱਚ ਜਾਣ ਤੋਂ ਰੋਕਦੀਆਂ ਹਨ।

### ਕੌਣ ਯੋਗ ਹੋ ਸਕਦਾ ਹੈ:

*60 ਸਾਲ ਜਾਂ ਇਸ ਤੋਂ ਵੱਧ ਉਮਰ ਦੇ

*ਇੱਕ ਕਾਨੂੰਨੀ ਸਥਾਈ ਨਿਵਾਸੀ ਜਾਂ ਯੂ.ਐਸ. ਨਾਗਰਿਕ

*ਇੱਕ ਨਿਰਧਾਰਤ ਰਕਮ ਤੋਂ ਘੱਟ ਮਹੀਨਾਵਾਰ ਆਮਦਨ ਅਤੇ ਸੰਪਤੀਆਂ

*ਸੀਮਤ ਸਰੀਰਕ ਗਤੀਵਿਧੀਆਂ

## ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ

ਰੋਜ਼ਾਨਾ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਹੋਮਮੇਕਰ ਤੁਹਾਡੇ ਘਰ ਆਵੇਗਾ, ਜਿਸ ਵਿੱਚ ਨਿੱਜੀ ਦੇਖਭਾਲ ਜਿਵੇਂ ਕਿ ਇਨ੍ਹਾਂ ਨਾਲ ਸਹਾਇਤਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ:

-ਭੋਜਨ ਤਿਆਰ ਕਰਨਾ

-ਇਸ਼ਨਾਨ

-ਘਰ ਦੇ ਛੋਟੇ-ਮੋਟੇ ਕੰਮ

-ਖਰੀਦਦਾਰੀ (ਚੱਲਦੇ ਕੰਮ)

ਦੇਖਭਾਲ ਕਰਨ ਵਾਲਿਆਂ ਨੂੰ ਕਿਵੇਂ ਭਰਤੀ ਕਰਨਾ ਪ੍ਰਤੀਯੋਗੀ ਤਨਖਾਹ ਅਤੇ ਲਚਕਦਾਰ ਸਮਾਂ-ਸੂਚੀ

## ਅਰਜ਼ੀ ਕਿਵੇਂ ਦੇਣੀ ਹੈ?

ਸਾਨੂੰ ਹੁਣੇ ਕਾਲ ਕਰੋ 847-534-7500

Email: info@dynastyhomecareinc.com
www.dynastyhomecareinc.com

1401 E. Oakton St, Suite# 14
Des Plaines, IL 60018

## ਪੇਸ਼ ਸੇਵਾਵਾਂ

-ਮੈਡੀਕੇਡ ਤੇ ਮੈਡੀਕੇਅਰ / QMB ਬੀਮਾ

-ਲਿੰਕ ਕਾਰਡ ਅਤੇ ਸਨੈਪ

-ਬਜ਼ੁਰਗਾਂ ਲਈ ਮੁਫ਼ਤ ਫ਼ੋਨ

*CEDA/LIHEAP/ਊਰਜਾ ਸਹਾਇਤਾ ਪ੍ਰੋਗਰਾਮ

*SSA ਅਤੇ SSI

*ਹੈਲਥ ਕੇਅਰ ਮਾਰਕੀਟ ਪਲੇਸ/ਏਸੀਏ ਓਬਾਮਾ ਕੇਅਰ ਵਜੋਂ ਜਾਣਿਆ ਜਾਂਦਾ ਹੈ

*ਦੰਦ ਅਤੇ ਨਜ਼ਰ

*OCI ਕਾਰਡ

*ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਹਾਇਤਾ

*ਹੋਰ ਵੀ ਸੇਵਾਵਾਂ ਪ੍ਰਦਾਨ ਕਰਦੇ ਹਾਂ

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਸਮਾਜਿਕ ਸੇਵਾਵਾਂ ਦੇ ਲਾਭਾਂ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਲ ਕਰੋ,

ਚਿਰਾਗ ਸ਼ਾਹ

ਫੋਨ: 847-372-5423

*ਸਾਡੇ ਕੋਆਰਡੀਨੇਟਰ ਬਹੁਤ ਸਾਰੀਆਂ ਸੰਘੀ, ਰਾਜ ਅਤੇ ਸਥਾਨਕ ਸਰਕਾਰੀ ਸਹਾਇਤਾ ਏਜੰਸੀਆਂ ਅਤੇ ਲਾਭਾਂ ਲਈ ਕਮਿਊਨਿਟੀ ਸੇਵਾਵਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਨਗੇ, ਜੋ ਤੁਹਾਡੇ ਬੀਮੇ ਅਤੇ ਲਾਭ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

# ਪੰਜਾਬ ਅਸੈਂਬਲੀ ਦਾ 'ਲੰਗੜਾ ਸੈਸ਼ਨ' ਕਰੋੜ ਨੂੰ ਪਿਆ

**ਵਿੱਤੀ ਸੰਕਟ ਵਿੱਚੋਂ ਲੰਘਦੇ ਸੂਬੇ ਪੰਜਾਬ ਸਿਰ ਵਿਧਾਨ ਸਭਾ ਦੀ ਬੈਠਕ ਬੁਲਾਉਣ ਨਾਲ 75 ਲੱਖ ਦਾ ਭਾਰ ਜ਼ਰੂਰ ਪੈ ਗਿਆ ਹੈ। ਪਿਛਲੀ ਵਾਰ ਗਵਰਨਰ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਲਈ ਵਕੀਲ ਦੀ 25 ਲੱਖ ਫੀਸ ਭਰਨੀ ਪਈ ਸੀ। ਇਸ ਵਾਰ ਵੀ ਭਗਵੰਤ ਸਿੰਘ ਮਾਨ ਦੇ ਕਹਿਣ ਮੁਤਾਬਿਕ ਦੁਬਾਰਾ ਸੈਸ਼ਨ ਸੱਦਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪੈਣਾ ਹੈ ਤਾਂ ਵਕੀਲ 25 ਲੱਖ ਤੋਂ ਘੱਟ ਫੀਸ ਤਾਂ ਨਹੀਂ ਲਵੇਗਾ। ਇਸ ਦਾ ਮਤਲਬ ਇਹ ਹੋਇਆ ਕਿ ਅੱਧੇ ਦਿਨ ਦਾ ਸੈਸ਼ਨ ਇੱਕ ਕਰੋੜ ਨੂੰ ਪੈ ਗਿਆ ਹੈ!**

## ਬਦਨੀਅਤੀਆਂ


**ਕਮਲਜੀਤ ਸਿੰਘ ਬਨਵੈਤ**
ਫੋਨ: +91-9814734035





ਬੀਤੀ ਸਦੀ ਦੀਆਂ ਲੋਕ ਸਭਾ ਦੀਆਂ ਆਖਰੀ ਚੋਣਾਂ ਸਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਯੂ.ਟੀ. ਤੋਂ ਚੋਣ ਲੜ ਰਹੇ ਤਿੰਨ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦਾ ਰੂਬਰੂ ਰੱਖਿਆ ਗਿਆ ਸੀ। ਭਾਜਪਾ ਦੇ ਉਮੀਦਵਾਰ ਸਤਪਾਲ ਜੈਨ ਨੇ ਰੂਬਰੂ ਦੌਰਾਨ ਹਿਰਖ ਕੀਤਾ ਕਿ ਮੁਲਕ ਦੀ ਪਾਰਲੀਮੈਂਟ ਵਿੱਚ ਜੋ ਹਾਂ-ਪੱਖੀ ਚੱਲਦਾ ਹੈ, ਉਸਨੂੰ ਘੱਟ ਅਤੇ ਜੋ 'ਤੂੰ-ਤੂੰ, ਮੈਂ-ਮੈਂ' ਹੁੰਦੀ ਹੈ, ਉਸਨੂੰ ਮੀਡੀਆ ਵਲੋਂ ਵੱਧ ਦਿਖਾਇਆ ਜਾਂਦਾ ਹੈ। ਮੈਂ ਬਹਿਸ ਵਿੱਚ ਹਿੱਸਾ ਲੈਣ ਜਾਂ ਸੁਣਨ ਲਈ ਨਹੀਂ ਸੀ ਗਿਆ ਸਗੋਂ ਇੱਕ ਅਖਬਾਰ ਵੱਲੋਂ ਇਸ ਦੀ ਰਿਪੋਰਟਿੰਗ ਕਰਨ ਲਈ ਭੇਜਿਆ ਗਿਆ ਸੀ।

ਮੈਂ ਉੱਥੇ ਬੈਠਾ ਕਿਧਰੇ ਦੂਰ ਖਿਆਲਾਂ ਵਿੱਚ ਗੁਆਚ ਗਿਆ। ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੱਤਰਕਾਰੀ ਦੀ ਪੜ੍ਹਾਈ ਕੀਤੀ ਸੀ ਤਾਂ ਸਾਨੂੰ ਦੱਸਿਆ ਗਿਆ ਸੀ ਕਿ ਜੇ ਕੁੱਤਾ ਬੰਦੇ ਨੂੰ ਵੱਢਦਾ ਹੈ ਤਾਂ ਖਬਰ ਨਹੀਂ ਹੁੰਦੀ, ਪਰ ਜੇ ਬੰਦਾ ਕੁੱਤੇ ਨੂੰ ਕੱਟ ਲੈਂਦਾ ਹੈ ਤਾਂ ਖਬਰ ਬਣਦੀ ਹੈ। ਮੈਂ ਕੁਝ ਕਹਿਣ ਦੀ ਥਾਂ ਦੰਦਾਂ ਥੱਲੇ ਜੀਭ ਦੇਈ ਰੱਖੀ। ਉਂਝ ਕਹਿਣਾ ਚਾਹੁੰਦਾ ਸਾਂ ਕਿ ਭਲਿਓ ਲੋਕੋ ਤੁਹਾਨੂੰ ਲੋਕਾਂ ਨੇ ਮੁਲਕ ਦੇ ਵਿਕਾਸ ਅਤੇ ਸਮੱਸਿਆਵਾਂ ਦੀ ਗੱਲ ਕਰਨ ਲਈ ਪਾਰਲੀਮੈਂਟ ਭੇਜਿਆ ਹੈ, ਆਪਸ ਵਿੱਚ ਦੀ ਜੂਤ-ਪਤਾਣ ਹੋਣ ਲਈ ਨਹੀਂ।

ਮੁਲਕ ਦੀ ਪਾਰਲੀਮੈਂਟ ਹੋਵੇ ਜਾਂ ਰਾਜਾਂ ਦੀਆਂ ਵਿਧਾਨ ਸਭਾਵਾਂ, ਸਾਡੇ ਚੁਣੇ ਨੇਤਾ ਕਿਸੇ ਮੁੱਦੇ ਉੱਤੇ ਚਰਚਾ ਕਰਨ ਵੇਲੇ ਆਪਣਾ ਸੰਜਮ ਗੁਆ ਬੈਠਦੇ ਹਨ। ਸਬਰ ਨਾਂ ਦੀ ਕੋਈ ਚੀਜ਼ ਨਹੀਂ ਅਤੇ ਨਾ ਹੀ ਜ਼ੁਬਾਨ ਉੱਤੇ ਕੰਟਰੋਲ ਰਹਿੰਦਾ ਹੈ। ਲੰਘੇ ਦਿਨੀਂ ਚੱਲੀ ਪੰਜਾਬ ਵਿਧਾਨ ਵਿੱਚ ਵੀ ਇਹੋ ਵਰਤਾਰਾ ਦੇਖਣ ਨੂੰ ਮਿਲਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੂੰ' ਕਹਿ ਕੇ ਸੰਬੋਧਨ ਕਰਨ 'ਤੇ ਉਤਰ ਆਏ ਸਨ। ਉਂਝ ਵਿਰੋਧੀ ਧਿਰ ਨੇ ਇਸ ਵਾਰ ਵਾਕ ਆਊਟ ਕਰਨ ਦੀ ਥਾਂ ਪ੍ਰਸ਼ਨ ਕਾਲ ਵਿੱਚ ਹਿੱਸਾ ਲਿਆ ਅਤੇ ਕਈ ਮਸਲੇ ਖੜ੍ਹੇ ਕਰਨ ਦੀ ਕੋਸ਼ਿਸ਼ ਕੀਤੀ। ਇਹ ਵੱਖਰੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਗਵਰਨਰ ਦੀ ਦੇਸ਼ ਦੇ ਰਾਸ਼ਟਰਪਤੀ ਕੋਲ ਸ਼ਿਕਾਇਤ ਕਰਨ ਦੀ ਭਵਕੀ ਦੇ ਡਰੋਂ ਸੈਸ਼ਨ ਨੂੰ ਅੱਧ ਵਿਚਕਾਰੋਂ ਉਠਾਉਣ ਲਈ ਮਜਬੂਰ ਕਰ ਦਿੱਤਾ। ਪੰਜਾਬ ਦੇ ਐਡਵੋਕੇਟ ਜਨਰਲ ਨੇ ਮੁੱਖ ਮੰਤਰੀ ਦੇ ਕੰਨ ਵਿੱਚ ਦੇਰ ਨਾਲ ਫੂਕ ਮਾਰੀ ਜਾਂ ਸੈਸ਼ਨ ਦੌਰਾਨ ਹੀ ਉਨ੍ਹਾਂ ਦੀ ਕੋਈ ਮਜਬੂਰੀ ਬਣ ਗਈ, ਪਰ ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਸਿਰ ਤੋੜਾ ਝਾੜਦਿਆਂ ਸੈਸ਼ਨ ਅੱਧ ਵਿਚਾਲੇ ਉਠਾ ਦਿੱਤਾ ਹੈ।

ਵਿੱਤੀ ਸੰਕਟ ਵਿੱਚੋਂ ਲੰਘਦੇ ਸੂਬੇ ਪੰਜਾਬ ਸਿਰ ਵਿਧਾਨ ਸਭਾ ਦੀ ਬੈਠਕ ਬੁਲਾਉਣ ਨਾਲ 75 ਲੱਖ ਦਾ ਭਾਰ ਜਰੂਰ ਪੈ ਗਿਆ ਹੈ। ਪਿਛਲੀ ਵਾਰ ਗਵਰਨਰ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਲਈ ਵਕੀਲ ਦੀ 25 ਲੱਖ ਫੀਸ ਭਰਨੀ ਪਈ ਸੀ। ਇਸ ਵਾਰ ਵੀ ਭਗਵੰਤ ਮਾਨ ਦੇ ਕਹਿਣ ਮੁਤਾਬਿਕ ਦੁਬਾਰਾ ਸੈਸ਼ਨ ਸੱਦਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪੈਣਾ ਹੈ ਤਾਂ ਵਕੀਲ 25 ਲੱਖ ਤੋਂ ਘੱਟ ਫੀਸ ਤਾਂ ਨਹੀਂ ਲਵੇਗਾ। ਇਸ ਦਾ ਮਤਲਬ ਇਹ ਹੋਇਆ ਕਿ ਅੱਧੇ ਦਿਨ ਦਾ ਸੈਸ਼ਨ ਇੱਕ ਕਰੋੜ ਨੂੰ ਪੈ ਗਿਆ ਹੈ!



ਸੈਸ਼ਨ ਦੇ ਸ਼ੁਰੂ ਹੁੰਦਿਆਂ ਹੀ ਇਸ ਦੇ ਕਾਨੂੰਨੀ ਜਾਂ ਗੈਰ-ਕਾਨੂੰਨੀ ਹੋਣ ਨੂੰ ਲੈ ਕੇ ਸਤਾਧਾਰੀ ਅਤੇ ਵਿਰੋਧੀ ਧਿਰ ਵਿੱਚ ਤਕੜੀ ਬਹਿਸ ਚਲਦੀ ਰਹੀ। ਸਰਕਾਰੀ ਧਿਰ ਭਾਰਤੀ ਸੰਵਿਧਾਨ ਅਤੇ ਵਿਧਾਨ ਸਭਾ ਐਕਟ ਦਾ ਸਹਾਰਾ ਲੈ ਕੇ ਇਸ ਨੂੰ ਕਾਨੂੰਨੀ ਸਿੱਧ ਕਰਨ 'ਤੇ ਅੜੀ ਰਹੀ, ਜਦਕਿ ਵਿਰੋਧੀ ਧਿਰ ਨੇ ਰਾਜਪਾਲ ਦੇ ਪੱਤਰ ਮੁਤਾਬਿਕ ਇਸ ਨੂੰ ਗੈਰ-ਕਾਨੂੰਨੀ ਕਰਾਰ ਦੇਣ 'ਤੇ ਪੂਰਾ ਜ਼ੋਰ ਦੇਈ ਰੱਖਿਆ। ਕੁਝ ਵੀ ਹੋਵੇ, ਪੰਜਾਬ ਸਰਕਾਰ ਨੂੰ ਇਸ ਵਾਰ ਸੈਸ਼ਨ ਅੱਧ ਵਿਚਾਲੇ ਉਠਾਉਣਾ ਪਿਆ। ਸਰਕਾਰ ਦੀ ਮਨਸ਼ਾ ਚਾਹੇ ਗਵਰਨਰ ਨੂੰ ਸਬਕ ਸਿਖਾਉਣ ਦੀ ਹੋਵੇ ਜਾਂ ਫਿਰ ਅੰਦਰੋਂ ਅੰਦਰੀਂ ਇਸ ਦੇ ਕਾਨੂੰਨੀ ਨਾ ਹੋਣਾ ਮੰਨ ਲਿਆ ਹੋਵੇ। ਇਸ ਵਾਰ ਵਿਰੋਧੀ ਧਿਰ ਨੇ ਐਸ.ਵਾਈ.ਐਲ., ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਨਸ਼ਿਆਂ ਸਮੇਤ ਹੋਰ ਅਹਿਮ ਮੁੱਦਿਆਂ ਦਾ ਜਵਾਬ ਤਾਂ ਮੰਗਿਆ ਮੰਗਿਆ, ਪਰ ਬਹਿਸ ਦੂਸ਼ਣਬਾਜ਼ੀ ਤੱਕ ਸਿਮਟ ਕੇ ਰਹਿ ਗਈ ਸੀ।



ਇੱਕ ਗੱਲ ਮੰਨਣੀ ਪਵੇਗੀ ਕਿ ਮੁੱਖ ਮੰਤਰੀ ਨੇ ਸਦਨ 'ਚ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਅਤੇ ਰਾਜਪਾਲ ਵੱਲੋਂ ਜਤਾਏ ਇਤਰਾਜ਼ 'ਤੇ ਚਤੁਰ ਪੈਂਤੜਾ ਅਖਤਿਆਰ ਕਰਦਿਆਂ ਕਹਿ ਦਿੱਤਾ ਕਿ ਸੁਪਰੀਮ ਕੋਰਟ ਦਾ ਰੁੱਖ ਕੀਤਾ ਜਾਵੇਗਾ। ਉਨ੍ਹਾਂ ਨੇ ਨਾਲ ਹੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਦੀ ਤਰੀਕ ਵੀ ਮੁਕੱਰਰ ਕਰ ਦਿੱਤੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਤਿੰਨ ਬਿੱਲਾਂ ਨੂੰ ਗਵਰਨਰ ਵੱਲੋਂ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ, ਉਨ੍ਹਾਂ ਨੂੰ ਸਦਨ ਵਿੱਚ ਪੇਸ਼ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਮਾਨ ਜਿਹੜੇ ਕਿ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਅਕਸਰ ਵੰਗਾਰਦੇ ਰਹੇ ਹਨ ਅਤੇ ਉਨ੍ਹਾਂ ਵੱਲੋਂ ਭੇਜੇ ਪੱਤਰਾਂ ਨੂੰ ਲਵ ਲੈਟਰ ਦਾ ਨਾਂ ਦਿੰਦੇ ਰਹੇ ਹਨ, ਨੇ ਕਹਿ ਦਿੱਤਾ ਕਿ ਉਹ ਰਾਜ ਭਵਨ ਨਾਲ ਆਏ ਦਿਨੀਂ ਕੋਈ ਲੜਾਈ-ਝਗੜਾ ਨਹੀਂ ਚਾਹੁੰਦੇ ਹਨ। ਭਗਵੰਤ ਮਾਨ ਨੇ ਆਪਣੀ ਸਪੀਚ ਦੌਰਾਨ ਰਾਜਪਾਲ ਨੂੰ ਪੰਜਾਬੀਆਂ ਨੂੰ ਧਮਕਾਉਣਾ ਬੰਦ ਕਰਨ ਦੀ ਚੇਤਾਵਨੀ ਵੀ ਦੇ ਦਿੱਤੀ ਹੈ। ਬਜਟ ਸੈਸ਼ਨ ਵੇਲੇ ਵੀ ਪੰਜਾਬ ਸਰਕਾਰ ਨੂੰ ਰਾਜਪਾਲ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਸੀ। ਸੰਸਦੀ ਮਾਮਲਿਆਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਸਦਨ ਦੀ ਕਾਰਵਾਈ ਮੁਲਤਵੀ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਤਾਂ ਹਾਊਸ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਹੁਣ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਸੈਸ਼ਨ ਸੱਦਿਆ ਜਾਵੇਗਾ। ਸਰਕਾਰ ਨੇ ਇਸ ਵਾਰ ਵੀ ਬੜੀ ਚਲਾਕੀ ਨਾਲ ਸੈਸ਼ਨ ਅਣਮਿੱਥੇ ਸਮੇਂ ਲਈ ਉਠਾਇਆ ਹੈ, ਸਗੋਂ ਬੰਦ ਨਹੀਂ ਕੀਤਾ ਤਾਂ ਜੋ ਰਾਜਪਾਲ ਤੋਂ ਮੁੜ ਇਸਦੀ ਪ੍ਰਵਾਨਗੀ ਨਾ ਲੈਣੀ ਪਵੇ।

ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਨੇ ਆਪਸੀ ਭੇੜ ਦੌਰਾਨ ਇੱਕ ਦੂਜੇ ਨੂੰ ਵੰਗਾਰਿਆ। ਪ੍ਰਤਾਪ ਸਿੰਘ ਬਾਜਵਾ ਨੇ ਜਦੋਂ ਭਗਵੰਤ ਮਾਨ ਨੂੰ 'ਤੂੰ' ਕਹਿ ਦਿੱਤਾ ਤਾਂ ਮੁੱਖ ਮੰਤਰੀ ਦਾ ਕਹਿਣਾ ਸੀ ਕਿ ਵਿਰੋਧੀ ਧਿਰ ਦੇ ਨੇਤਾ ਵਿੱਚ ਹੰਕਾਰ ਬੋਲ ਰਿਹਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੀ ਨਿਸ਼ਾਨਾ ਵਿੰਨ੍ਹਦੇ ਰਹੇ।

ਦੋਹਾਂ ਧਿਰਾਂ ਦੇ ਵਿਧਾਇਕ ਕਈ ਵਾਰ ਆਮੋ ਸਾਹਮਣੇ ਹੋਏ ਤਾਂ ਮੁੱਖ ਮੰਤਰੀ ਨੇ ਵਿਰੋਧੀ ਧਿਰ ਨੂੰ ਜਾਬਤੇ ਵਿੱਚ ਰਹਿਣ ਦੀ ਅਪੀਲ ਕੀਤੀ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਹਾਊਸ ਦੇ ਮੈਂਬਰਾਂ ਨੂੰ ਸ਼ਬਦਾਂ ਦੀ ਮਰਿਆਦਾ ਬਣਾਈ ਰੱਖਣ ਦੀ ਨਸੀਹਤ ਦੇ ਦਿੱਤੀ। ਸਦਨ ਦੀ ਕਾਰਵਾਈ ਵਿੱਚ ਕਈ ਵਾਰੀ ਵਿਘਨ ਪਿਆ ਰਿਹਾ। ਨਸ਼ਿਆਂ ਨੂੰ ਲੈ ਕੇ ਭਗਵੰਤ ਸਿੰਘ ਮਾਨ ਨੇ ਕਾਂਗਰਸ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਨੂੰ ਵੀ ਵਿੱਚੇ ਘੜੀਸ ਲਿਆ। ਮੰਤਰੀ ਨੇ ਇਹ ਕਹਿ ਕੇ ਭਾਰੂ ਹੋਣ ਦੀ ਕੋਸ਼ਿਸ਼ ਕੀਤੀ ਕਿ ਅਰਵਿੰਦ ਕੇਜਰੀਵਾਲ ਤਾਂ ਕਾਂਗਰਸੀਆਂ ਨੂੰ ਸੁਪਨੇ ਵਿੱਚ ਵੀ ਡਰਾਉਣ ਲੱਗਾ ਹੈ, ਪਰ ਉਨ੍ਹਾਂ ਦੀ ਗੱਲ ਨਾ ਬਣੀ। ਮੁੱਖ ਮੰਤਰੀ ਜਦੋਂ ਸੰਬੋਧਨ ਕਰਨ ਲਈ ਉੱਠੇ ਤਾਂ ਪ੍ਰਤਾਪ ਸਿੰਘ ਬਾਜਵਾ ਆਪਣੇ ਫੋਨ ਉੱਤੇ ਲੱਗੇ ਹੋਏ ਸਨ, ਜਿਸ 'ਤੇ ਉਨ੍ਹਾਂ ਨੇ ਇਹ ਕਹਿ ਦਿੱਤਾ ਕਿ ਜਿਹੜੇ ਸੈਸ਼ਨ ਵਿੱਚ ਵੀ ਫੋਨ ਨਹੀਂ ਛੱਡਦੇ ਉਹ ਲੋਕਾਂ ਦਾ ਭਲਾ ਕੀ ਸੋਚਣਗੇ!

ਮੁੱਖ ਮੰਤਰੀ ਨੇ ਕਾਂਗਰਸੀਆਂ ਨੂੰ ਇਹ ਵੀ ਮਿਹਣਾ ਮਾਰ ਦਿੱਤਾ ਕਿ ਜਦੋਂ ਉਹ ਭ੍ਰਿਸ਼ਟਾਚਾਰ ਜਾਂ ਮਾਫੀਆ ਵਿੱਚ ਫਸੇ ਲੀਡਰਾਂ ਨੂੰ ਹੱਥ ਪਾਉਂਦੇ ਹਨ ਤਾਂ ਉਨ੍ਹਾਂ ਦੀ ਸ਼ਿਕਾਇਤ ਕਾਂਗਰਸ ਹਾਈ ਕਮਾਂਡ ਲੱਗਣ ਲੱਗ ਜਾਂਦੀ ਹੈ। ਮੁੱਖ ਮੰਤਰੀ ਦੇ ਇਸ ਸੰਕੇਤ ਤੋਂ ਸਮਝਣ ਵਾਲੇ ਕਈ ਕੁਝ ਸਮਝ ਗਏ ਹਨ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪੰਜਾਬ ਵਿਧਾਨ ਸਭਾ ਵਿੱਚ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਆਪਸੀ ਤਕਰਾਰ ਕਾਰਨ ਕੋਈ ਕੰਮ ਨਹੀਂ ਹੋ ਸਕਿਆ ਹੈ। ਇਸ ਤੋਂ ਪਹਿਲਾਂ ਵਿਧਾਨ ਸਭਾ ਵਿੱਚ ਵਿਧਾਇਕ ਗਾਲੀ ਗਲੋਚ ਵੀ ਹੁੰਦੇ ਰਹੇ ਹਨ ਅਤੇ ਪੱਗਾਂ ਨੂੰ ਵੀ ਹੱਥ ਪੈਂਦਾ ਰਿਹਾ ਹੈ। ਪੰਜਾਬ ਕਾਂਗਰਸ ਦੇ ਨੇਤਾ ਨਵਜੋਤ ਸਿੰਘ ਸਿੱਧੂ ਅਤੇ ਅਕਾਲੀ ਲੀਡਰ ਬਿਕਰਮ ਸਿੰਘ ਮਜੀਠੀਆ ਦੀਆਂ ਚੂੰਝਾਂ ਫਸਣੀਆਂ ਆਮ ਸਨ। ਦੇਸ਼ ਦੀ ਪਾਰਲੀਮੈਂਟ ਅਤੇ ਦੂਜੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀ ਹਾਲਤ ਵੀ ਇਸ ਤੋਂ ਵੱਖਰੀ ਨਹੀਂ, ਕਈ ਥਾਂਈਂ ਤਾਂ ਇੱਕ-ਦੂਜੇ ਦੇ ਮੁੱਕੇ ਵੀ ਜੜ ਦਿੱਤੇ ਜਾਂਦੇ ਰਹੇ ਹਨ।

ਫਿਲਮ ਐਕਟਰ ਹੋਣ ਜਾਂ ਸਾਡੇ ਸਿਆਸੀ ਲੀਡਰ ਮੁਲਕ ਦੇ ਨੌਜਵਾਨਾਂ ਲਈ ਮਾਡਲ ਬਣ ਰਹੇ ਹਨ। ਇਸ ਕਰਕੇ ਇਨ੍ਹਾਂ ਦੀ ਜ਼ਿੰਮੇਵਾਰੀ ਤਾਂ ਅਨੁਸ਼ਾਸਨ ਵਿੱਚ ਰਹਿਣ ਦੀ ਹੋਰ ਵੀ ਵੱਧ ਜਾਂਦੀ ਹੈ। ਵਿਧਾਇਕ ਜਾਂ ਸੰਸਦ ਚੁਣੇ ਜਾਣ ਤੋਂ ਬਾਅਦ ਸਰਕਾਰ ਦੇ ਖਜ਼ਾਨੇ ਵਿੱਚੋਂ ਇਨ੍ਹਾਂ ਉੱਤੇ ਅਰਬਾਂ-ਖਰਬਾਂ ਰੁਪਏ ਖਰਚ ਆਉਂਦੇ ਹਨ, ਇਸ ਕਰਕੇ ਸਿਆਸੀ ਲੀਡਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਉੱਤੇ ਇੱਕ ਬਹੁਤ ਵੱਡੇ ਜ਼ਿੰਮੇਵਾਰੀ ਹੈ। ਉਨ੍ਹਾਂ ਨੂੰ ਆਪਣਾ ਹਰੇਕ ਕਦਮ ਸੰਭਾਲ ਕੇ ਅੱਗੇ ਰੱਖਣਾ ਚਾਹੀਦਾ ਹੈ।

ਮੁਲਕ ਦੇ 37 ਫੀਸਦੀ ਮੈਂਬਰ ਪਾਰਲੀਮੈਂਟ ਅਤੇ 44 ਫੀਸਦੀ ਵਿਧਾਇਕ ਅਪਰਾਧਕ ਕੇਸਾਂ ਵਿੱਚ ਫਸੇ ਹੋਏ ਹਨ। ਕਈਆਂ ਉੱਤੇ ਕਤਲ ਅਤੇ ਬਲਾਤਕਾਰ ਦੇ ਦੋਸ਼ ਹਨ। ਵੋਟਰਾਂ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਵੋਟ ਦੇਣ ਤੋਂ ਪਹਿਲਾਂ ਉਮੀਦਵਾਰਾਂ ਦੀ ਨੈਤਿਕਤਾ ਜ਼ਰੂਰ ਦੇਖਣ। ਚੁਣੇ ਸਿਆਸੀ ਲੀਡਰਾਂ ਨੂੰ ਲਿਫਾਫੇਬਾਜੀ ਦਾ ਡਰਾਮਾ ਛੱਡ ਕੇ ਨਿਰਸੁਆਰਥ ਸੇਵਾ ਵਾਲੀ ਪਹੁੰਚ ਅਪਨਾਉਣੀ ਚਾਹੀਦੀ ਹੈ। ਹੁਣ ਜਦੋਂ ਕਿ ਸਰਕਾਰਾਂ ਅਪਰਾਧਿਕ ਪਿਛੋਕੜ ਵਾਲੇ ਲੀਡਰਾਂ ਨੂੰ ਪਿੱਛੇ ਨਹੀਂ ਪਾ ਰਹੀਆਂ ਹਨ, ਅਦਾਲਤਾਂ ਅਤੇ ਭਾਰਤ ਦਾ ਚੋਣ ਕਮਿਸ਼ਨ ਵੀ ਹੱਥ ਖੜ੍ਹੇ ਕਰ ਚੁੱਕਾ ਹੈ ਤਾਂ ਇਸ ਵੇਲੇ ਵੋਟਰਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਮੁਲਕ ਦੀ ਪਾਰਲੀਮੈਂਟ ਅਤੇ ਸੂਬੇ ਦੀ ਵਿਧਾਨ ਸਭਾ ਲੋਕ ਮਸਲਿਆਂ 'ਤੇ ਚਰਚਾ ਕਰਨ ਲਈ ਰੱਖੀ ਜਾਂਦੀ ਹੈ, ਨਾ ਕਿ ਇੱਕ-ਦੂਜੇ ਉੱਤੇ ਚਿੱਕੜ ਸੁੱਟਣ ਲਈ! ਪੰਜਾਬ ਵਿਧਾਨ ਸਭਾ ਦਾ ਸੈਸ਼ਨ ਲਾਈਵ ਹੁੰਦਾ ਹੈ, ਪਰ ਵਿਰੋਧੀ ਧਿਰ ਕੈਮਰੇ ਦਾ ਮੂੰਹ ਸਰਕਾਰ ਦੇ ਵਿਧਾਇਕਾਂ ਵੱਲ ਨੂੰ ਰੱਖਣ ਤੋਂ ਖਫਾ ਹੈ। ਇਸ ਨਾਲੋਂ ਸਿਆਸੀ ਲੋਕਾਂ ਦੀ ਵੱਧ ਬਦਨੀਤੀ ਅਤੇ ਪੰਜਾਬ ਵਾਸੀਆਂ ਦੀ ਬਦਕਿਸਮਤੀ ਕੀ ਹੋ ਸਕਦੀ ਹੈ!


## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ



'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

## ਨਿਠਾਰੀ ਕਾਂਡ

# ਘਟੀਆ ਪੜਤਾਲ ਤੇ ਸਬੂਤਾਂ ਦੀ ਘਾਟ ਨੂੰ ਬਿਆਨ ਕਰਦਾ ਅਲਾਹਾਬਾਦ ਹਾਈਕੋਰਟ ਦਾ ਫੈਸਲਾ

ਪੰਜਾਬੀ ਪਰਵਾਜ਼ ਬਿਊਰੋ

ਸਾਲ 2006 'ਚ ਦਿੱਲੀ ਨਾਲ ਲਗਦੇ ਸ਼ਹਿਰ ਨੋਇਡਾ ਵਿੱਚ ਅਪਰਾਧ ਦੀ ਦੁਨੀਆਂ ਦਾ ਇੱਕ ਮਸ਼ਹੂਰ ਕਿੱਸਾ ਵਾਪਰਿਆ, ਜਿਸ ਦੇ ਪੜਤਾਲੀਆ ਵੇਰਵੇ ਸੁਣ ਕੇ ਲੋਕ ਅਵਾਕ ਰਹਿ ਗਏ ਸਨ। ਇਹ ਸਰੀਅਲ ਕਤਲ ਕਾਂਡ 'ਨਿਠਾਰੀ ਕੇਸ' ਦੇ ਨਾਂ ਨਾਲ ਸਾਹਮਣੇ ਆਇਆ ਸੀ, ਜਿਸ ਵਿੱਚ 19 ਬੱਚੇ ਅਤੇ ਕੁਝ ਜਵਾਨ ਕੁੜੀਆਂ ਲਾਪਤਾ ਹੋ ਗਈਆਂ ਸਨ। ਬਾਅਦ ਵਿੱਚ ਉਨ੍ਹਾਂ ਦੇ ਪਿੰਜਰ ਇੱਥੇ ਵਗਦੇ ਗੰਦੇ ਨਾਲਿਆਂ ਵਿਚੋਂ ਮਿਲੇ ਸਨ। ਇਸ ਕੇਸ ਵਿੱਚ ਨੋਇਡਾ ਦੇ ਸੈਕਟਰ-31 ਵਿੱਚ ਸਥਿਤ ਸਥਿਤ ਡੀ-5 ਨਾਂ ਦੀ ਕੋਠੀ ਚਰਚਿਤ ਹੋ ਗਈ ਸੀ, ਜਿਸ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਉਸ ਦੇ ਨੌਕਰ ਸੁਰਿੰਦਰ ਕੋਹਲੀ ਨੂੰ ਪੁਲਿਸ ਨੇ ਇਸ ਭਿਆਨਕ ਕਤਲ ਕਾਂਡ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਪਿੱਛੋਂ ਇਸ ਕੇਸ ਦੀ ਪੜਤਾਲ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਸੀ। ਉਪਰੋਕਤ ਦੋਹਾਂ ਕਥਿਤ ਅਪਰਾਧੀਆਂ ਨੂੰ ਇੱਕ ਮਾਮਲੇ ਵਿੱਚ ਅਲਾਹਾਬਾਦ ਹਾਈਕੋਰਟ ਨੇ ਬਰੀ ਕਰ ਦਿੱਤਾ ਹੈ, ਜਦਕਿ ਉਸ ਦਾ ਨੌਕਰ ਇੱਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤਦਾ ਰਹੇਗਾ।

ਇਹ ਕਿੱਸਾ ਇਸ ਖੁਲਾਸੇ ਕਰਕੇ ਵੀ ਚਰਚਾ ਦਾ ਵਿਸ਼ਾ ਬਣਿਆ ਸੀ ਕਿ ਦੋਸ਼ੀ ਕਥਿਤ ਤੌਰ 'ਤੇ ਮਨੁੱਖੀ ਮਾਸ ਖਾਣ ਦੇ ਆਦੀ ਸਨ। 12 ਨਵੰਬਰ 2006 ਵਾਲੇ ਦਿਨ ਮਨਿੰਦਰ ਸਿੰਘ ਪੰਧੇਰ ਦੀ ਕੋਠੀ ਦੇ ਪਿੱਛਲੇ ਪਾਸੇ ਵਗਦੇ ਗੰਦੇ ਨਾਲੇ ਵਿੱਚੋਂ ਕਤਲ ਹੋਏ 8 ਵਿਅਕਤੀ ਦੇ ਸਰੀਰਾਂ ਦੇ ਕੁਝ ਅੰਸ਼/ਪਿੰਜਰ ਵਗੈਰਾ ਮਿਲੇ ਸਨ। ਪੁਲਿਸ ਨੇ ਉਸ ਵਕਤ ਦਾਅਵਾ ਕੀਤਾ ਸੀ ਕਿ ਮਾਰੇ ਗਏ ਮਨੁੱਖੀ ਸਰੀਰਾਂ ਦੀ ਇਹ ਰਹਿੰਦ ਖੂੰਹਦ ਪੰਧੇਰ ਅਤੇ ਕੋਹਲੀ ਦੀ ਨਿਸ਼ਾਨਦੇਹੀ 'ਤੇ ਬਰਾਮਦ ਕੀਤੀ ਗਈ ਹੈ, ਪਰ ਦੋਸ਼ੀਆਂ ਨੂੰ ਹੁਣ ਅਲਾਹਾਬਾਦ ਹਾਈਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਅਦਾਲਤ ਨੇ ਇਹ ਦੋਸ਼ ਵੀ ਲਾਇਆ ਕਿ ਪੁਲਿਸ ਤੇ ਪਿੱਛੋਂ ਸੀ.ਬੀ.ਆਈ. ਦੇ ਤਫਤੀਸ਼ੀ ਅਧਿਕਾਰੀਆ ਨੇ ਪੜਤਾਲ, ਪੰਚਨਾਮਾ, ਅਦਾਲਤ ਵਿੱਚ ਦੋਸ਼ੀਆਂ ਵਲੋਂ ਅਪਰਾਧ ਸਵਿਕਾਰ ਕਰਵਾਉਣ ਦੇ ਮਾਮਲੇ ਵਿੱਚ ਵੱਡੀਆਂ ਕੁਤਾਹੀਆਂ ਕੀਤੀਆਂ। ਸੀ.ਬੀ.ਆਈ. ਦੀ ਪੜਤਾਲ ਵਿੱਚ ਵੱਡੇ ਖੱਪਿਆਂ ਦਾ ਆਦਲਤ ਨੇ ਜ਼ਿਕਰ ਕੀਤਾ ਹੈ। ਅਦਾਲਤ ਨੇ ਕਿਹਾ, ਗ੍ਰਿਫਤਾਰੀ ਮੀਮੋ ਰਿਕਾਰਡ ਵਿੱਚ ਨਹੀਂ ਰੱਖਿਆ ਗਿਆ। ਵੱਖ-ਵੱਖ ਸਰਕਾਰੀ ਗਵਾਹਾਂ ਦੇ ਬਿਆਨ ਅਲੱਗ-ਅਲੱਗ ਤਰ੍ਹਾਂ ਦੇ ਹਨ। ਇੱਕ-ਦੂਜੇ ਦੇ ਵਿਰੋਧੀ ਵੀ ਹਨ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਆਫਤਾਬ ਹੁਸੈਨ ਰਿਜਵੀ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਪੜਤਾਲ 'ਲਾਪ੍ਰਵਾਹੀ' ਨਾਲ ਕੀਤੀ ਗਈ ਅਤੇ ਸਬੂਤ ਇਕੱਠੇ ਕਰਨ ਸਮੇਂ 'ਬੁਨਿਆਦੀ ਅਸੂਲਾਂ' ਦਾ ਵੀ ਖਿਆਲ ਨਹੀਂ ਰੱਖਿਆ ਗਿਆ। ਜਿਸ ਤਰ੍ਹਾਂ ਨਿਠਾਰੀ ਕੇਸ ਦੀ, ਖਾਸ ਕਰਕੇ ਲਾਪਤਾ ਹੋਏ ਵਿਅਕਤੀਆਂ ਬਾਰੇ, ਗ੍ਰਿਫਤਾਰੀ ਦੇ ਮਹੱਤਵਪੂਰਨ ਪੱਖਾਂ; ਗ੍ਰਿਫਤਾਰੀ, ਬਰਾਮਦਗੀ ਅਤੇ ਦੋਸ਼ ਸਵੀਕਾਰਨ ਦੇ ਬਿਆਨ ਆਦਿ ਦਰਜ ਕਰਨ ਵਿੱਚ ਸਿਰੇ ਦੀ ਲਾਪ੍ਰਵਾਹੀ ਤੇ ਗੈਰ-ਜ਼ਿੰਮੇਵਾਰੀ ਵਰਤੀ ਗਈ, ਇਸ ਸਾਰੇ ਕੁਝ ਨੇ ਸਾਨੂੰ ਨਿਰਾਸ਼ ਕੀਤਾ ਹੈ। ਅਦਾਲਤ ਨੇ ਟਿੱਪਣੀ ਕੀਤੀ।

ਇਸਤਗਾਸਾ ਪੱਖ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ 29 ਦਸੰਬਰ 2006 ਵਾਲੇ ਦਿਨ ਕੋਹਲੀ ਨੂੰ ਗ੍ਰਿਫਤਾਰ ਕੀਤਾ ਅਤੇ ਉਸ ਦੀ ਨਿਸ਼ਾਨਦੇਹੀ 'ਤੇ ਮਾਰੇ ਗਏ ਸਰੀਰਾਂ ਦੇ ਬਚਦੇ-ਖੁਚਦੇ ਢਾਂਚੇ ਬਰਾਮਦ ਕੀਤੇ ਗਏ। ਅਦਾਲਤ ਨੇ ਪਾਇਆ ਕਿ ਨਾ ਤਾਂ ਡਿਸਕਲੋਜ਼ਰ ਸਟੇਟਮੈਂਟ ਦਰਜ ਕੀਤੀ ਗਈ ਅਤੇ ਨਾ ਹੀ ਦੋਸ਼ੀ ਦਾ ਪੰਚਨਾਮਾ ਰਿਕਾਰਡ ਵਿੱਚ ਸੀ; ਨਾ ਹੀ ਦੋਸ਼ੀ ਵਲੋਂ ਦਰਜ ਕੀਤੀ ਗਈ ਸੂਚਨਾ ਦੀ ਪੁਸ਼ਟੀ ਕਰਨ ਲਈ ਕੋਈ ਆਜ਼ਾਦ ਗਵਾਹ ਪੇਸ਼ ਕੀਤਾ ਗਿਆ। ਅਦਾਲਤ ਨੇ ਆਪਣੇ ਫੈਸਲੇ ਵਿੱਚ ਹੋਰ ਕਿਹਾ ਕਿ ਕਥਿਤ ਡਿਸਕਲੋਜ਼ਰ ਸਟੇਟਮੈਂਟ ਲਈ ਦਰਜ ਕੀਤੇ ਗਏ ਸਮੇਂ, ਸਥਾਨ ਬਾਰੇ ਬਹੁਤ ਸਾਰੀਆਂ ਕੁਤਾਹੀਆਂ ਹਨ। ਅਦਾਲਤ ਨੇ ਆਪਣੈ ਫੈਸਲੇ ਵਿੱਚ ਕਿਹਾ ਕਿ ਕਿਸੇ ਵੀ ਡਿਸਕਲੋਜ਼ਰ ਸਟੇਟਮੈਂਟ ਦੀ ਗੈਰ-ਹਾਜ਼ਰੀ ਤੋਂ ਇਲਾਵਾ ਸਮੇਂ ਅਤੇ ਸਥਾਨ ਬਾਰੇ ਆਪਾ-ਵਿਰੋਧੀ ਗਵਾਹੀਆਂ ਹਨ ਤੇ ਦੋਸ਼ ਸਵੀਕਾਰਨ ਸਬੰਧੀ ਲਿਖਤ ਦੀਆਂ ਊਣਤਾਈਆਂ ਹਨ। ਦੋਸ਼ੀਆਂ ਵਲੋਂ ਦਿੱਤੀਆਂ ਗਈਆਂ ਸੂਚਨਾਵਾਂ ਦੀ ਪੁਸ਼ਟੀ ਕਰਨ ਵਿੱਚ ਪੜਤਾਲੀਆ ਏਜੰਸੀ ਨਾਕਾਮ ਰਹੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਬਰਾਮਦ ਕੀਤੀਆਂ ਗਈਆਂ ਮਨੁੱਖੀ ਖੋਪਰੀਆਂ, ਹੱਡੀਆਂ ਅਤੇ ਪਿੰਜਰਾਂ ਨੂੰ ਅਦਾਲਤ ਵਿੱਚ ਸਬੂਤਾਂ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ।

ਫੈਸਲਾ ਇਹ ਵੀ ਦੱਸਦਾ ਹੈ ਕਿ ਗਵਾਹੀਆਂ ਇਸ ਗੱਲ ਨੂੰ ਵੀ ਸਿੱਧ ਨਹੀਂ ਕਰ ਸਕੀਆਂ ਕਿ ਮਨੁੱਖੀ ਸਰੀਰਾਂ ਦੀ ਰਹਿੰਦ-ਖੂੰਹਦ 29 ਦਸੰਬਰ 2006 ਨੂੰ ਬਰਾਮਦ ਕੀਤੀ ਗਈ। ਆਜ਼ਾਦ ਗਵਾਹ ਨੇ ਆਪਣੀ ਗਵਾਹੀ ਵਿੱਚ ਕਿਹਾ ਕਿ ਉਹ ਜਦੋਂ ਮੌਕੇ 'ਤੇ ਆਇਆ ਤਾਂ ਭੀੜ ਇਕੱਠੀ ਹੋ ਚੁੱਕੀ ਸੀ ਅਤੇ ਮਨੁੱਖੀ ਅੰਗ ਪਹਿਲਾਂ ਹੀ ਬਰਾਮਦ ਕੀਤੇ ਜਾ ਚੁੱਕੇ ਸਨ। ਅਦਾਲਤ ਨੇ ਕਿਹਾ ਕਿ 60 ਦਿਨ ਲੰਮੀ ਹਿਰਾਸਤ ਦੇ ਬਾਵਜੂਦ ਸਰਕਾਰੀ ਪੱਖ ਇਹ ਸਾਬਤ ਕਰਨ ਵਿੱਚ ਨਾਕਾਮ ਰਹੀ ਕਿ ਮਨੁੱਖੀ ਰਹਿੰਦ-ਖੂਹੰਦ ਸੁਰਿੰਦਰ ਕੋਹਲੀ ਦੇ ਦੱਸੇ ਜਾਣ 'ਤੇ ਬਰਾਮਦ ਕੀਤੀ ਗਈ ਸੀ। ਜਦੋਂ ਕੋਹਲੀ 29 ਦਸੰਬਰ ਨੂੰ ਹੀ ਪੁਲਿਸ ਕੋਲ ਆਪਣਾ ਦੋਸ਼ ਸਵੀਕਾਰ ਕਰ ਚੁੱਕਾ ਸੀ ਤਾਂ ਉਸ ਨੂੰ ਇਹ ਦੋਸ਼ ਸਵੀਕਾਰ ਕਰਨ ਲਈ ਇੱਕ ਮਾਰਚ ਤੋਂ ਪਹਿਲਾਂ ਅਦਾਲਤ ਵਿੱਚ ਕਿਉਂ ਨਹੀਂ ਪੇਸ਼ ਕੀਤਾ ਗਿਆ? ਇਸ ਤੋਂ ਇਲਾਵਾ ਕੋਹਲੀ ਨੇ ਪੁਲਿਸ ਹਿਰਾਸਤ ਵਿੱਚ ਤਸ਼ੱਦਦ ਦੇ ਦੋਸ਼ ਲਾਏ, ਇਸ ਲਈ ਉਸ ਦਾ ਦੋਸ਼ ਸਵੀਕਾਰਨ ਦਾ ਪੱਤਰ ਸਹੀ ਨਹੀਂ ਕਿਹਾ ਜਾ ਸਕਦਾ। ਅਦਾਲਤ ਨੇ ਇਹ ਵੀ ਪੁੱਛਿਆ ਕਿ ਇੱਕ ਅਨਪੜ੍ਹ ਵਿਅਕਤੀ (ਕੋਹਲੀ) ਇਸ ਕਿਸਮ ਦਾ ਆਤਮ ਸਵੀਕਾਰ ਕਿਸ ਤਰ੍ਹਾਂ ਲਿਖ ਸਕਦਾ ਹੈ? 60 ਦਿਨ ਪੁਲਿਸ ਹਿਰਾਸਤ ਵਿੱਚ ਰੱਖ ਕੇ ਲਈ ਗਈ ਆਤਮ ਸਵੀਕਾਰ ਦੀ ਸਟੇਟਮੈਂਟ ਕਿਸੇ ਵੀ ਆਜ਼ਾਦ ਗਵਾਹ ਦੀ ਗੈਰ ਹਾਜ਼ਰੀ ਵਿੱਚ ਸਵੀਕਾਰੀ ਨਹੀਂ ਜਾ ਸਕਦੀ। ਅਦਾਲਤ ਨੇ ਇਹ ਵੀ ਕਿਹਾ ਕਿ ਲੰਮੀ-ਚੌੜੀ ਪੜਤਾਲ ਵਿੱਚ ਹੌਲੀ-ਹੌਲੀ ਗਰੀਬੀ ਮਾਰੇ ਸੁਰਿੰਦਰ ਕੋਹਲੀ ਵੱਲ਼ ਖਿਸਕਾਉਣ ਦਾ ਯਤਨ ਕੀਤਾ ਗਿਆ।



ਯਾਦ ਰਹੇ, ਸਾਲ 2007 ਵਿੱਚ ਸੀ.ਬੀ.ਆਈ. ਵਲੋਂ ਕੋਹਲੀ ਅਤੇ ਪੰਧੇਰ ਖਿਲਾਫ 19 ਮਾਮਲੇ ਦਰਜ ਕੀਤੇ ਗਏ ਸਨ। 3 ਮਾਮਲਿਆਂ ਵਿੱਚ ਸਬੂਤਾਂ ਦੀ ਘਾਟ ਕਾਰ ਸੀ.ਬੀ.ਆਈ. ਨੇ ਕਲੋਜ਼ਰ ਰਿਪੋਰਟ ਦਾਖਲ ਕਰ ਦਿੱਤੀ ਸੀ। ਬਾਕੀ ਬਚਦੇ 16 ਕੇਸਾਂ ਵਿੱਚੋਂ 3 ਵਿੱਚ ਕੋਹਲੀ ਬਰੀ ਹੋ ਚੁੱਕਾ ਹੈ। ਇੱਕ ਵਿੱਚ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਹੋ ਚੁੱਕੀ ਹੈ। ਇਸ ਸਜ਼ਾ ਘਟਾਉਣ ਦੇ ਫੈਸਲੇ ਵਿਰੁੱਧ ਉਤਰ ਪ੍ਰਦੇਸ਼ ਸਰਕਾਰ ਦੀ ਇੱਕ ਪਟੀਸ਼ਨ ਸੁਪਰੀਮ ਕੋਰਟ ਵਿੱਚ ਬਕਾਇਆ ਪਈ ਹੈ। ਬਾਕੀ ਬਚਦੇ 12 ਕੇਸਾਂ ਵਿੱਚ ਉਸ ਨੂੰ ਬਰੀ ਕਰ ਦਿੱਤਾ ਗਿਆ ਹੈ। ਮਨਿੰਦਰ ਸਿੰਘ ਪੰਧੇਰ ਦੇ ਖਿਲਾਫ ਛੇ ਕੇਸਾਂ ਵਿੱਚ ਦੋਸ਼ ਲੱਗੇ ਸਨ। ਇਕ ਕੇਸ ਸੀ.ਬੀ.ਆਈ. ਵੱਲੋਂ ਸੀ, ਜਦਕਿ ਪੰਜ ਕੇਸ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਰਜ ਕਰਵਾਏ ਗਏ ਸਨ। ਤਿੰਨ ਕੇਸਾਂ ਵਿੱਚ ਪੰਧੇਰ ਸੈਸ਼ਨ ਕੋਰਟ ਵਿੱਚ ਬਰੀ ਹੋ ਚੁੱਕਾ ਹੈ। 2009 ਵਿੱਚ ਉਸ ਨੂੰ ਇੱਕ ਕੇਸ ਵਿੱਚ ਅਲਾਹਾਬਾਦ ਹਾਈਕੋਰਟ ਨੇ ਬਰੀ ਕਰ ਦਿੱਤਾ ਸੀ। ਬੀਤੀ 16 ਅਕਤੂਬਰ ਨੂੰ ਹਾਈਕੋਰਟ ਨੇ ਉਸ ਨੂੰ ਦੋ ਹੋਰ ਕੇਸਾਂ ਵਿੱਚ ਬਰੀ ਕਰ ਦਿੱਤਾ।

ਅਲਾਹਾਬਾਦ ਹਾਈਕੋਰਟ ਨੇ ਇਹ ਵੀ ਇਸ਼ਾਰਾ ਦਿੱਤਾ ਕਿ ਪੰਧੇਰ ਦੇ ਘਰ ਲਾਗੇ ਹੀ ਇੱਕ ਕੋਠੀ ਵਾਲਿਆਂ 'ਤੇ ਮਨੁੱਖੀ ਅੰਗਾਂ ਦੀ ਤਸਕਰੀ ਕਰਨ ਦਾ ਸ਼ੱਕ ਸੀ। ਇਸ ਮਾਮਲੇ ਵਿੱਚ ਬੱਚਿਆਂ ਦੇ ਵਿਕਾਸ ਸਬੰਧੀ ਕੇਂਦਰ ਮੰਤਰਾਲੇ ਵੱਲੋਂ ਬਣਾਈ ਪੜਤਾਲੀਆ ਕਮੇਟੀ ਵਲੋਂ ਸ਼ੱਕ ਕੀਤਾ ਗਿਆ ਸੀ, ਪਰ ਇਸ ਪੱਖ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਗਿਆ। ਇਸ ਕੋਠੀ ਦੀ ਤਲਾਸ਼ੀ ਲਈ ਗਈ ਸੀ ਪਰ ਕੁਝ ਵੀ ਨਾ ਮਿਲਣ 'ਤੇ ਇਸ ਦੇ ਮਾਲਕਾਂ ਦੀ ਕੋਈ ਪੁੱਛ-ਪੜਤਾਲ ਨਹੀਂ ਕੀਤੀ ਗਈ। ਮਨਿਸਟਰੀ ਆਫ ਵੋਮੈਨ ਐਂਡ ਚਾਈਲਡ ਡਿਵੈਲਪਮੈਂਟ ਵਿਭਾਗ ਵਲੋਂ ਬਣਾਈ ਗਈ ਕਮੇਟੀ ਨੇ ਕਿਹਾ ਕਿ "ਇਹ ਵੇਖ ਕੇ ਅਜੀਬ ਲੱਗਿਆ ਕਿ ਸਾਰੇ ਮ੍ਰਿਤਕ ਸਰੀਰਾਂ ਦੇ ਵਿਚਕਾਰਲੇ ਹਿੱਸੇ ਗਾਇਬ ਕੀਤੇ ਗਏ ਸਨ। ਇਸ ਤੋਂ ਜਾਪਦਾ ਸੀ ਕਿ ਇਹ ਮਨੁੱਖੀ ਅੰਗਾਂ, ਖਾਸ ਕਰਕੇ ਕਿਡਨੀ ਦੀ ਤਸਕਰੀ ਦਾ ਮਾਮਲਾ ਹੋ ਸਕਦਾ ਹੈ।

ਸਾਰੇ ਕੇਸਾਂ ਵਿੱਚ ਬਰੀ ਹੋਣ ਕਾਰਨ ਮਨਿੰਦਰ ਸਿੰਘ ਪੰਧੇਰ ਦੇ ਤਾਂ ਜੇਲ੍ਹ ਵਿੱਚ ਬਾਹਰ ਆਉਣ ਦਾ ਰਾਹ ਸਾਫ ਹੋ ਗਿਆ ਹੈ, ਜਦਕਿ ਸੁਰਿੰਦਰ ਕੋਹਲੀ ਖਿਲਾਫ ਇੱਕ ਕੇਸ ਬਾਕੀ ਹੈ, ਜਿਸ ਵਿੱਚ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਗਈ ਹੈ। ਉਹ ਇਸ ਕੇਸ ਵਿੱਚ ਹਾਲੇ ਵੀ ਜੇਲ੍ਹ ਵਿੱਚ ਰਹੇਗਾ। ਸੁਰਿੰਦਰ ਕੋਹਲੀ ਦੇ ਦੋ ਬੱਚੇ ਹਨ। ਉਸ ਦੀ ਘਰਵਾਲੀ ਕੋਹਲੀ ਦੀ ਗ੍ਰਿਫਤਾਰੀ ਤੋਂ ਬਾਅਦ ਆਪਣੇ ਪਿੰਡ ਚਲੀ ਗਈ ਸੀ। ਫਿਰ ਉਹ ਗੁਰੂਗਰਾਮ ਵਿੱਚ ਕਿਸੇ ਫੈਕਟਰੀ ਵਿੱਚ ਕੰਮ ਕਰਕੇ ਆਪਣੇ ਬੱਚੇ ਪਾਲਣ ਲੱਗੀ। ਇਸ ਦੌਰਾਨ ਸਮਾਜਕ ਕਲੰਕ ਕਾਰਨ ਕੋਹਲੀ ਨੂੰ ਮਿਲਣ ਵੱਲੋਂ ਉਸ ਨੇ ਪਾਸਾ ਵੱਟੀ ਰੱਖਿਆ।

ਇਸੇ ਦੌਰਾਨ ਨੋਇਡਾ ਦੇ ਨਿਠਾਰੀ ਵਿੱਚ ਮਾਰੇ ਗਏ ਬੱਚਿਆਂ ਦੇ ਪਰਿਵਾਰ ਇਸ ਫੈਸਲੇ ਤੋਂ ਨਿਰਾਸ਼ ਹਨ। ਉਨ੍ਹਾਂ ਵਿੱਚੋਂ ਕਈਆਂ ਨੇ ਫੈਸਲਾ ਸੁਣਨ ਤੋਂ ਬਾਅਦ ਸੈਕਟਰ-31 ਵਿਚਲੀ ਮਨਿੰਦਰ ਸਿੰਘ ਪੰਧੇਰ ਦੀ ਕੋਠੀ ਵੱਲ ਪੱਥਰ ਵੀ ਮਾਰੇ। ਇਕ ਵਿਅਕਤੀ, ਜਿਸ ਦੀ ਭਤੀਜੀ ਇਸ ਕਤਲ ਕਾਂਡ ਦਾ ਸ਼ਿਕਾਰ ਹੋ ਗਈ ਸੀ, ਨੇ ਰੋਂਦੇ ਹੋਏ ਕਿਹਾ ਕਿ ਸਾਡਾ ਵਿਸ਼ਵਾਸ ਭਾਰਤ ਦੇ ਨਿਆਂ ਪ੍ਰਬੰਧ ਤੋਂ ਉੱਠ ਗਿਆ ਹੈ। ਜੇ ਅਦਾਲਤ ਨੇ ਨਿਆਂ ਨਾ ਦਿੱਤਾ ਤਾਂ ਅਸੀਂ ਖੁਦ ਨਿਆਂ ਕਰਾਂਗੇ।





ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221 | Crystal Lake 825-459-3411 | Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਵੱਡੇ ਸਰਮਾਏਦਾਰਾਂ ਕੋਲੋਂ ਆਮ ਲੋਕਾਂ ਨੂੰ ਬਚਾਉਣ ਦਾ ਮਸਲਾ

## ਬਦਨੀਅਤੀਆਂ



ਕਰਮ ਬਰਸਟ
ਫੋਨ: +91-9417073831

ਸਾਲ 1991 ਦੀਆਂ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਦਰਬਾਰੀ ਜਾਂ ਲਿਹਾਜੂ ਪੂੰਜੀਵਾਦ ਦਾ ਇੱਕ ਅਜਿਹਾ ਦੌਰ ਸ਼ੁਰੂ ਹੁੰਦਾ ਹੈ, ਜਿਸ ਨਾਲ ਟਾਟਾ, ਬਿਰਲਾ ਵਰਗੇ ਰਵਾਇਤੀ ਵੱਡੇ ਪੂੰਜੀਪਤੀ ਘਰਾਣਿਆਂ ਦੀ ਥਾਂ ਅੰਬਾਨੀ, ਅੰਡਾਨੀ, ਲਕਸ਼ਮੀ ਮਿੱਤਲ, ਸਵਿਤਰੀ ਮਿੱਤਲ, ਸੁਨੀਲ ਮਿੱਤਲ, ਜਿੰਦਲ, ਆਜ਼ਮ ਪ੍ਰੇਮ ਜੀ ਵਰਗੇ ਅਨਜਾਣੇ ਵਿਅਕਤੀ ਇੱਕ ਦਮ ਹੀ ਤਜਾਰਤੀ ਸਮਾਜ ਉਪਰ ਧਰੂ ਤਾਰੇ ਵਾਂਗ ਚਮਕ ਉੱਠੇ ਸਨ। ਇਨ੍ਹਾਂ ਵਿਅਕਤੀਆਂ ਨੇ ਸੱਟੇਬਾਜ਼ ਪੂੰਜੀ ਬਨਾਮ ਸ਼ੇਅਰ ਬਾਜ਼ਾਰ ਦੀਆਂ ਬਾਰੀਕੀਆਂ ਨੂੰ ਅਜਿਹੀ ਮੁਹਾਰਤ ਨਾਲ ਵਰਤਿਆ ਕਿ ਟੈਲੀਕਾਮ, ਕੁਦਰਤੀ ਗੈਸ, ਪੈਟਰੋਲੀਅਮ ਪਦਾਰਥ, ਪ੍ਰਦੂਸ਼ਨ ਰਹਿਤ ਊਰਜਾ, ਬੰਦਰਗਾਹਾਂ, ਹਵਾਈ ਅੱਡਿਆਂ, ਸਮੁੰਦਰੀ ਜਹਾਜ਼ਰਾਨੀ ਤੋਂ ਇਲਾਵਾ ਖਾਧ ਪਦਾਰਥਾਂ ਦੀ ਮੰਡੀ ਉਪਰ ਵੀ ਇਜਾਰੇਦਾਰੀ ਸਥਾਪਤ ਕਰਨ ਵਿੱਚ ਸਫਲ ਹੋ ਗਏ। 1991-2014 ਤੱਕ ਦੀਆਂ ਕਾਂਗਰਸ ਸਰਕਾਰਾਂ ਨੇ ਇਸ ਲਿਹਾਜੂ ਪੂੰਜੀ ਨੂੰ ਉਤਸ਼ਾਹਿਤ ਕਰਨ ਲਈ ਪੁਰਾਣੀ ਕਿਸਮ ਦੇ ਸਾਰੇ ਵਪਾਰਕ ਨਿਯਮਾਂ, ਕਿਰਤ ਕਾਨੂੰਨਾਂ ਅਤੇ ਬਾਜ਼ਾਰ ਨੂੰ ਨਿਯਮਿਤ ਕਰਨ ਵਾਲੀਆਂ ਨੀਤੀਆਂ ਨੂੰ ਹੀ ਬਦਲ ਦਿੱਤਾ ਸੀ।

ਲਿਹਾਜੂ ਸਰਮਾਏਦਾਰੀ ਦਾ ਸਭ ਤੋਂ ਉਭਰਵਾਂ ਪ੍ਰਤੀਨਿਧ ਅਡਾਨੀ ਸਮੂਹ ਹੈ, ਜੋ ਇਸ ਵੇਲੇ ਭਾਰਤ ਦੀ ਬਹੁਰਾਸ਼ਟਰੀ ਕਾਰਪੋਰੇਸ਼ਨ ਕਹੀ ਜਾ ਸਕਦੀ ਹੈ, ਜਿਸ ਦੀਆਂ ਅਨੇਕਾਂ ਵੱਖ-ਵੱਖ ਸਹਾਇਕ ਕੰਪਨੀਆਂ ਹਨ।

ਅਡਾਨੀ ਦੇ ਵਿਲੱਖਣ ਕਾਰੋਬਾਰਾਂ ਵਿੱਚ ਬੰਦਰਗਾਹ ਪ੍ਰਬੰਧਨ, ਬਿਜਲੀ ਉਤਪਾਦਨ ਅਤੇ ਪ੍ਰਸਾਰਣ, ਨਵਿਆਉਣਯੋਗ ਊਰਜਾ, ਮਾਈਨਿੰਗ, ਹਵਾਈ ਅੱਡੇ ਦੇ ਸੰਚਾਲਨ, ਕੁਦਰਤੀ ਗੈਸ, ਫੂਡ ਪ੍ਰੋਸੈਸਿੰਗ ਅਤੇ ਬੁਨਿਆਦੀ ਢਾਂਚਾ ਵਗੈਰਾ ਸ਼ਾਮਲ ਹਨ। ਦੁਨੀਆ ਦੀ ਸਭ ਤੋਂ ਵੱਡੀ ਵਿੱਤੀ ਸਲਾਹਕਾਰ ਸੰਸਥਾ ਡੀਵੀਅਰ ਗਰੁੱਪ ਦੇ ਮੁਖੀ ਨਿਗੇਲ ਗ੍ਰੀਨ ਦਾ ਕਹਿਣਾ ਹੈ ਕਿ "ਗੌਤਮ ਅਡਾਨੀ ਦੀ ਅਗਵਾਈ ਵਾਲੀਆਂ ਕੰਪਨੀਆਂ ਦੇ ਵਿਵਾਦਗ੍ਰਸਤ ਮੁੱਦੇ ਵੱਡੇ ਵਪਾਰਕ ਜਗਤ ਅੰਦਰ ਚਿੰਤਾ ਦਾ ਕਾਰਨ ਬਣ ਰਹੇ ਹਨ, ਕਿਉਂਕਿ ਉਹ ਕਈ ਦਹਾਕਿਆਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਜ਼ਦੀਕੀ ਮਿੱਤਰ ਰਹੇ ਹਨ।"

ਇਨ੍ਹਾਂ ਕੰਪਨੀਆਂ ਵਿੱਚੋਂ ਹਰ ਇੱਕ ਦਾ ਵੱਖਰਾ ਵਪਾਰਕ ਮਾਡਲ ਹੋਣ ਦੇ ਬਾਵਜੂਦ ਇਨ੍ਹਾਂ ਦਾ ਸਾਂਝਾ ਵਪਾਰਕ ਮਾਡਲ ਹਮੇਸ਼ਾ ਹੀ ਸਰਕਾਰ ਦੇ ਹਿੱਤਾਂ ਨਾਲ ਮੇਲ ਖਾਂਦਾ ਰਿਹਾ ਹੈ। ਅਡਾਨੀ ਸਮੂਹ ਨੇ ਮੋਦੀ ਦੀਆਂ ਸੂਬਾਈ ਅਤੇ ਦੋਵੇਂ ਕੇਂਦਰੀ ਸਰਕਾਰਾਂ ਦੌਰਾਨ ਕਮਾਲ ਦੀ ਵਪਾਰਕ ਤਰੱਕੀ ਕੀਤੀ ਹੈ। ਰੈਗੂਲੇਟਰੀ ਢਾਂਚੇ ਦੀਆਂ ਕਮਜ਼ੋਰੀਆਂ, ਸ਼ਾਸਨ ਵਿੱਚ ਭਾਈ-ਭਤੀਜਾਵਾਦ ਅਤੇ ਐਸ.ਬੀ.ਆਈ. ਤੇ ਐਲ.ਆਈ.ਸੀ. ਵਰਗੇ ਚੋਟੀ ਦੇ ਸਰਕਾਰੀ ਬੈਂਕਾਂ ਤੇ ਬੀਮਾ ਕੰਪਨੀਆਂ ਵੱਲੋਂ ਅਡਾਨੀ ਸਮੂਹ ਨੂੰ ਫ਼ਾਇਦਾ ਪਹੁੰਚਾਉਣ ਵਰਗੇ ਸਵਾਲਾਂ ਦੇ ਨਾਲ ਨਾਲ, ਵਿਸ਼ਵ ਨਿਵੇਸ਼ਕਾਂ ਦੇ ਮਨਾਂ ਵਿੱਚ ਭਾਰਤ ਦੀ ਭਰੋਸੇਯੋਗਤਾ ਵੀ ਸ਼ੱਕ ਦੇ ਘੇਰੇ ਵਿੱਚ ਆਈ ਹੋਈ ਹੈ। ਬਹੁਤ ਸਾਰੇ ਮਾਹਰਾਂ ਅਨੁਸਾਰ, ਇਹ ਵਰਤਾਰਾ ਖਾਸ ਤੌਰ 'ਤੇ ਚਿੰਤਾਜਨਕ ਹੈ, ਕਿਉਂਕਿ ਵਿਸ਼ਵ ਵਿਆਪੀ ਵੱਡੀਆਂ ਕਾਰਪੋਰੇਸ਼ਨਾਂ ਅਤੇ ਪੂੰਜੀ ਨਿਵੇਸ਼ਕ ਮੌਜੂਦਾ ਸਮੇਂ ਵਿਚ ਭਾਰਤ ਨੂੰ ਚੀਨ ਦੇ ਬਦਲ ਵਜੋਂ ਇੱਕ ਨਿਵੇਸ਼ ਸਥਾਨ ਵਜੋਂ ਦੇਖ ਰਹੇ ਸਨ। ਇਸ ਦਾ ਕਾਰਨ ਹੈ ਕਿ ਜਾਪਾਨ ਅਤੇ ਜਰਮਨੀ ਨੂੰ ਪਛਾੜ ਕੇ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਲਈ ਪਰ ਤੋਲ ਰਿਹਾ ਹੈ। ਇਸ ਸਾਲ ਦੇ ਅੰਤ ਤੱਕ ਇਹ ਚੀਨ ਦੇ ਨਾਲ ਮਿਲ ਕੇ ਵਿਸ਼ਵ ਵਿਕਾਸ ਦੇ ਅੱਧੇ ਤੋਂ ਵੱਧ ਹਿੱਸੇ ਦੀ ਨੁਮਾਇੰਦਗੀ ਕਰੇਗਾ।

ਆਰਥਿਕ ਮਾਹਰਾਂ ਦੀ ਰਾਇ ਹੈ ਕਿ ਭਾਰਤ ਦੀ ਆਰਥਿਕਤਾ ਵਿਕਸਿਤ ਅਰਥਚਾਰਿਆਂ ਵਿੱਚ ਚੱਲ ਰਹੇ ਆਰਥਿਕ ਮੰਦੀ ਵਰਗੇ ਬਾਹਰੀ ਪ੍ਰਭਾਵ ਦੇ ਬਾਵਜੂਦ ਗੈਰ-ਯਕੀਨੀ ਲਚਕਤਾ ਦਿਖਾ ਰਹੀ ਹੈ। ਭਾਰਤੀ ਅਰਥਵਿਵਸਥਾ ਦੀ ਮਜ਼ਬੂਤੀ ਘਰੇਲੂ ਬਾਜ਼ਾਰ, ਮੱਧ ਵਰਗ ਦੀ ਵੱਧ ਰਹੀ ਗਿਣਤੀ ਸਪਲਾਈ ਵਿੱਚ ਮਹੱਤਵਪੂਰਨ ਸੁਧਾਰ, ਇੱਕ ਮਜ਼ਬੂਤ ਵਿੱਤੀ ਖੇਤਰ, ਵਪਾਰ ਪੱਖੀ




ਸੁਧਾਰਾਂ ਅਤੇ ਜਨਤਕ ਤੇ ਨਿੱਜੀ ਖੇਤਰਾਂ ਦੇ ਚੱਲ ਰਹੇ ਕਾਰੋਬਾਰ ਪੱਖੀ ਸੁਧਾਰਾਂ ਵਿੱਚ ਦਿਖਾਈ ਦੇ ਰਹੀ ਹੈ। ਇਸ ਲਈ ਲੰਬੇ ਸਮੇਂ ਦੀ ਦੌਲਤ ਦੀ ਸਿਰਜਣਾ ਕਰਨ ਵਾਲੇ ਨਿਵੇਸ਼ਕਾਂ ਨੂੰ ਭਾਰਤ ਵਿੱਚ ਮੌਜੂਦਾ ਅਤੇ ਭਵਿੱਖ ਦੇ ਮੌਕਿਆਂ ਲਈ ਆਪਣਾ ਮਨ ਖੁੱਲ੍ਹਾ ਰੱਖਣਾ ਚਾਹੀਦਾ ਹੈ।

ਪਰ ਇਹ ਸਭ ਬੁਰਜੂਆ ਅਰਥ-ਸ਼ਾਸਤਰੀਆਂ ਦੀ ਦਿਲ-ਧਰਾਊ ਗੱਲਾਂ ਹਨ। ਭਾਰਤੀ ਅਰਥਚਾਰੇ ਦੀ ਕਥਿਤ ਮਜ਼ਬੂਤੀ ਸੱਟਾ ਬਾਜ਼ਾਰ ਵਿੱਚ ਹੀ ਦਿਖਾਈ ਦੇ ਰਹੀ ਹੈ, ਜਦੋਂ ਕਿ ਸਨਅਤ ਤੇ ਖੇਤੀ ਸੈਕਟਰ ਦੋਵੇਂ ਹੀ ਪੂੰਜੀ ਨਿਵੇਸ਼ ਦੀ ਅਣਹੋਂਦ ਸਦਕਾ ਸੋਕੇ ਦਾ ਸ਼ਿਕਾਰ ਹਨ।

ਭਾਰਤ ਵਿੱਚ ਲਿਹਾਜੂ ਪੂੰਜੀਵਾਦ ਦਾ ਬੋਲਬਾਲਾ ਹੈ, ਜੋ ਕਿ ਦੇਸ ਦੀ ਦੌਲਤ ਵਿੱਚ ਮੁੱਲ-ਵਾਧੇ ਦੀ ਬਜਾਏ ਕੁਝ ਵਿਸ਼ੇਸ਼ ਨਿੱਜੀ ਕਾਰਪੋਰੇਟ ਸਮੂਹਾਂ ਨੂੰ ਪ੍ਰਫੁਲਤ ਕਰ ਰਿਹਾ ਹੈ। ਕੁਝ ਸਮਾਂ ਪਹਿਲਾਂ ਗੌਤਮ ਅਡਾਨੀ 'ਤੇ ਗੰਭੀਰ ਦੋਸ਼ ਲਾਏ ਗਏ ਹਨ ਕਿ ਇਸ ਨੇ ਆਪਣੇ ਭਰਾ ਦੀਆਂ ਵਿਦੇਸ਼ ਵਿਚਲੀਆਂ ਇਕਾਈਆਂ ਦੇ ਨਾਲ ਅਰਬਾਂ ਅਮਰੀਕੀ ਡਾਲਰਾਂ ਦੇ ਸ਼ੱਕੀ ਲੈਣ-ਦੇਣ ਕੀਤੇ ਸਨ। ਇਨ੍ਹਾਂ ਇਕਾਈਆਂ ਵਿੱਚ ਮੌਰੀਸ਼ਸ ਦੀਆਂ 38 ਸੰਸਥਾਵਾਂ ਦੇ ਨਾਲ-ਨਾਲ ਸੰਯੁਕਤ ਅਰਬ ਅਮੀਰਾਤ, ਸਾਈਪ੍ਰਸ, ਸਿੰਗਾਪੁਰ ਅਤੇ ਵੱਖ-ਵੱਖ ਕੈਰੇਬੀਅਨ ਟਾਪੂਆਂ ਵਿਚਲੀਆਂ ਫਰਜੀ ਕੰਪਨੀਆਂ ਸ਼ਾਮਲ ਸਨ।

ਅਡਾਨੀ ਸਮੂਹ ਵਲੋਂ ਮੁੱਖ ਤੌਰ 'ਤੇ ਸਟਾਕ ਰੂਟ ਦੁਆਰਾ ਚਲਾਈ ਗਈ ਤਾਜ਼ਾ ਮਾਰਕੀਟ ਅਸਥਿਰਤਾ ਨੇ ਭਾਰਤ ਦੇ ਢਿੱਲ੍ਹੇ ਪ੍ਰਬੰਧਕੀ ਮਾਹੌਲ 'ਤੇ ਵੀ ਧਿਆਨ ਕੇਂਦਰਿਤ ਕੀਤਾ ਸੀ। ਬਹੁਤ ਜ਼ਿਆਦਾ ਲੀਵਰੇਜ ਵਾਲੇ ਸਮੂਹ ਤੋਂ ਬਾਜ਼ਾਰ ਦੀਆਂ ਮੁਸ਼ਕਲਾਂ ਨੇ ਭਾਰਤੀ ਸਟੇਟ ਬੈਂਕ ਅਤੇ ਇੱਥੋਂ ਤੱਕ ਕਿ ਸਰਕਾਰੀ ਮਾਲਕੀ ਵਾਲੀ ਭਾਰਤੀ ਬੀਮਾ ਕੰਪਨੀ ਦੇ ਬੈਂਕਿੰਗ ਸਟਾਕਾਂ ਨੂੰ ਹੇਠਾਂ ਡੇਗ ਲਿਆ ਸੀ। ਇੱਕ ਅਮਰੀਕੀ ਕੰਪਨੀ "ਸ਼ਾਰਟ ਵਿਕਰੇਤਾ" ਦੀ ਰਿਪੋਰਟ ਮੁਤਾਬਕ ਇਹ ਨਿਰੋਲ ਸਟਾਕ ਹੇਰਾਫੇਰੀ ਅਤੇ ਵਹੀ ਖਾਤਿਆਂ ਵਿਚ ਕੀਤੇ ਗਏ ਬਦਨੀਅਤ ਜੋੜ-ਤੋੜਾਂ ਦਾ ਨਤੀਜਾ ਹੈ।

ਅਡਾਨੀ ਦੀ ਨਿੱਜੀ ਜਾਇਦਾਦ, ਉਸ ਦੀਆਂ ਕੰਪਨੀਆਂ ਦਾ ਬਾਜ਼ਾਰੀ ਮੁੱਲ ਅਤੇ ਹੋਰ ਭਾਰਤੀ ਸਮੂਹਾਂ 'ਤੇ ਪਏ ਪ੍ਰਭਾਵ ਤੋਂ ਪਤਾ ਲੱਗਦਾ ਹੈ ਕਿ ਲਿਹਾਜੂ ਪੂੰਜੀਵਾਦ ਸਰਕਾਰੀ ਦਰਬਾਰ ਵਲ ਚੜ੍ਹਦੀਆਂ ਉੱਚੀਆਂ ਪੌੜੀਆਂ 'ਤੇ ਪਹੁੰਚ ਚੁੱਕਿਆ ਹੈ। ਅਡਾਨੀ ਸਮੂਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਭ ਤੋਂ ਨੇੜਿਓਂ ਜੁੜਿਆ ਹੋਇਆ ਕਾਰੋਬਾਰ ਹੈ ਅਤੇ ਨਰਿੰਦਰ ਮੋਦੀ ਦੇ 2014 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਹੀ ਅਡਾਨੀ ਦੇ ਉਭਾਰ ਨੂੰ ਭਾਰਤ ਦੇ ਵਿਕਾਸ ਦੇ ਸਮਾਨਅਰਥੀ ਵਜੋਂ ਦੇਖਿਆ ਜਾਂਦਾ ਹੈ। ਪਿਛਲੇ ਦੋ ਸਾਲਾਂ ਵਿੱਚ ਅਡਾਨੀ ਦੀ ਕੁੱਲ ਜਾਇਦਾਦ ਵਿੱਚ 900% ਦਾ ਵਾਧਾ ਹੋਇਆ ਹੈ।

ਬੇਸ਼ਕ ਅਡਾਨੀ ਸਮੂਹ ਵੱਡੇ ਝਟਕਿਆ 'ਚੋਂ ਉੱਭਰ ਆਇਆ ਹੈ ਅਤੇ ਵਿੱਤੀ ਖੇਤਰ ਦੀ ਸਥਿਰਤਾ ਬਾਰੇ ਨਿਵੇਸ਼ਕਾਂ ਦੀ ਚਿੰਤਾ ਦੂਰ ਹੋ ਗਈ ਹੈ, ਪਰ ਇਹ ਵਕਤੀ ਵਰਤਾਰਾ ਹੈ। ਅਡਾਨੀ ਦੀ ਮਾਰਕੀਟ ਪੂੰਜੀ ਵਿੱਚ ਆਇਆ ਉਛਾਲੀ ਬੁਲਬੁਲਾ ਕਿਸੇ ਵੇਲੇ ਵੀ ਫਟ ਸਕਦਾ ਹੈ। ਜਿਉਂ ਜਿਉਂ 2024 ਦੀਆਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਕਾਰਪੋਰੇਟਾਂ ਦਾ ਦੂਜਾ ਵੱਡਾ ਘਰਾਣਾ ਅੰਬਾਨੀ ਸਮੂਹ ਮੋਦੀ ਸਰਕਾਰ ਪ੍ਰਤੀ ਉਦਾਸੀਨਤਾ ਦਿਖਾ ਰਿਹਾ ਹੈ। ਫੰਡ ਜੁਟਾਉਣ ਦੇ ਮਾਮਲੇ 'ਚ ਰਵਾਇਤੀ ਪੂੰਜੀਪਤੀ ਪਹਿਲਾਂ ਹੀ ਮੋਦੀ ਸਰਕਾਰ ਤੋਂ ਕਿਨਾਰਾ ਕਰ ਚੁੱਕੇ ਹਨ। ਇਸ ਲਈ ਹੁਣ ਭਾਜਪਾ ਬਨਾਮ ਕੇਂਦਰੀ ਸਰਕਾਰ ਸਿਰਫ਼ ਵਿਸ਼ਾਲ ਫੰਡ ਪ੍ਰਾਪਤੀ ਲਈ ਅਡਾਨੀਆਂ 'ਤੇ ਨਿਰਭਰ ਹੋ ਕੇ ਰਹਿ ਜਾਵੇਗੀ।

ਕੇਂਦਰ ਸਰਕਾਰ ਸਮਾਜਿਕ ਲਾਭਾਂ ਤੋਂ ਬੇਖ਼ਬਰ, ਆਪਣੇ ਯਕੀਨੀ ਸਾਲਾਨਾ ਲਾਭਅੰਸ਼ ਅਤੇ ਵਿਸ਼ਾਲ ਵਿੱਤੀ ਸਰੋਤਾਂ 'ਤੇ ਲਿਹਾਜੂ ਪੂੰਜੀ ਦਾ ਕੰਟਰੋਲ ਕਰਵਾਉਣ ਲਈ ਨਿੱਜੀਕਰਨ ਦੇ ਏਜੰਡੇ ਨੂੰ ਅੱਗੇ ਵਧਾ ਰਹੀ ਹੈ। ਇਸ ਦਾ ਇੱਕੋ ਇੱਕ ਕਾਰਨ ਹੈ, ਜੀਵਨ ਬੀਮਾ ਵਰਗੀਆਂ ਕਮਾਊ ਸਰਕਾਰੀ ਕੰਪਨੀਆਂ ਦੇ ਸ਼ੇਅਰਾਂ ਦੀ ਵਿਕਰੀ ਤੋਂ ਪ੍ਰਾਪਤੀਆਂ ਦੀ ਸੰਭਾਵਨਾ। ਇਹ ਸਰਕਾਰ ਹੁਣ ਤੱਕ ਦੇ ਨਿੱਜੀਕਰਨ ਦੇ ਰਿਕਾਰਡ ਤੋਂ ਬਹੁਤਾ ਖੁਸ਼ ਨਹੀਂ ਹੈ, ਇਸ ਲਈ ਉਹ ਸਰਕਾਰੀ ਕੰਪਨੀਆਂ ਬੈਂਕਾਂ ਅਤੇ ਬੀਮਾ ਸੈਕਟਰ ਦੇ ਸ਼ੇਅਰਾਂ ਲਈ ਬਹੁਤ ਹੀ ਘੱਟ ਕੀਮਤ ਤੈਅ ਕਰ ਰਹੀ ਹੈ। ਪਿੱਛੇ ਜਿਹੇ ਐਲ.ਆਈ.ਸੀ. ਦੀ ਵਿਕਰੀ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ, ਵਿਦੇਸ਼ੀ ਨਿਵੇਸ਼ਕਾਂ ਦਾ ਵੀ ਸੁਆਗਤ ਕੀਤਾ ਗਿਆ ਹੈ ਹੈ। ਇਸ ਵਿੱਚ ਹੋਰ ਕਿਸੇ ਦੀ ਨਹੀਂ ਸਗੋਂ ਕਾਰਪੋਰੇਟ ਪਰਿਵਾਰਾਂ ਦੀ ਚਾਂਦੀ ਹੋਣ ਵਾਲੀ ਹੀ ਹੈ। ਇਸ ਸਾਰੀ ਖੇਡ ਵਿੱਚ ਹਾਰਨ ਵਾਲੇ ਆਮ ਸ਼ੇਅਰ ਧਾਰਕ ਬਨਣਗੇ, ਕਿਉਂਕਿ ਉਨ੍ਹਾਂ ਨੂੰ ਲਾਭਅੰਸ਼ ਦਾ ਭੁਗਤਾਨ ਕਰਨ ਲਈ ਆਪਣੇ ਬੋਨਸ ਦਾ ਇੱਕ ਹਿੱਸਾ ਗੁਆਉਣਾ ਪਵੇਗਾ।

ਇਸ ਲਈ ਯਕੀਨੀ ਤੌਰ 'ਤੇ, ਅਸਲ ਜੇਤੂ ਉਹ ਵਿੱਤੀ ਨਿਵੇਸ਼ਕ ਗਿਰਝਾਂ ਹਨ, ਜੋ ਸਭ ਤੋਂ ਵੱਡੀਆਂ ਸਰਕਾਰੀ ਕੰਪਨੀਆਂ ਨੂੰ ਚੂੰਡਣ ਲਈ ਨਜ਼ਰਾਂ ਜਮਾਈ ਬੈਠੀਆਂ ਹਨ। ਇਸ ਖੇਡ ਵਿੱਚ ਬੇਚੈਨ ਪਾਲਿਸੀ ਧਾਰਕਾਂ ਨੂੰ ਸ਼ਾਂਤ ਕਰਨ ਲਈ ਅਪਨਿਵੇਸ਼ ਦੇ ਇੱਕ ਹਿੱਸੇ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਮਿਸਾਲ ਇਕੱਲੀ ਬੀਮਾ ਕੰਪਨੀ ਦੇ 42 ਕਰੋੜ ਪਾਲਿਸੀ ਧਾਰਕਾਂ ਵਿੱਚੋਂ ਕਿੰਨੇ ਪ੍ਰਤੀਸ਼ਤ ਸ਼ੇਅਰਾਂ ਦੇ ਮਾਲਕ ਵੀ ਬਣ ਸਕਦੇ ਹਨ? ਇਹ ਕਾਰਵਾਈ ਇੱਕ ਅੱਖਾਂ ਪੂੰਝਣ ਵਰਗੀ ਕਵਾਇਦ ਹੈ। ਐਲ.ਆਈ.ਸੀ. ਦਾ ਕੰਟਰੋਲ ਨਵੇਂ ਨਿਵੇਸ਼ਕ ਸਮੂਹ ਕੋਲ ਤਬਦੀਲ ਹੋਣ ਜਾ ਰਿਹਾ ਹੈ, ਜਿਸ ਦੀ ਪਛਾਣ ਅਜੇ ਸਪੱਸ਼ਟ ਨਹੀਂ ਹੈ ਪਰ ਉਹ ਹੀ ਨਿੱਜੀਕਰਨ ਦੀ ਖੇਡ ਦੇ ਅਸਲੀ ਜੇਤੂ ਹੋਣਗੇ; ਪਰ ਲੰਬੇ ਦਾਅ ਤੋਂ ਇਹ ਨੀਤੀ ਸਟੇਟ ਲਈ ਹਾਨੀਕਾਰਕ ਸਾਬਤ ਹੋ ਸਕਦੀ ਹੈ। ਅਜਿਹੇ ਸਮੇਂ ਵਿੱਚ ਜਦੋਂ ਭਾਰਤ ਜੀ-20 ਦੀ ਪ੍ਰਧਾਨਗੀ ਕਰ ਰਿਹਾ ਹੈ, ਤਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰੈਗੂਲੇਟਰੀ ਢਾਂਚੇ ਨੂੰ ਵੱਧ ਤੋਂ ਵੱਧ ਸਖਤ ਕਰਦੇ ਹੋਏ, ਪੂੰਜੀ ਦੇ ਵੱਡੇ ਮਗਰਮੱਛਾਂ ਕੋਲੋਂ ਮੱਧ ਵਰਗ ਦੇ ਹੇਠਲੇ ਤਬਕੇ ਦੀ ਰੱਖਿਆ ਯਕੀਨੀ ਕੀਤੀ ਜਾ ਸਕੇ।

## ਧਨ-ਕੁਬੇਰਾਂ ਦਾ ਕਰਜ਼ਾ ਵੱਟੇ-ਖਾਤੇ ਪਾਇਆ

ਪਿਛਲੇ ਦਿਨੀਂ ਮੀਡੀਆ ਦੇ ਕੁਝ ਹਿੱਸਿਆਂ ਵਿੱਚ ਇਹ ਅੱਖਾਂ ਖੋਲ੍ਹਣ ਵਾਲੀ ਖ਼ਬਰ ਛਪੀ ਹੈ ਕਿ ਮੋਦੀ ਰਾਜ ਦੇ 9 ਸਾਲਾਂ ਦੌਰਾਨ ਵੱਡੇ ਧਨ-ਕੁਬੇਰਾਂ ਦਾ 25 ਲੱਖ ਕਰੋੜ ਰੁਪਏ ਦਾ ਕਰਜ਼ਾ ਵੱਟੇ-ਖਾਤੇ ਪਾ ਦਿੱਤਾ ਗਿਆ ਹੈ। ਹੁਣ ਤੱਕ ਇਹੋ ਅੰਦਾਜ਼ਾ ਸੀ ਕਿ ਵੱਟੇ-ਖਾਤੇ ਪਾਈ ਗਈ ਰਕਮ 10 ਤੋਂ 15 ਲੱਖ ਕਰੋੜ ਹੋ ਸਕਦੀ ਹੈ। ਇਨ੍ਹਾਂ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਇਹ ਰਕਮ ਅੰਦਾਜ਼ੇ ਤੋਂ ਕਿਤੇ ਵੱਧ ਕਰੀਬ 25 ਲੱਖ ਕਰੋੜ ਰੁਪਏ ਹੈ।

ਗੁਜਰਾਤ ਦੇ ਸਮਾਜਿਕ ਕਾਰਕੁਨ ਸੰਜੇ ਏਝਾਵਾ ਵੱਲੋਂ ਸੂਚਨਾ ਅਧਿਕਾਰ ਅਧੀਨ ਮੰਗੀ ਗਈ ਜਾਣਕਾਰੀ ਦੇ ਜਵਾਬ ਵਿੱਚ ਰਿਜ਼ਰਵ ਬੈਂਕ ਆਫ਼ ਇੰਡੀਆ (ਆਰ.ਬੀ.ਆਈ.) ਨੇ ਇਹ ਅੰਕੜੇ ਪੇਸ਼ ਕੀਤੇ ਹਨ। ਏਨੀ ਵੱਡੀ ਰਕਮ ਨੂੰ ਵੱਟੇ-ਖਾਤੇ ਪਾਉਣ ਨੇ ਭਾਰਤ ਦੀ ਆਰਥਿਕਤਾ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ। ਮੋਦੀ ਰਾਜ ਦੌਰਾਨ ਦੇਸ਼ ਦੀ ਅਰਥ-ਵਿਵਸਥਾ ਦਾ ਘਾਣ ਹੋ ਚੁੱਕਾ ਹੈ। ਪੈਟਰੋਲ, ਡੀਜ਼ਲ ਤੇ ਗੈਸ 'ਤੇ ਟੈਕਸ ਵਧਾ ਕੇ ਇਕੱਠਾ ਕੀਤਾ ਗਿਆ ਧਨ ਮੋਦੀ ਦੇ ਮਿੱਤਰ ਕਾਰਪੋਰੇਟਾਂ ਨੂੰ ਝੋਲੀਆਂ ਭਰ-ਭਰ ਕੇ ਵੰਡ ਦਿੱਤਾ ਗਿਆ ਹੈ। ਸਿੱਟੇ ਵਜੋਂ ਮਹਿੰਗਾਈ ਨੇ ਆਮ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ ਹੈ।

ਆਰ.ਬੀ.ਆਈ. ਤੋਂ ਮਿਲੀ ਜਾਣਕਾਰੀ ਅਨੁਸਾਰ ਮੋਦੀ ਰਾਜ ਦੇ ਦੋ ਕਾਰਜਕਾਲਾਂ ਦੌਰਾਨ 2014 ਤੋਂ 2023 ਤੱਕ ਜਨਤਕ ਖੇਤਰ ਦੇ ਬੈਂਕਾਂ ਨੂੰ 10.41 ਲੱਖ ਕਰੋੜ ਤੇ ਵਪਾਰਕ ਬੈਂਕਾਂ ਨੂੰ 14.53 ਲੱਖ ਕਰੋੜ ਦੇ ਕਰਜ਼ਿਆਂ ਨੂੰ 'ਰਾਈਟ ਆਫ਼' ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਪੂਰੀ ਰਕਮ ਦਾ ਜੋੜ 24.94 ਲੱਖ ਕਰੋੜ ਬਣਦਾ ਹੈ। ਆਰ.ਬੀ.ਆਈ. ਨੇ ਸਿਰਫ਼ ਰਕਮਾਂ ਦਾ ਖੁਲਾਸਾ ਕੀਤਾ ਹੈ, ਡਿਫਾਲਟਰ ਧਨ-ਕੁਬੇਰਾਂ ਦਾ ਨਾਂ ਦੱਸਣ ਤੋਂ ਗੁਰੇਜ਼ ਕੀਤਾ ਹੈ। ਭਾਰਤੀ ਰਿਜ਼ਰਵ ਬੈਂਕ ਦੀ ਕਰਜ਼ਦਾਰਾਂ ਦੇ ਅੰਕੜੇ ਇਕੱਠੇ ਕਰਨ ਵਾਲੀ ਸੰਸਥਾ ਸੀ.ਆਰ.ਆਈ.ਐੱਲ.ਸੀ. ਅਨੁਸਾਰ ਇਹ ਮਾਫੀਨਾਮੇ ਵਾਲੇ ਕਰਜ਼ਦਾਰ 5 ਕਰੋੜ ਤੋਂ ਵੱਧ ਵਾਲੇ 4 ਹਜ਼ਾਰ ਦੇ ਕਰੀਬ ਹਨ।

ਮੋਦੀ ਰਾਜ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਵੱਟੇ-ਖਾਤੇ ਪਾਏ ਕਰਜ਼ਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਯੂ.ਪੀ.ਏ. ਨੇ ਦੋ ਕਾਰਜਕਾਲਾਂ ਦੌਰਾਨ ਕੁੱਲ 3.76 ਲੱਖ ਕਰੋੜ ਰੁਪਏ ਦੇ ਕਰਜ਼ੇ ਵੱਟੇ-ਖਾਤੇ ਪਾਏ ਸਨ। ਇਸ ਹਿਸਾਬ ਨਾਲ ਮੋਦੀ ਦੇ ਰਾਜ ਦੌਰਾਨ ਵੱਟੇ-ਖਾਤੇ ਪਾਈ ਗਈ ਰਕਮ ਡਾ. ਮਨਮੋਹਨ ਸਿੰਘ ਦੀ ਸਰਕਾਰ ਨਾਲੋਂ 810 ਫੀਸਦੀ ਵੱਧ ਬਣਦੀ ਹੈ।

ਵੱਟੇ-ਖਾਤੇ ਪਾਏ ਗਏ ਇਸ ਕਰਜ਼ੇ ਦਾ ਭਾਰ ਵੱਡੇ ਪੈਮਾਨੇ 'ਤੇ ਆਮ ਨਾਗਰਿਕਾਂ ਤੇ ਕਿਸਾਨਾਂ 'ਤੇ ਪੈਣਾ ਸੁਭਾਵਿਕ ਹੈ। ਇਹੋ ਨਹੀਂ, ਇਸ ਨਾਲ ਸਾਡੀ ਅਰਥ ਵਿਵਸਥਾ ਤੇ ਬੈਂਕਿੰਗ ਪ੍ਰਣਾਲੀ ਦਾ ਤਬਾਹੀ ਵੱਲ ਵਧਣਾ ਲਾਜ਼ਮੀ ਹੈ। ਇਸ ਰਕਮ ਦਾ ਲਾਭ ਪੂੰਜੀਪਤੀਆਂ ਤੇ ਕਾਰਪੋਰੇਟਾਂ ਨੂੰ ਹੈ, ਜਿਹੜੇ ਬੈਂਕਾਂ ਤੋਂ ਕਰਜ਼ਾ ਲੈ ਕੇ ਬੇਨਾਮੀ ਕੰਪਨੀਆਂ ਵਿੱਚ ਲਾ ਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ ਤੇ ਇਸੇ ਪੈਸੇ ਨਾਲ ਉੱਥੇ ਵੱਡੇ ਬਿਜ਼ਨਸ ਖੜ੍ਹੇ ਕਰ ਲੈਂਦੇ ਹਨ।

ਦੂਜੇ ਪਾਸੇ ਦੇਸ਼ ਦੇ ਕਿਸਾਨ-ਮਜ਼ਦੂਰ ਹਨ, ਜਿਹੜੇ ਘਾਟੇ ਦਾ ਸੌਦਾ ਖੇਤੀ ਕਰਦੇ ਹੋਏ ਕਰਜ਼ਾਈ ਹੋ ਕੇ ਆਪਣੀਆਂ ਜ਼ਮੀਨਾਂ ਕੁਰਕ ਕਰਾ ਰਹੇ ਹਨ, ਇਨ੍ਹਾਂ ਦਾ ਕਰਜ਼ਾ ਮਾਫ਼ ਕਰਨ ਦੀ ਮੰਗ ਨੂੰ ਸਰਕਾਰ ਵੱਲੋਂ ਕਦੇ ਹੁੰਗਾਰਾ ਨਹੀਂ ਦਿੱਤਾ ਜਾਂਦਾ। ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਏਨਾ ਵੱਡਾ ਨੁਕਸਾਨ ਝੱਲ ਕੇ ਵੀ ਲੋਕਾਂ ਨੂੰ ਇਸ ਸਰਕਾਰ ਦਾ ਸਮਰਥਨ ਕਰਦੇ ਰਹਿਣਾ ਚਾਹੀਦਾ ਜਾਂ ਇਸ ਸਰਕਾਰ ਨੂੰ ਚਲਦਾ ਕਰਕੇ ਦੇਸ਼ ਨੂੰ ਹੋ ਰਹੇ ਇਸ ਵਿੱਤੀ ਨੁਕਸਾਨ ਤੋਂ ਬਚਾਉਣਾ ਚਾਹੀਦਾ ਹੈ?




# ਜਦੋਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਮਜ਼ਾਕ ਦਾ ਵਿਸ਼ਾ ਬਣਾਇਆ



## ਪਟਵਾਰੀ ਤੋਂ ਪੁੱਛਿਆ ਗਿਆ ਕਿ ਦੱਸੋ ਕੀ ਹੈ ਇਹ ਮਤਾ?

### ਸਿਆਸਤ ਦਾ ਪਿੜ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



ਸਕੂਲ ਬੋਰਡ ਦੇ ਸਿਲੇਬਸ ਵਿੱਚ ਅਨੰਦਪੁਰ ਸਾਹਿਬ ਦੇ ਮਤੇ ਦੀ ਗਲਤ ਵਿਆਖਿਆ ਦਾ ਮੁੱਦਾ ਸੁਰਖ਼ੀਆਂ ਵਿੱਚ ਰਿਹਾ ਹੈ। ਤਖਤ ਦਮਦਮਾ ਸਾਹਿਬ 'ਚ 7 ਅਪਰੈਲ 2023 ਨੂੰ ਸਿੱਖ ਮੀਡੀਆ ਮੀਟਿੰਗ ਵਿੱਚ ਜਥੇਦਾਰ ਅਕਾਲ ਤਖਤ ਨੇ ਵੀ ਇਸ ਮੁੱਦੇ ਦਾ ਇੱਕ ਅਹਿਮ ਨੁਕਤੇ ਵਜੋਂ ਨੋਟਿਸ ਲਿਆ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਮਤੇ ਵਜੋਂ ਪ੍ਰਚਾਰਿਆ ਜਾਣਾ ਗਲਤ ਹੈ। 1982 'ਚ ਅਕਾਲੀ ਦਲ ਵੱਲੋਂ ਸ਼ੁਰੂ ਕੀਤੇ ਮੋਰਚੇ 'ਚ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣਾ ਮੋਰਚੇ ਦੀ ਮੁੱਖ ਮੰਗ ਸੀ। ਅਕਾਲੀ ਦਲ ਨੇ ਬਤੌਰ ਆਪਣੇ ਪਾਲਿਸੀ ਪ੍ਰੋਗਰਾਮ ਤਹਿਤ ਇਸ ਮਤੇ ਨੂੰ 1972 'ਚ ਸ੍ਰੀ ਅਨੰਦਪੁਰ ਸਾਹਿਬ ਬੈਠ ਕੇ ਮਨਜ਼ੂਰੀ ਦਿੱਤੀ ਸੀ। ਅਨੰਦਪੁਰ ਸਾਹਿਬ 'ਚ ਬੈਠ ਕੇ ਪਾਸ ਕੀਤਾ ਹੋਣ ਕਰਕੇ ਹੀ ਇਹ ਦਸਤਾਵੇਜ਼ ਮਤਾ "ਅਨੰਦਪੁਰ ਸਾਹਿਬ ਦਾ ਮਤਾ" ਕਹਾਇਆ। ਨੈਸ਼ਨਲ ਮੀਡੀਏ ਨੇ ਧਰਮ ਯੁੱਧ ਮੋਰਚੇ ਦੌਰਾਨ ਵੀ ਇਸ ਮਤੇ ਨੂੰ ਅਕਾਲੀ ਦਲ ਦੀ ਵੱਖਵਾਦੀ ਨੀਤੀ ਵਜੋਂ ਪ੍ਰਚਾਰਿਆ। ਸਰਕਾਰ ਵੱਲੋਂ ਸਕੂਲੀ ਸਿਲੇਬਸ 'ਚ ਪਾਉਣ ਕਰਕੇ ਮੁੱਦਾ ਮੁੜ ਉੱਭਰਿਆ ਹੈ।


ਇਸ ਮਤੇ ਦੀ ਕੀਤੀ ਜਾਂਦੀ ਵੱਖਵਾਦੀ ਵਿਆਖਿਆ ਦਾ ਢੁਕਵਾਂ ਜਵਾਬ ਦੇਣ ਦੀ ਅਕਾਲੀ ਦਲ ਨੇ ਕਦੇ ਵੀ ਗੰਭੀਰ ਕੋਸ਼ਿਸ਼ ਨਹੀਂ ਕੀਤੀ। ਮੋਰਚੇ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਅਕਾਲੀ ਵਰਕਰ ਤੇ ਅਜੋਕੀ ਅਕਾਲੀ ਲੀਡਰਸ਼ਿਪ ਵੀ ਅਨੰਦਪੁਰ ਸਾਹਿਬ ਦੇ ਮਤੇ ਬਾਬਤ ਬਹੁਤਾ ਕੁਝ ਨਹੀਂ ਜਾਣਦੇ। ਧਰਮ ਯੁੱਧ ਮੋਰਚੇ ਤੋਂ ਬਾਅਦ ਬਣੀ ਨਿਰੋਲ ਅਕਾਲੀ ਸਰਕਾਰ ਨੇ ਮੌਕਾ ਮਿਲਣ 'ਤੇ ਵੀ ਅਨੰਦਪੁਰ ਸਾਹਿਬ ਵਾਲੇ ਮਤੇ ਖਿਲਾਫ ਕੀਤੇ ਜਾ ਰਹੇ ਗਲਤ ਪ੍ਰਚਾਰ ਦਾ ਜਵਾਬ ਦੇਣ ਦੇ ਮਿਲੇ ਮੌਕੇ ਦੀ ਵੀ ਵਰਤੋਂ ਨਹੀਂ ਕੀਤੀ।

ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਪੰਜਾਬ 'ਚ ਪਹਿਲੀ ਵਾਰ ਨਿਰੋਲ ਅਕਾਲੀ ਦਲ ਦੀ ਸਰਕਾਰ ਬਣੀ ਸੀ। ਉਸ ਵੇਲੇ ਕੇਂਦਰ ਸਰਕਾਰ ਨੇ ਪਾਰਲੀਮੈਂਟ ਨੂੰ ਜਵਾਬ ਦੇਣ ਖ਼ਾਤਰ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਤੁਸੀਂ ਦੱਸੋ ਕਿ ਅਨੰਦਪੁਰ ਸਾਹਿਬ ਦਾ ਮਤਾ ਕੀ ਸ਼ੈਅ ਹੈ? ਸਰਕਾਰਾਂ ਦੇ ਕਾਰ ਵਿਹਾਰ ਦੀ ਸ਼ੈਲੀ ਮੁਤਾਬਿਕ ਇਸ ਮਤੇ ਦੀ ਜੋ ਵਿਆਖਿਆ ਪੰਜਾਬ ਸਰਕਾਰ ਨੇ ਭੇਜਣੀ ਸੀ, ਕੇਂਦਰ ਸਰਕਾਰ ਨੇ ਉਹੀ ਪਾਰਲੀਮੈਂਟ 'ਚ ਰੱਖਣੀ ਸੀ; ਪਰ ਪੰਜਾਬ ਦੀ ਪਹਿਲੀ ਨਿਰੋਲ ਪੰਥਕ ਸਰਕਾਰ ਨੇ ਇਸ ਸਵਾਲ ਦਾ ਜਵਾਬ ਦੇਣ ਦੀ ਜੋ ਕਸਰਤ ਕੀਤੀ, ਉਹ ਗ਼ੈਰ-ਗੰਭੀਰ ਤਾਂ ਹੈ ਹੀ ਸੀ ਤੇ ਨਾਲ਼ ਨਾਲ਼ ਹਾਸੋਹੀਣੀ ਵੀ ਸੀ।

ਇਸ ਹਾਸੋਹੀਣੀ ਸਰਕਾਰੀ ਕਸਰਤ ਬਾਬਤ ਪੰਜਾਬ ਦੇ ਇਕ ਰਿਟਾਇਰ ਪੀ.ਸੀ.ਐਸ. ਅਫਸਰ ਨੇ ਆਪਣੀ ਇੱਕ ਅਖ਼ਬਾਰੀ ਲਿਖਤ 'ਚ ਦੱਸਿਆ ਕਿ ਬਰਨਾਲਾ ਸਰਕਾਰ ਵੇਲੇ ਇੱਕ ਐਮ.ਪੀ. ਨੇ ਪਾਰਲੀਮੈਂਟ ਸਵਾਲ ਰਾਹੀਂ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਦੱਸਿਆ ਜਾਵੇ, ਅਨੰਦਪੁਰ ਸਾਹਿਬ ਦਾ ਮਤਾ ਕੀ ਸ਼ੈਅ ਹੈ? ਕੇਂਦਰ ਸਰਕਾਰ ਨੇ ਇਹ ਸਵਾਲ ਪੰਜਾਬ ਦੇ ਚੀਫ ਸੈਕਟਰੀ ਨੂੰ ਭੇਜ ਦਿੱਤਾ। ਸੋ ਸਰਕਾਰਾਂ ਦੇ ਤਰੀਕਾ-ਏ-ਕਾਰ ਮੁਤਾਬਿਕ ਇਹ ਸਵਾਲ ਉੱਪਰੋਂ ਹੇਠਾਂ ਨੂੰ ਫਾਰਵਰਡ ਹੁੰਦਾ ਆਇਆ। ਸੋ ਚੀਫ ਸੈਕਟਰੀ ਨੇ ਹੋਮ ਸੈਕਟਰੀ ਨੂੰ ਫਾਰਵਰਡ ਕਰ ਦਿੱਤਾ। ਅਨੰਦਪੁਰ ਸਾਹਿਬ ਜ਼ਿਲ੍ਹਾ ਰੋਪੜ 'ਚ ਪੈਂਦਾ ਹੋਣ ਕਰਕੇ ਇਹ ਸਵਾਲ ਡੀ.ਸੀ. ਰੋਪੜ ਕੋਲ ਪਹੁੰਚ ਗਿਆ ਤੇ ਹੋਰ ਥੱਲੇ ਉੱਤਰ ਕੇ ਬਰਾਸਤਾ ਐਸ.ਡੀ.ਐਮ. ਅਨੰਦਪੁਰ ਸਾਹਿਬ ਦੇ ਤਹਿਸੀਲਦਾਰ ਕੋਲ ਅੱਪੜ ਗਿਆ। ਤਹਿਸੀਲਦਾਰ ਨੇ ਅਗਾਂਹ ਇਸ ਸਵਾਲ ਕਾਨੂੰਨਗੋ ਕੋਲ ਤੋਰ ਦਿੱਤਾ। ਕਾਨੂੰਨਗੋ ਨੇ ਉਸ ਪਟਵਾਰੀ ਤੋਂ ਪੁੱਛ ਲਿਆ, ਜੀਹਦੇ ਹਲਕੇ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਪੈਂਦਾ ਸੀ।

ਪਟਵਾਰੀ ਦੀ ਪੋਸਟ ਸਭ ਤੋਂ ਹੇਠਲੇ ਟੰਬੇ 'ਤੇ ਹੋਣ ਕਰਕੇ ਉਹ ਇਸ ਸਵਾਲ ਨੂੰ ਆਪ ਤੋਂ ਹੋਰ ਹੇਠਾਂ ਵੱਲ ਨੂੰ ਨਹੀਂ ਸੀ ਘੱਲ ਸਕਦਾ। ਸੋ ਪਟਵਾਰੀ ਨੇ ਇਹ ਜਵਾਬ ਲਿਖ ਕੇ ਕਾਨੂੰਨਗੋ ਨੂੰ ਮੋੜ ਦਿੱਤਾ ਕਿ ਮੇਰੇ ਕਿਸੇ ਵੀ ਪਟਵਾਰ ਬਸਤੇ 'ਚ ਮਤਾ ਅਨੰਦਪੁਰ ਸਾਹਿਬ ਨਾਂ ਦਾ ਕੋਈ ਇੰਦਰਾਜ ਨਹੀਂ ਹੈ। ਸੋ ਸਰਕਾਰੀ ਦਸਤੂਰ-ਏ-ਅਮਲ ਮੁਤਾਬਿਕ ਇਹੀ ਜਵਾਬ ਮੁੜ ਉਨ੍ਹੀਂ ਟੰਬਿਓਂ ਉਤਾਂਹ ਚੜ੍ਹਦਾ ਗਿਆ, ਜਿਹੜੇ ਰਾਹ ਇਹ ਥੱਲੇ ਨੂੰ ਆਇਆ ਸੀ। ਕਰ ਕਰਾ ਕੇ ਜਦੋਂ ਇਹਦੀ ਫਾਈਲ ਇਹ ਕਿੱਸਾ ਲਿਖਣ ਵਾਲੇ ਹੋਮ ਮਨਿਸਟਰੀ ਦੇ ਡਿਪਟੀ ਸੈਕਟਰੀ ਕੋਲ ਪਹੁੰਚੀ ਤਾਂ ਪੰਜਾਬ ਹਿਤੈਸ਼ੀ ਇਹ ਅਫਸਰ ਫ਼ਾਈਲ ਦਾ ਸਫਰ ਦੇਖ ਕੇ ਹੱਕਾ-ਬੱਕਾ ਰਹਿ ਗਿਆ। ਇਸ ਪੀ.ਸੀ.ਐਸ. ਨੇ ਲਿਖਿਆ ਹੈ ਕਿ ਮੈਂ ਫ਼ਾਈਲ ਚੱਕ ਕੇ ਸਿੱਧਾ ਹੀ ਮੁੱਖ ਮੰਤਰੀ ਬਰਨਾਲਾ ਸਾਹਿਬ ਮੂਹਰੇ ਜਾ ਖੜਿਆ ਤੇ ਆਖਿਆ ਕਿ ਸਰ! ਹੁਣ ਤੁਹਾਡੇ ਕੋਲ ਇੱਕ ਬਹੁਤ ਵਧੀਆ ਮੌਕਾ ਅਨੰਦਪੁਰ ਸਾਹਿਬ ਦੇ ਮਤੇ ਬਾਬਤ ਪਾਏ ਜਾ ਰਹੇ ਭੁਲੇਖੇ ਦੂਰ ਕਰਨ ਦਾ। ਤੁਸੀਂ ਮੁੱਖ ਮੰਤਰੀ ਵੀ ਹੋ ਤੇ ਅਕਾਲੀ ਦਲ ਦੇ ਪ੍ਰਧਾਨ ਵੀ, ਇਹਤੋਂ ਇਲਾਵਾ ਤੁਸੀਂ ਉੱਚ ਕੋਟੀ ਦੇ ਵਕੀਲ ਵੀ। ਸੋ ਤੁਸੀਂ ਆਪਣੀ ਨਿਗਰਾਨੀ ਹੇਠ ਇਸ ਸਵਾਲ ਦਾ ਇੱਕ ਠੋਕਵਾਂ ਜਵਾਬ ਭੇਜੋ ਜੋ ਕਿ ਕੱਲ ਨੂੰ ਪਾਰਲੀਮੈਂਟ ਰਿਕਾਰਡ ਦਾ ਹਿੱਸਾ ਬਣੂਗਾ। ਉਹ ਲਿਖਦੇ ਨੇ, ਬਰਨਾਲਾ ਸਾਹਿਬ ਦੀ ਚੁੱਪ ਦੇਖ ਕੇ ਮੈਂ ਕਿਹਾ ਕਿ ਸਰ, ਅਗਰ ਤੁਸੀਂ ਇਹਦਾ ਜਵਾਬ ਨਹੀਂ ਦੇਣਾ ਚਾਹੁੰਦੇ ਤਾਂ ਇਹਨੂੰ ਟਾਲਣ ਦਾ ਕੋਈ ਹੋਰ ਅਖਤਿਆਰ ਕਰ ਲਓ, ਪਰ ਪਟਵਾਰੀ ਦਾ ਲਿਖਿਆ ਜਵਾਬ ਪਾਰਲੀਮੈਂਟ 'ਚ ਸੁਣਾ ਕੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਮਜ਼ਾਕ ਦਾ ਵਿਸ਼ਾ ਨਾ ਬਣਾਓ।

ਮੁੱਖ ਮੰਤਰੀ ਬਰਨਾਲਾ ਫੇਰ ਵੀ ਚੁੱਪ ਹੀ ਰਹੇ। ਅਖੀਰ ਨੂੰ ਜਵਾਬ ਕਿਵੇਂ ਭੇਜਿਆ ਗਿਆ, ਇਹਦਾ ਤਾਂ ਪੱਕਾ ਪਤਾ ਨਹੀਂ, ਪਰ ਮੁੱਖ ਮੰਤਰੀ ਦੀ ਚੁੱਪ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਹਸਬ ਤਸਦੀਕ ਸਰਕਲ ਪਟਵਾਰੀ ਵਾਲਾ ਜਵਾਬ ਹੀ ਪਾਰਲੀਮੈਂਟ ਨੂੰ ਭੇਜਿਆ ਗਿਆ ਹੋਵੇਗਾ। ਇਹ ਕਿੱਸਾ ਲਿਖਣ ਵਾਲੇ ਪੀ.ਸੀ.ਐਸ. ਅਫਸਰ ਦੀ ਇਹ ਲਿਖਤ ਮੈਂ 6 ਮਈ 1995 ਦੇ 'ਪੰਜਾਬੀ ਟ੍ਰਿਬਿਊਨ' ਅਖਬਾਰ 'ਚ ਪੜ੍ਹੀ ਸੀ।



# ਗੁਰਦੁਆਰਾ ਪੈਲਾਟਾਈਨ ਵਿਖੇ ਪੱਤਝੜ ਮੌਸਮ ਦੀ ਕਾਰਸੇਵਾ





**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿਖੇ ਪੱਤਝੜ ਮੌਸਮ ਦੀ ਨਿਸ਼ਕਾਮ ਕਾਰਸੇਵਾ ਲੰਘੀ 21 ਅਕਤੂਬਰ ਨੂੰ ਸਵੇਰੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਗੁਰੂਘਰ ਵਿਖੇ ਸ਼ੁਰੂ ਹੋਈ, ਜਿਸ ਦੌਰਾਨ ਸੰਗਤ ਨੇ ਯਥਾਯੋਗ ਸੇਵਾ ਕਰ ਕੇ ਮਿੱਥੀ ਸੇਵਾ ਵਿੱਚ ਹੱਥ ਵਟਾਇਆ। ਇਸ ਸਾਲ ਦੀ ਇਹ ਤੀਜੀ ਵੱਡੀ ਕਾਰਸੇਵਾ ਸੀ। ਇਹ ਕਾਰਸੇਵਾ ਬਾਬਾ ਬੁੱਢਾ ਸਾਹਿਬ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਤੀ ਗਈ ਸੀ ਅਤੇ ਕਾਰਸੇਵਾ ਜਥੇ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਸਾਲ ਪੱਤਝੜ ਦੀ ਕਾਰਸੇਵਾ ਬਾਬਾ ਬੁੱਢਾ ਸਾਹਿਬ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੋਇਆ ਕਰੇਗੀ। ਗੁਰੂਘਰ ਵਿੱਚ ਵੱਡੀਆਂ ਮੌਸਮੀ ਸਾਲਾਨਾ ਕਾਰਸੇਵਾਵਾਂ ਤੋਂ ਇਲਾਵਾ ਰੋਜ਼ਮੱਰ੍ਹਾ ਕਾਰਸੇਵਾ ਦਾ ਨਿੱਕਾ-ਮੋਟਾ ਅਮਲ ਵੀ ਜਾਰੀ ਰਹਿੰਦਾ ਹੈ।

ਸਾਰਾ ਦਿਨ ਚੱਲੀ ਕਾਰਸੇਵਾ ਦੌਰਾਨ ਗੁਰੂ ਦਰਬਾਰ ਹਾਲ ਵਿੱਚ ਜੇਰੇ ਨਿਗਰਾਨੀ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ, ਕਾਰਸੇਵਾ ਜਥੇ ਦੇ ਮੈਂਬਰਾਨ ਤੇ ਗੁਰੂਘਰ ਦੇ ਭਾਈ ਸਾਹਿਬਾਨ ਦੇ ਯੋਗਦਾਨ ਨਾਲ ਦਰਵਾਜ਼ੇ, ਖਿੜਕੀਆਂ, ਅਖੰਡ ਪਾਠ ਦੇ ਕਮਰੇ ਦੀ ਡੂੰਘੀ ਸਾਫ-ਸਫਾਈ ਕੀਤੀ ਗਈ। ਜ਼ਿਕਰਯੋਗ ਹੈ ਕਿ ਅਖੰਡ ਪਾਠ ਦਾ ਨਵਾਂ ਖੁੱਲ੍ਹਾ ਕਮਰਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਅਖੰਡ ਪਾਠ ਕਰਵਾਉਣ ਵਾਲੇ ਪਰਿਵਾਰ ਬੈਠ ਕੇ ਗੁਰਬਾਣੀ ਸੁਣ ਸਕਦੇ ਹਨ। ਵਧ ਰਹੀ ਸੰਗਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਉਪਰਾਲਾ ਸ਼ਲਾਘਾਯੋਗ ਹੈ।

ਇਸੇ ਦੌਰਾਨ ਰੁੱਖਾਂ, ਪੌਦਿਆਂ ਦੀ ਸਾਫ-ਸਫ਼ਾਈ ਅਤੇ ਕਟਾਈ ਕੀਤੀ ਗਈ। ਰਸੋਈ ਵਿੱਚ ਡਰੇਨ ਹੋਲ ਅਤੇ ਜਰੂਰੀ ਮੁਰੰਮਤ ਕੀਤੀ ਗਈ। ਗੁਰੂ ਘਰ ਦੀ ਇਮਾਰਤ ਦੀ ਬਾਹਰੋਂ ਝਾੜ-ਪੂੰਝ, ਖਿੜਕੀਆਂ-ਦਰਵਾਜ਼ੇ ਅਤੇ ਸ਼ੀਸ਼ਿਆਂ ਦੀ ਡੂੰਘੀ ਸਾਫ-ਸਫ਼ਾਈ ਸਮੇਤ ਘਾਹ ਦੀ ਕੱਟ-ਕਟਾਈ ਤੇ ਦੇਖ-ਭਾਲ ਅਤੇ ਗੁਰੂਘਰ ਦੇ ਸਾਹਮਣੇ ਫੁੱਲਾਂ ਦੀਆਂ ਕਿਆਰੀਆਂ ਦੀ ਸੇਵਾ ਸੰਭਾਲ ਕੀਤੀ ਗਈ।

ਕਾਰਸੇਵਾ ਜਥੇ ਦੇ ਮੋਢੀ ਮੈਂਬਰ ਸ. ਸਤਨਾਮ ਸਿੰਘ ਔਲਖ ਅਨੁਸਾਰ ਗੁਰੂਘਰ ਦੀ ਨਿਸ਼ਕਾਮ ਕਾਰਸੇਵਾ ਸਾਲ 2008 ਤੋਂ ਚਲਦੀ ਆ ਰਹੀ ਹੈ, ਜਿਸ ਦੌਰਾਨ ਸੰਗਤ ਦੇ ਲੱਖਾਂ ਡਾਲਰਾਂ ਦੀ ਬਚਤ ਹੋਈ ਹੈ, ਕਿਉਂਕਿ ਗੁਰੂਘਰ ਨਾਲ ਸਬੰਧਤ ਜਿਹੜੇ ਕੰਮ ਕਾਰਸੇਵਾ ਦੌਰਾਨ ਨਿਪਟਾ ਲਏ ਜਾਂਦੇ ਹਨ, ਜੇ ਉਹ ਕੰਮ ਬਾਹਰੋਂ ਵਰਕਰ ਬੁਲਾ ਕੇ ਕਰਵਾਏ ਜਾਣ ਤਾਂ ਵੱਡੀ ਰਕਮ ਉਤਾਰਨੀ ਪੈਂਦੀ ਹੈ। ਸੰਗਤੀ ਰੂਪ ਵਿੱਚ ਕਾਰਸੇਵਾ ਕਰਦਿਆਂ ਸਹਿਚਾਰ ਵੀ ਬਣਿਆ ਰਹਿੰਦਾ ਹੈ ਅਤੇ ਕਿਸੇ ਵੀ ਕੰਮ ਵਿੱਚ ਮੁਹਾਰਤ ਵਾਲੇ ਸੇਵਾਦਾਰ ਦੀ ਸਲਾਹ ਨਾਲ ਟੁੱਟ-ਭੱਜ ਜਾਂ ਮੁਰੰਮਤ ਦਾ ਕੰਮ ਹੱਥੀਂ ਤੇ ਸਸਤੇ ਵਿੱਚ ਕਰ ਲਿਆ ਜਾਂਦਾ ਹੈ।

ਸ. ਔਲਖ ਨੇ ਦੱਸਿਆ ਕਿ ਸੇਵਾਦਾਰ ਸ. ਨਰਦੀਪ ਸਿੰਘ ਨੇ ਵਰਕਸ਼ਾਪ ਵਿੱਚ ਕਾਰਸੇਵਾ ਵਿੱਚ ਵਰਤੋਂ ਹੋਣ ਵਾਲੇ ਸਾਰੇ ਸੰਦਾਂ ਦੀ ਮੁਰੰਮਤ, ਸਾਫ-ਸਫ਼ਾਈ ਤੇ ਤਿੱਖੇ ਕਰ ਸੇਵਾ ਵਾਸਤੇ ਤਿਆਰ ਕੀਤੇ। ਸੰਗਤ ਲਈ ਚਾਹ-ਸੋਡਾ, ਫਲ ਤੇ ਲੰਗਰ-ਪਾਣੀ ਦੇ ਉਚੇਚੇ ਪ੍ਰਬੰਧ ਤੋਂ ਇਲਾਵਾ ਪੀਜ਼ਾ ਵੀ ਵਰਤਾਇਆ ਗਿਆ। ਇਸੇ ਦੌਰਾਨ ਸੇਵਾਦਾਰ ਬੀਬੀਆਂ ਤੇ ਬੰਦਿਆਂ ਦੀ ਵੱਖ-ਵੱਖ ਗਰੁੱਪ ਫੋਟੋ ਵੀ ਖਿੱਚੀ ਗਈ। ਸੇਵਾ ਕਰਦਿਆਂ ਦੀਆਂ ਤਸਵੀਰਾਂ ਵੀ ਕਾਰਸੇਵਾ ਦੇ ਵ੍ਹੱਟਸਐਪ ਗਰੁੱਪ ਵਿੱਚ ਨਾਲੋਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਸਨ।

## ਸੰਖੇਪ ਵੇਰਵਾ

## ਬਾਬਾ ਬੁੱਢਾ ਜੀ: ਉਮਰ 125 ਸਾਲ, ਸੇਵਾ 113 ਸਾਲ

ਸਤਨਾਮ ਸਿੰਘ ਔਲਖ

### ਬਚਪਨ

ਪਿਤਾ: ਭਾਈ ਸੁੱਘਾ ਰੰਧਾਵਾ

ਮਾਤਾ: ਬੀਬੀ ਗੌਰਾਂ ਰੰਧਾਵਾ

ਜਨਮ: ਅਕਤੂਬਰ 22, 1506; ਕੱਥੂਨੰਗਲ, ਅੰਮ੍ਰਿਤਸਰ

ਸੁਪਤਨੀ: ਬੀਬੀ ਮਿਰੋਆ

ਪੁੱਤਰ: ਭਾਈ ਸਧਾਰੀ, ਭਿਖਾਰੀ, ਮਹਿਮੂ ਅਤੇ ਭਾਈ ਭਾਨਾ

### ਗੁਰੂ ਨਾਨਕ ਸਾਹਿਬ ਨਾਲ ਮਿਲਾਪ

ਸੰਨ 1518 ਵਿੱਚ ਰਾਵੀ ਦਰਿਆ ਦੇ ਨੇੜੇ ਪਿੰਡ ਰਮਦਾਸ ਦੀ ਚਾਰਗਾਹ 'ਤੇ ਮੱਝਾਂ ਚਾਰਦੇ ਹੋਏ ਨਿਰੰਕਾਰੀ ਜੋਤ ਦੇ ਦਰਸ਼ਨ ਹੋਏ ਅਤੇ ਵਾਰਤਾਲਾਪ ਸਮੇਂ ਗੁਰੂ ਜੀ ਨੇ ਕਿਹਾ, "ਤੇਰੀ ਉਮਰ ਛੋਟੀ ਹੈ, ਪਰ ਤੂੰ ਗੱਲਾਂ ਸਿਆਣਿਆਂ ਵਾਲੀਆਂ ਕਰਦਾ ਹੈਂ।" ਅਤੇ ਬੂੜਾ ਤੋਂ ਬੁੱਢਾ ਕਿਹਾ ਤੇ ਨਿਰੰਕਾਰੀ ਜੋਤ ਵੱਲੋਂ ਬਾਬਾ ਜੀ ਨੂੰ ਸਿੱਖੀ ਦੀ ਦਾਤ ਮਿਲ ਗਈ।

### ਗੁਰੂ ਨਾਨਕ ਦੇਵ ਜੀ ਨਾਲ ਕਰਤਾਰਪੁਰ ਵਿਖੇ ਪਹਿਲੀ ਧਰਮਸ਼ਾਲਾ ਵਿਚ

1. ਬਾਰਾਂ ਸਾਲ ਦੀ ਉਮਰ ਵਿੱਚ ਨਿਰੰਕਾਰੀ ਜੋਤ ਨਾਲ ਜੁੜ ਗਏ।
2. ਗੁਰਬਾਣੀ ਦੀ ਵਿਦਿਆ ਲੈ, ਖੇਤਾਂ ਤੇ ਪਸ਼ੂਆਂ ਦੀ ਸੇਵਾ ਸੰਭਾਲ, ਖੂਹ ਵਾਹੁਣਾ ਪਾਣੀ ਲਾਉਣਾ, ਲੰਗਰ ਦੀ ਤਿਆਰੀ, ਬਣਾਉਣ ਤੇ ਵਰਤਾਉਣ ਦੀ ਸੇਵਾ, ਧਰਮਸ਼ਾਲਾ ਵਿੱਚ ਝਾੜੂ, ਬਾਣੀ ਪੜ੍ਹਨ ਤੇ ਪੜ੍ਹਾਉਣ ਦੀ ਸੇਵਾ ਅਤੇ ਧਰਮਸ਼ਾਲਾ ਦੀ ਸੇਵਾ ਸੰਭਾਲ ਦੇ ਨਾਲ ਨਾਲ ਸਿਮਰਨ ਵਿੱਚ ਲੀਨ ਰਹਿੰਦੇ।

### ਗੁਰੂ ਅੰਗਦ ਦੇਵ ਜੀ ਨਾਲ ਦੂਸਰੀ ਧਰਮਸ਼ਾਲਾ ਖਡੂਰ ਸਾਹਿਬ ਵਿਖੇ

1. ਸਿੱਖੀ ਪ੍ਰਚਾਰ ਤੇ ਧਰਮਸ਼ਾਲਾ ਦੀ ਸੇਵਾ ਸੰਭਾਲ
2. ਸਿੱਖੀ ਦੀ ਫੁਲਵਾੜੀ ਨੂੰ ਹਰਿਆ-ਭਰਿਆ ਰੱਖਣ ਵਾਸਤੇ ਪੂਰਨ ਯੋਗਦਾਨ ਪਾਇਆ

### ਗੁਰੂ ਅਮਰਦਾਸ ਜੀ ਨਾਲ ਤੀਸਰੀ ਧਰਮਸ਼ਾਲਾ ਗੋਇੰਦਵਾਲ ਸਾਹਿਬ ਵਿਖੇ

1. ਦਾਤੂ ਪੁੱਤਰ ਅੰਗਦ ਦੇਵ ਜੀ ਦੀ ਗੁਰਗੱਦੀ ਦਾ ਹੱਕ ਜਤਾਉਂਦੇ ਹੋਏ ਗੁਰੂ ਅਮਰਦਾਸ ਜੀ ਨੂੰ ਲੱਤ ਮਾਰਨ ਤੇ ਵੈਰਾਗ ਵਿੱਚ ਆਪਣੇ ਪਿੰਡ ਬਾਸਰਕੇ ਆ ਗਏ ਅਤੇ ਬਾਬਾ ਬੁੱਢਾ ਜੀ ਤੇ ਸੰਗਤਾਂ ਦੀਆਂ ਬੇਨਤੀਆਂ 'ਤੇ ਵਾਪਿਸ ਗੋਇੰਦਵਾਲ ਲਿਆਂਦਾ।
2. ਸੰਨ 1552 ਵਿੱਚ ਜਾਤ ਪਾਤ ਖ਼ਤਮ ਕਰਨ ਵਾਸਤੇ ਬਾਉਲੀ ਦਾ ਟੱਕ ਬਾਬਾ ਬੁੱਢਾ ਜੀ ਪਾਸੋਂ ਲਵਾਇਆ।
3. ਸਿੱਖੀ ਪ੍ਰਚਾਰ ਵਾਸਤੇ ਬਾਈ ਮੰਜੀਆਂ ਦਾ ਮੁੱਖ ਸੇਵਾਦਾਰ ਥਾਪਿਆ।

### ਗੁਰੂ ਰਾਮਦਾਸ ਜੀ ਨਾਲ ਚੌਥੀ ਧਰਮਸ਼ਾਲਾ ਗੁਰੂ ਕੇ ਚੱਕ ਅੰਮ੍ਰਿਤਸਰ ਵਿਖੇ

1. ਸਰੋਵਰ ਦੀ ਨਿਸ਼ਾਨਦੇਹੀ ਅਤੇ ਬਾਬਾ ਬੁੱਢਾ ਜੀ ਨੇ ਟੱਕ ਲਾਇਆ।
2. ਬਾਬਾ ਜੀ ਨੂੰ ਸਰੋਵਰ ਦੀ ਸੇਵਾ ਦਾ ਮੁੱਖ ਸੇਵਾਦਾਰ ਥਾਪਿਆ। ਬਾਬਾ ਜੀ ਨੇ ਖੁਦ ਹੱਥੀਂ ਸੇਵਾ ਕੀਤੀ ਤੇ ਕਰਵਾਈ।

### ਗੁਰੂ ਅਰਜਨ ਦੇਵ ਜੀ ਨਾਲ ਅੰਮ੍ਰਿਤਸਰ ਵਿਖੇ

1. ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਸੇਵਾ ਵਿੱਚ ਪੂਰਨ ਯੋਗਦਾਨ।
2. ਮਾਤਾ ਗੰਗਾ ਜੀ ਨੂੰ ਪੁੱਤਰਾਂ ਦੀ ਦਾਤ ਵਾਸਤੇ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਅਰਦਾਸ ਕੀਤੀ।
3. ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਮੁੱਖ ਗ੍ਰੰਥੀ ਥਾਪਿਆ।
4. ਹਰਗੋਬਿੰਦ ਜੀ ਨੂੰ ਪੜ੍ਹਾਉਣ, ਸ਼ਸ਼ਤਰ ਤੇ ਸ਼ਾਸਤਰਾਂ ਦੀ ਵਿਦਿਆ, ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜਾ ਬਾਜੀ ਅਤੇ ਜੰਗਾਂ ਯੁੱਧਾਂ ਦੇ ਹੁਨਰਾਂ ਦੀ ਸਿਖਲਾਈ ਦਿੱਤੀ।
5. ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ 'ਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਹੌਸਲਾ ਅਫ਼ਜਾਈ ਕੀਤੀ।
6. ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਗੁਰੂ ਹਰਗੋਬਿੰਦ ਜੀ ਦੀ ਕਮਰ ਨਾਲ ਬੱਧੀਆਂ।

### ਗੁਰੂ ਹਰਗੋਬਿੰਦ ਜੀ ਨਾਲ ਅੰਮ੍ਰਿਤਸਰ ਅਤੇ ਹਰਗੋਬਿੰਦਪੁਰਾ ਵਿਖੇ

1. ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਜੰਗੀ ਪੱਧਰ 'ਤੇ ਜੰਗਾਂ-ਯੁੱਧਾਂ ਦੀ ਹੁਨਰਬੰਧੀ, ਹੱਕ-ਸੱਚ ਤੇ ਇਨਸਾਫ਼ 'ਤੇ ਡੱਟ ਕੇ ਪਹਿਰਾ ਦੇਣ ਵਾਸਤੇ ਗੁਰੂ ਹਰਗੋਬਿੰਦ ਨੂੰ ਸਿਖਲਾਈ ਦਿੱਤੀ।
2. ਅਕਾਲ ਬੂੰਗਾ (ਅਕਾਲ ਤਖ਼ਤ) ਦੀ ਉਸਾਰੀ ਵਾਸਤੇ ਅਰਦਾਸ ਉਪਰੰਤ ਖੁਦ ਹੱਥੀਂ ਸੇਵਾ ਕੀਤੀ।
3. 103 ਸਾਲ ਦੀ ਬਿਰਧ ਅਵਸਥਾ ਵਿੱਚ ਸ਼ਬਦ ਚੌਕੀ ਅੰਮ੍ਰਿਤਸਰ ਤੋਂ ਗਵਾਲੀਅਰ ਦੇ ਕਿਲੇ ਤੱਕ, ਰਾਤ ਨੂੰ ਚੱਲਣ ਵਾਸਤੇ ਮਿਸਾਲਾਂ ਲੈ, ਰਸਤੇ ਵਿੱਚ ਜਾਗਰੂਕਤਾ ਪੈਦਾ ਕਰਦੇ ਹੋਏ 500 ਮੀਲ ਦਾ ਸਫ਼ਰ ਤੈਅ ਕਰ ਗੁਰੂ ਜੀ ਦੀ ਰਿਹਾਈ ਵਾਸਤੇ ਅਰਦਾਸਾਂ ਕੀਤੀਆਂ।
4. ਬੰਦੀਛੋੜ ਦੇ ਸ਼ੁੱਭ ਦਿਹਾੜੇ 'ਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਦੀਪਮਾਲਾ ਕੀਤੀ।
5. ਗੁਰੂ ਜੀ ਵੱਲੋਂ ਸ਼ਬਦ ਚੌਂਕੀ ਬਖਸ਼ਿਸ਼ ਹਾਸਲ ਕੀਤੀ, ਜੋ ਅੰਮ੍ਰਿਤਸਰ ਵਿਖੇ ਹਰ ਰੋਜ ਰਹਿਰਾਸ ਤੋਂ ਬਾਅਦ ਅਕਾਲ ਤਖ਼ਤ ਤੋਂ ਸ਼ੁਰੂ ਹੋ, ਵੱਡੀ ਪ੍ਰਦੱਖਣਾ ਲੈ ਦਰਸ਼ਨੀ ਡਿਓੜੀ ਰਾਹੀਂ ਹਰਿਮੰਦਰ ਸਾਹਿਬ ਦੀ ਪ੍ਰਦੱਖਣਾ ਲੈ ਦਰਵਾਜ਼ੇ ਸਾਹਮਣੇ ਖੜੇ ਹੋ ਅਰਦਾਸ ਹੁੰਦੀ ਹੈ।
6. ਮੁਗ਼ਲਾਂ ਦੀ ਵਧਦੀ ਧੱਕੇਸ਼ਾਹੀ ਦੇ ਖਿਲਾਫ ਅੰਮ੍ਰਿਤਸਰ ਵਿਖੇ ਲੋਹਗੜ੍ਹ ਕਿਲੇ ਦੀ ਉਸਾਰੀ ਵਾਸਤੇ ਪੂਰਨ ਯੋਗਦਾਨ ਪਾਇਆ।

### ਰਮਦਾਸ ਵਿਖੇ ਸੱਚ ਖੰਡ ਨੂੰ ਪਿਆਨਾ

1. ਅੰਤਿਮ ਸਮੇਂ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਆਖਰੀ ਦਰਸ਼ਨਾਂ ਵਾਸਤੇ ਸੁਨੇਹਾ ਭੇਜ ਬੁਲਾਇਆ।
2. ਅੰਮ੍ਰਿਤ ਵੇਲੇ ਨਿਤਨੇਮ ਕਰ ਗੁਰੂ ਜੀ ਦੀ ਹਜ਼ੂਰੀ ਵਿੱਚ ਪੁੱਤਰ ਭਾਨਾ ਦਾ ਹੱਥ ਗੁਰੂ ਜੀ ਨੂੰ ਫੜਾ ਆਖਰੀ ਸਾਹ ਲਿਆ।
3. ਗੁਰੂ ਜੀ ਨੇ ਅਰਥੀ ਨੂੰ ਮੋਢਾ ਦਿੱਤਾ, ਸੰਸਕਾਰ ਕੀਤਾ ਅਤੇ ਸਹਿਜ ਪਾਠ ਰਖਵਾਇਆ।
4. ਸਿੱਖ ਇਤਿਹਾਸ ਵਿੱਚ ਗੁਰੂ ਹਰਗੋਬਿੰਦ ਜੀ ਦੀਆਂ ਪਹਿਲੀ ਵਾਰ ਅੱਖਾਂ ਨਮ ਹੋਈਆਂ।

**ਹਵਾਲੇ:**


1. ਜਨਮਸਾਖੀ ਬਾਬਾ ਬੁੱਢਾ ਜੀ, ਲਿਖਾਰੀ ਗਿਆਨੀ ਕਿਸ਼ਨ ਸਿੰਘ ਗੰਡੀਵਿੰਡ।
2. ਬਾਬਾ ਬੁੱਢਾ ਜੀ: ਜੀਵਨ ਅਤੇ ਯੋਗਦਾਨ।

### "ਭਾਰਤ ਵਿੱਚ ਮੀਡੀਆ: ਰੁਝਾਨ ਅਤੇ ਪੈਟਰਨ" ਬਾਰੇ ਰਿਪੋਰਟ

# ਭਾਰਤੀ ਮੀਡੀਆ ਦਾ ਕਬੂਲਨਾਮਾ

**ਵਿਸ਼ੇਸ਼**

**ਤਰਲੋਚਨ ਸਿੰਘ ਭੱਟੀ**
**ਪੀ. ਸੀ. ਐਸ. (ਸੇਵਾ ਮੁਕਤ)**
**ਫੋਨ: +91-9876502607**



**ਪ੍ਰੈੱਸ ਦੀ ਆਜ਼ਾਦੀ ਬਾਰੇ 72% ਪੱਤਰਕਾਰਾਂ ਨੇ ਕਿਹਾ ਹੈ ਕਿ ਨਿਊਜ਼ ਚੈਨਲ ਹੁਣ ਆਪਣਾ ਕੰਮ ਕਰਨ ਲਈ ਘੱਟ ਹੀ ਆਜ਼ਾਦ ਹਨ। ਹਿੰਦੀ ਮੀਡੀਆ ਦੇ ਮੁਕਾਬਲੇ ਅੰਗਰੇਜ਼ੀ ਮੀਡੀਆ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਵਿੱਚ ਇਹ ਚਿੰਤਾਵਾਂ ਵਧੇਰੇ ਹਨ। 55% ਪ੍ਰਿੰਟ ਪੱਤਰਕਾਰ ਅਤੇ 36% ਡਿਜ਼ੀਟਲ ਪੱਤਰਕਾਰਾਂ ਨੇ ਆਪਣੇ ਕੰਮ ਸਹੀ ਢੰਗ ਨਾਲ ਕਰਨ ਲਈ ਘੱਟ ਸੁਤੰਤਰ ਮਹਿਸੂਸ ਕੀਤਾ ਹੈ।...ਰਿਪੋਰਟ ਨੇ ਸਿੱਟਾ ਕੱਢਿਆ ਹੈ ਕਿ ਮੀਡੀਆ ਨਾਲ ਜੁੜੇ ਪੱਤਰਕਾਰ ਅਕਸਰ ਸੰਤੁਸ਼ਟ ਨਹੀਂ ਜਾਪਦੇ।... ਮੀਡੀਆ ਨੂੰ ਆਪਣੀ ਹੋਂਦ ਅਤੇ ਜ਼ਮੀਰ ਨੂੰ ਲੋਕ ਹਿੱਤ ਵਿੱਚ ਜਗਾਈ ਰੱਖਣ ਲਈ ਅਤੇ ਲੋਕਾਂ ਸਾਹਮਣੇ ਸੱਚ ਰੱਖਣ ਦੀ ਬੇਹੱਦ ਲੋੜ ਹੈ।**

ਮੀਡੀਆ ਨੇ ਭਾਰਤ ਦੀ ਰਾਜਨੀਤੀ ਦਾ ਮੁਹਾਂਦਰਾ ਬਣਾਉਣ, ਵਿਗਾੜਨ ਅਤੇ ਬਚਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਸ਼ਾਇਦ ਇਸੇ ਲਈ ਇਸਨੂੰ ਰਾਜ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ ਅਤੇ ਅੱਜ-ਕੱਲ ਚੌਥਾ ਥੰਮ੍ਹ ਜ਼ਿਆਦਾਤਰ ਗੋਦੀ ਮੀਡੀਆ ਗਰਦਾਨਿਆ ਗਿਆ ਹੈ। ਰਾਜ ਦੇ ਇਸ ਚੌਥੇ ਥੰਮ੍ਹ ਬਾਰੇ ਇੱਕ ਖੋਜੀ ਸੰਸਥਾ ਲੋਕਨੀਤੀ (ਸੈਂਟਰ ਫਾਰ ਸਟੱਡੀਜ਼ ਆਫ਼ ਡਿਵੈਲਪਿੰਗ ਸੁਸਾਇਟੀਜ਼) ਨਵੀਂ ਦਿੱਲੀ ਵੱਲੋਂ "ਭਾਰਤ ਵਿੱਚ ਮੀਡੀਆ: ਰੁਝਾਨ ਅਤੇ ਪੈਟਰਨ" ਬਾਰੇ ਰਿਪੋਰਟ ਜਾਰੀ ਕੀਤੀ ਹੈ। ਇਹ ਰਿਪੋਰਟ 206 ਪੱਤਰਕਾਰਾਂ ਦੇ ਸਰਵੇਖਣ 'ਤੇ ਆਧਾਰਤ ਹੈ, ਜੋ ਲੋਕਾਂ ਦੇ ਰੋਜ਼ਾਨਾ ਜੀਵਨ ਵਿੱਚ ਮੀਡੀਆ ਦੀ ਭਾਰੀ ਮੌਜੂਦਗੀ, ਖਪਤਕਾਰਾਂ ਅਤੇ ਪੱਤਰਕਾਰਾਂ ਉਤੇ ਇਸ ਦੇ ਪ੍ਰਭਾਵ ਦਾ ਵੀ ਮੁਲੰਕਣ ਕਰਨ ਦੀ ਇੱਕ ਕੋਸ਼ਿਸ਼ ਵੀ ਲੱਗਦੀ ਹੈ। ਸਰਵੇਖਣ ਪੱਤਰਕਾਰੀ ਦੇ ਸਾਰੇ ਮਾਧਿਅਮਾਂ- ਟੀ.ਵੀ., ਪ੍ਰਿੰਟ (ਅਖਬਾਰ) ਤੇ ਡਿਜ਼ੀਟਲ ਅਤੇ ਸਾਰੇ ਰਾਜਾਂ ਨਾਲ ਸਬੰਧਤ ਹੈ। 75% ਭਾਗੀਦਾਰ ਪੁਰਸ਼ ਹਨ, ਜਦਕਿ 25% ਔਰਤਾਂ; 18 ਤੋਂ 35 ਸਾਲਾਂ ਦੇ 30%, 36 ਤੋਂ 45 ਸਾਲਾਂ ਦੇ 33%, 46 ਸਾਲ ਜਾਂ ਵਧੇਰੀ ਉਮਰ ਦੇ 37% ਪੱਤਰਕਾਰ ਹਨ। ਹਿੰਦੀ ਭਾਸ਼ਾ ਦੇ 41%, ਅੰਗਰੇਜ਼ੀ ਦੇ 32% ਅਤੇ ਹੋਰ ਭਾਸ਼ਾਵਾਂ ਦੇ 27%। ਸ਼ੁਰੂਆਤੀ ਦੌਰ ਜਾਂ ਨਵੇਂ ਨਵੇਂ ਬਣੇ ਪੱਤਰਕਾਰ 3%, ਜੂਨੀਅਰ 6%, ਮਾਧਿਅਮ ਦਰਜੇ ਦੇ 35% ਅਤੇ ਸੀਨੀਅਰ 56% ਭਾਗੀਦਾਰ ਹਨ, ਜਦਕਿ 27% ਆਜ਼ਾਦ/ਫਰੀਲਾਂਸ ਪੱਤਰਕਾਰ, ਮੀਡੀਆ ਸੰਗਠਨਾਂ ਜਾਂ ਮੀਡੀਆ ਘਰਾਣਿਆਂ ਦੇ ਤਨਖਾਹੀਏ 64% ਅਤੇ ਦੋਵਾਂ ਤਰ੍ਹਾਂ ਦੇ ਬਾਕੀ 9% ਪੱਤਰਕਾਰ ਸਰਵੇ ਵਿੱਚ ਸ਼ਾਮਲ ਕੀਤੇ ਗਏ ਹਨ।

ਪੇਸ਼ੇਵਰ, ਤੰਦਰੁਸਤੀ ਅਤੇ ਕੰਮਕਾਰ ਦੀ ਆਰਥਿਕਤਾ ਦੇ ਖੇਤਰ ਵਿੱਚ ਰਿਪੋਰਟ ਅਨੁਸਾਰ 66% ਮਰਦਾਂ ਦੇ ਮੁਕਾਬਲੇ 85% ਔਰਤਾਂ ਦੇ ਨੌਕਰੀ ਦੇ ਨਤੀਜੇ ਵਜੋਂ ਉਨ੍ਹਾਂ ਦੀ ਮਾਨਸਿਕ ਸਿਹਤ ਉਤੇ ਪ੍ਰਭਾਵ ਦੀ ਰਿਪੋਰਟ ਕੀਤੀ ਹੈ। ਅੰਗਰੇਜ਼ੀ ਸਮਾਚਾਰ ਸੰਗਠਨਾਂ




ਅਤੇ ਡਿਜ਼ੀਟਲ ਪਲੇਟਫਾਰਮਾਂ ਤੇ ਮੱਧ ਪੱਧਰ ਦੇ ਪੱਤਰਕਾਰਾਂ ਨੇ ਆਪਣੇ ਹਮਰੁਤਬਾ ਨਾਲੋਂ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਵਧੇਰੇ ਪ੍ਰਭਾਵ ਦੀ ਰਿਪੋਰਟ ਕੀਤੀ ਹੈ। ਚਾਰ ਵਿੱਚੋਂ ਤਿੰਨ ਪੱਤਰਕਾਰਾਂ ਨੇ ਦੱਸਿਆ ਹੈ ਕਿ ਉਨ੍ਹਾਂ ਦੀਆਂ ਨੌਕਰੀਆਂ ਨੇ ਉਨ੍ਹਾਂ ਦੀ ਸਰੀਰਕ ਸਿਹਤ ਨੂੰ ਪ੍ਰਭਾਵਿਤ ਕੀਤਾ ਹੈ। ਅੰਗਰੇਜ਼ੀ ਭਾਸ਼ਾ ਦੇ ਉਦਯੋਗ ਨਾਲ ਸਬੰਧਤ ਨੌਜਵਾਨ ਪੱਤਰਕਾਰਾਂ ਨੇ ਸਰੀਰਕ ਸਿਹਤ ਉਤੇ ਮਾੜੇ ਪ੍ਰਭਾਵ ਨੂੰ ਰਿਪੋਰਟ ਕੀਤਾ ਹੈ। ਇਸਦੇ ਨਾਲ ਹੀ ਉਨ੍ਹਾਂ ਦੇ ਪੇਸ਼ੇਵਰ ਓਵਰਲੋਡ ਦੀ ਕੀਮਤ ਉਨ੍ਹਾਂ ਦੇ ਪਰਿਵਾਰਕ ਸਬੰਧਤਾਂ ਨੂੰ ਵੀ ਪ੍ਰਭਾਵਤ ਕਰਦੀ ਹੈ। ਕੋਵਿਡ ਮਹਾਂਮਾਰੀ ਅਤੇ ਵਿਸ਼ਵ ਆਰਥਿਕ ਮੰਦੀ ਤੋਂ ਬਾਅਦ ਮੀਡੀਆ ਉਦਯੋਗ ਨੂੰ ਛਾਂਟੀ ਦਾ ਸਾਹਮਣਾ ਵੀ ਕਰਨਾ ਪਿਆ ਹੈ। 45% ਪੱਤਰਕਾਰਾਂ ਨੇ ਮੰਨਿਆ ਹੈ ਕਿ ਉਨ੍ਹਾਂ ਦੇ ਸੰਗਠਨਾਂ ਦੇ ਲੋਕਾਂ ਨੂੰ ਲਾਗਤ ਘਟਾਉਣ ਅਤੇ ਕੰਮ ਦੀ ਆਰਥਿਕਤਾ ਨੂੰ ਕਾਇਮ ਰੱਖਣ ਲਈ ਨੌਕਰੀ ਛੱਡਣ ਨੂੰ ਕਿਹਾ ਗਿਆ ਹੈ। 69% ਮੱਧ ਉਮਰ ਦੇ ਪੱਤਰਕਾਰ ਅਤੇ ਅੰਗਰੇਜ਼ੀ ਮੀਡੀਆ ਉਦਯੋਗ ਦੇ 77% ਪੱਤਰਕਾਰਾਂ ਨੇ ਇਹ ਪ੍ਰਭਾਵ ਕਬੂਲਿਆ ਹੈ। ਮੀਡੀਆ ਸੰਸਥਾਵਾਂ ਦੇ 75% ਪੱਤਰਕਾਰਾਂ ਨੇ ਕਿਹਾ ਹੈ ਕਿ ਉਹ ਆਪਣੀਆਂ ਮੌਜੂਦਾ ਨੌਕਰੀਆਂ ਗਵਾਉਣ ਬਾਰੇ ਫਿਕਰਮੰਦ ਹਨ। ਇਹ ਚਿੰਤਾ ਮੱਧ ਵਰਗ ਦੇ ਪੱਤਰਕਾਰਾਂ ਵਿੱਚ ਵਧੇਰੇ ਪ੍ਰਚਲਿਤ ਹੈ।




ਭਾਰਤ ਵਿੱਚ ਮੀਡੀਆ ਦੀ ਆਜ਼ਾਦੀ ਬਾਰੇ ਚਿੱਤਰਕਾਰ ਗੁਰਪ੍ਰੀਤ ਦਾ ਇੱਕ ਚਿੱਤਰ

ਨਿਊਜ਼ ਮੀਡੀਆ ਤੇ ਰਾਜਨੀਤੀ ਨਾਲ ਸਬੰਧਤ 75% ਪੱਤਰਕਾਰਾਂ ਨੇ ਸਵਿਕਾਰਿਆ ਹੈ ਕਿ ਉਹ ਇੱਕ ਰਾਜਸੀ ਪਾਰਟੀ ਪ੍ਰਤੀ ਪੱਖਪਾਤੀ ਹਨ। ਇਸ ਦੇ ਨਾਲ ਕੁੱਝ ਹੋਰ ਪੱਤਰਕਾਰਾਂ ਨੇ ਇਹ ਵੀ ਮੰਨਿਆ ਹੈ ਕਿ ਉਨ੍ਹਾਂ ਦੀਆਂ ਮੀਡੀਆ ਸੰਸਥਾਵਾਂ ਕਿਸੇ ਵਿਸ਼ੇਸ਼ ਪਾਰਟੀ ਦਾ ਪੱਖ ਪੂਰਦੀਆਂ ਹਨ। 82% ਪੱਤਰਕਾਰਾਂ ਨੇ ਮੰਨਿਆ ਹੈ ਕਿ ਉਹ ਕੇਂਦਰ ਵਿੱਚ ਸ਼ਾਸ਼ਕ ਰਾਜਸੀ ਪਾਰਟੀ ਦਾ ਪੱਖ ਪੂਰਦੇ ਹਨ। 16% ਪੱਤਰਕਾਰਾਂ ਨੇ ਮੰਨਿਆ ਹੈ ਕਿ ਉਨ੍ਹਾਂ ਦੀਆਂ ਸੰਸਥਾਵਾਂ ਵਿੱਚ ਲੋਕਾਂ ਨੂੰ ਰਾਜਨੀਤਿਕ ਝੁਕਾਅ ਕਾਰਨ ਨੌਕਰੀ ਛੱਡਣ ਲਈ ਵੀ ਕਿਹਾ ਗਿਆ ਹੈ। ਵਧੇਰੇ ਪੱਤਰਕਾਰ ਚਿੰਤਿਤ ਹਨ ਕਿ ਉਹ ਆਪਣੇ ਸਿਆਸੀ ਝੁਕਾਅ ਕਾਰਨ ਨੌਕਰੀ ਗਵਾ ਸਕਦੇ ਹਨ। 80% ਪੱਤਰਕਾਰਾਂ ਨੇ ਕਿਹਾ ਹੈ ਕਿ ਮੀਡੀਆ ਪ੍ਰਧਾਨ ਮੰਤਰੀ ਮੋਦੀ ਨੂੰ ਬਹੁਤ ਅਨੁਕੂਲ ਕਵਰ ਕਰਦਾ ਹੈ, ਜਦਕਿ 61% ਪੱਤਰਕਾਰਾਂ ਨੇ ਮੰਨਿਆ ਹੈ ਕਿ ਵਿਰੋਧੀ ਪਾਰਟੀਆਂ ਨੂੰ ਬਹੁਤ ਮਾੜੇ ਢੰਗ ਨਾਲ ਕਵਰ ਕੀਤਾ ਜਾਂਦਾ ਹੈ। ਸਰਵੇਖਣ ਕੀਤੇ ਗਏ 71% ਸੁਤੰਤਰ ਪੱਤਰਕਾਰਾਂ ਨੇ ਸਮਾਚਾਰ ਸੰਗਠਨਾਂ ਵਾਲੇ ਪੱਤਰਕਾਰਾਂ ਦੇ ਮੁਕਾਬਲੇ ਇੱਕ ਅਣਉਚਿਤ ਪੱਖਪਾਤ ਨੂੰ ਮਹਿਸੂਸ ਕਰਨ ਦੀ ਜ਼ਿਆਦਾ ਸੰਭਾਵਨਾ ਜਤਾਈ ਹੈ। ਰਿਪੋਰਟ ਅਨੁਸਾਰ ਸੁਤੰਤਰ ਪੱਤਰਕਾਰ ਆਮ ਤੌਰ 'ਤੇ ਇੱਕ ਮਜ਼ਬੂਤ ਵਿਸ਼ਵਾਸ ਰੱਖਦੇ ਹਨ ਕਿ ਮੀਡੀਆ ਮੋਦੀ ਸਰਕਾਰ ਨੂੰ ਅਨੁਕੂਲ ਰੌਸ਼ਨੀ ਵਿੱਚ ਪੇਸ਼ ਕਰਦਾ ਹੈ ਅਤੇ ਵਿਰੋਧੀ ਪਾਰਟੀਆਂ ਦੀ ਅਣਉਚਿਤ ਕਵਰੇਜ਼ ਪ੍ਰਦਾਨ ਕਰਦਾ ਹੈ।

ਡਿਜ਼ੀਟਲ ਮੀਡੀਆ ਵਿੱਚ 69% ਪੱਤਰਕਾਰਾਂ ਨੇ ਵਿਰੋਧੀ ਪਾਰਟੀਆਂ ਦੀ ਕਵਰੇਜ਼ ਨੂੰ ਅਨੁਕੂਲ ਮੰਨਿਆ ਹੈ, ਜਦਕਿ 57% ਪ੍ਰਿੰਟ ਅਤੇ 42% ਟੀ.ਵੀ. ਮੀਡੀਆ ਨੇ ਬਹੁਤ ਅਨੁਕੂਲ ਨਹੀਂ ਮੰਨਿਆ। ਪੰਜਾਂ ਵਿੱਚੋਂ ਚਾਰ ਪੱਤਰਕਾਰਾਂ ਨੇ ਭਾਰਤੀ ਮੀਡੀਆ ਨੂੰ ਮੋਦੀ ਦਾ ਉਪਾਸਕ ਮੰਨਿਆ, ਜਦਕਿ 61% ਨੇ ਮੰਨਿਆ ਹੈ ਕਿ ਵਿਰੋਧੀ ਪਾਰਟੀਆਂ ਮੋਦੀ ਦਾ ਅਣਉਚਿਤ ਵਿਰੋਧ ਕਰ ਰਹੀਆਂ ਹਨ। 26% ਨਿਊਜ਼ ਮੀਡੀਆ ਮੁਸਲਿਮ ਭਾਈਚਾਰੇ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਉਣਾ ਹੈ। ਲੋਕਨੀਤੀ ਸੀ. ਐਸ. ਡੀ. ਐਸ. ਦੁਆਰਾ ਸਰਵੇਖਣ ਕੀਤੇ ਗਏ ਅੱਧੇ ਪੱਤਰਕਾਰਾਂ ਨੇ ਕਿਹਾ ਹੈ ਕਿ ਉਹ ਨਿਰਪੱਖ ਹਨ, ਜਦਕਿ 55% ਨੇ ਮੰਨਿਆ ਹੈ ਉਨ੍ਹਾਂ ਦੀਆਂ ਮੀਡੀਆ ਸੰਸਥਾਵਾਂ ਕੋਲ ਸ਼ੋਸ਼ਲ ਮੀਡੀਆ ਨੀਤੀ ਦਾ ਕੁੱਝ ਰੂਪ ਹੈ। 30% ਪੱਤਰਕਾਰ ਸ਼ੋਸ਼ਲ ਮੀਡੀਆ ਅਤੇ ਲੋਕਾਂ ਵੱਲੋਂ ਪੁੱਛੇ ਜਾਂਦੇ ਸਵਾਲਾਂ ਦਾ ਜਵਾਬ ਦੇਣ ਤੋਂ ਝਿਜਕਦੇ ਹਨ, ਜਦਕਿ ਹਿੰਦੀ ਪੱਤਰਕਾਰ ਇਸ ਬਾਰੇ ਮੁਕਾਬਲਤ ਘੱਟ ਡਰੇ ਹੋਏ ਹਨ। ਆਨਲਾਈਨ ਜਾਅਲੀ ਖਬਰਾਂ ਦੇ ਪ੍ਰਸਾਰ ਬਾਰੇ ਚਾਰ ਵਿੱਚੋਂ ਤਿੰਨ ਪੱਤਰਕਾਰਾਂ ਨੇ ਸ਼ੋਸ਼ਲ ਮੀਡੀਆ 'ਤੇ ਗਲਤ ਜਾਣਕਾਰੀ ਪ੍ਰਾਪਤ ਕਰਨ ਬਾਰੇ ਗੰਭੀਰ ਚਿੰਤਾ ਜਾਹਰ ਕੀਤੀ ਹੈ। ਸਰਵੇਖਣ ਵਿੱਚ ਸ਼ਾਮਲ ਕੁੱਲ ਪੱਤਰਕਾਰਾਂ ਵਿੱਚੋਂ ਦੋ-ਤਿਹਾਈ ਪੱਤਰਕਾਰਾਂ ਨੇ ਮੰਨਿਆ ਹੈ ਕਿ ਸ਼ੋਸ਼ਲ ਮੀਡੀਆ ਪਲੇਟਫਾਰਮ ਦਾ ਇੰਟਰਨੈਟ 'ਤੇ ਪੋਸਟ ਕੀਤੀ ਗਈ ਗਲਤ ਜਾਣਕਾਰੀ ਦੁਆਰਾ ਲੋਕਾਂ ਨੂੰ ਗੁੰਮਰਾਹ ਹੋਣ ਤੇ ਡਰ ਤੋਂ ਉਹ ਬਹੁਤ ਚਿੰਤਿਤ ਹਨ।

ਦੋ-ਤਿਹਾਈ ਟੀ.ਵੀ. ਪੱਤਰਕਾਰਾਂ ਅਨੁਸਾਰ ਸ਼ੋਸ਼ਲ ਮੀਡੀਆ ਰੁਝਾਨ ਇੱਕ ਹੱਦ ਤੱਕ ਨਿਊਜ਼ ਮੀਡੀਆ ਸਮਗਰੀ ਨੂੰ ਵੀ ਪ੍ਰਭਾਵਿਤ ਕਰਦਾ ਹੈ। 10 ਵਿੱਚੋਂ 7 ਪੱਤਰਕਾਰਾਂ ਨੇ ਇਸ ਨੂੰ ਚਿੰਤਾਜਨਕ ਦੱਸਿਆ ਹੈ। 64% ਪੱਤਰਕਾਰਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੂੰ ਘੱਟੋ ਘੱਟ ਇੱਕ ਵਾਰ ਉਨ੍ਹਾਂ ਦੀਆਂ ਪੋਸਟਾਂ ਅਤੇ ਟੀਕਾ ਟਿੱਪਣੀਆਂ ਲਈ ਪ੍ਰੇਸ਼ਾਨ ਕੀਤਾ ਗਿਆ। 78% ਡਿਜ਼ੀਟਲ ਪੱਤਰਕਾਰਾਂ ਨੇ ਆਪਣੀਆਂ ਆਨਲਾਈਨ ਪੋਸਟਾਂ ਲਈ ਪ੍ਰੇਸ਼ਾਨੀ ਦਾ ਅਨੁਭਵ ਕੀਤਾ। ਟੀ.ਵੀ. ਪੱਤਰਕਾਰਾਂ ਲਈ ਇਹ ਅੰਕੜਾ 55% ਅਤੇ ਪ੍ਰਿੰਟ ਪੱਤਰਕਾਰਾਂ ਲਈ 54% ਹੈ।

ਅੱਧ ਤੋਂ ਵੱਧ ਔਰਤ ਪੱਤਰਕਾਰਾਂ ਨੇ ਕਿਹਾ ਹੈ ਕਿ ਉਹ ਟਵਿੱਟਰ ਅਤੇ ਫੇਸਬੁੱਕ 'ਤੇ ਆਪਣੀ ਗੋਪਨੀਯਤਾ (ਪ੍ਰਾਈਵੇਸੀ) ਬਾਰੇ ਬਹੁਤ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ। ਵੱਟਸਐਪ ਦੀ ਵਰਤੋਂ ਕਰਦੇ ਸਮੇਂ ਉਹ ਪੁਰਸ਼ ਹਮਰੁਤਬਾ ਨਾਲੋਂ ਜ਼ਿਆਦਾ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ। ਪ੍ਰੈੱਸ ਦੀ ਆਜ਼ਾਦੀ ਬਾਰੇ 72% ਪੱਤਰਕਾਰਾਂ ਨੇ ਕਿਹਾ ਹੈ ਕਿ ਨਿਊਜ਼ ਚੈਨਲ ਹੁਣ ਆਪਣਾ ਕੰਮ ਕਰਨ ਲਈ ਘੱਟ ਹੀ ਆਜ਼ਾਦ ਹਨ। ਹਿੰਦੀ ਮੀਡੀਆ ਦੇ ਮੁਕਾਬਲੇ ਅੰਗਰੇਜ਼ੀ ਮੀਡੀਆ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਵਿੱਚ ਇਹ ਚਿੰਤਾਵਾਂ ਵਧੇਰੇ ਹਨ। 55% ਪ੍ਰਿੰਟ ਪੱਤਰਕਾਰ ਅਤੇ 36% ਡਿਜ਼ੀਟਲ ਪੱਤਰਕਾਰਾਂ ਨੇ ਆਪਣੇ ਕੰਮ ਸਹੀ ਢੰਗ ਨਾਲ ਕਰਨ ਲਈ ਘੱਟ ਸੁਤੰਤਰ ਮਹਿਸੂਸ ਕੀਤਾ ਹੈ। ਮਹੱਤਵਪੂਰਨ ਤੌਰ 'ਤੇ 71% ਸੁਤੰਤਰ ਪੱਤਰਕਾਰਾਂ ਨੇ ਲੋਕਨੀਤੀ ਸੀ. ਐਸ. ਡੀ. ਐਸ. ਨੂੰ ਦੱਸਿਆ ਕਿ ਅੱਜ ਅਖਬਾਰ ਆਪਣੇ ਸਹੀ ਢੰਗ ਨਾਲ ਪਰੱਖਣ ਲਈ ਘੱਟ ਆਜ਼ਾਦ ਹਨ। ਪੰਜਾਂ ਵਿੱਚੋਂ ਤਿੰਨ ਪੱਤਰਕਾਰ ਰਾਸ਼ਟਰੀ ਨਿਊਜ਼ ਚੈਨਲਾਂ ਦੀ ਬਜਾਏ ਖੇਤਰੀ ਚੈਨਲਾਂ ਵਿੱਚ ਕੰਮ ਕਰਕੇ ਵਧੇਰੇ ਸੰਤੁਸ਼ਟ ਹਨ।

ਪੱਤਰਕਾਰਾਂ ਨੇ ਆਪਣੇ ਮੀਡੀਆ ਸੰਗਠਨਾਂ ਵਿੱਚ ਲਿੰਗ ਅਤੇ ਸਿਆਸੀ ਵਿਤਕਰਾ ਵੀ ਮਹਿਸੂਸ ਕੀਤਾ ਹੈ। ਪੁਰਸ਼ ਅਜੇ ਵੀ ਪ੍ਰਿੰਟ, ਡਿਜ਼ੀਟਲ ਅਤੇ ਪ੍ਰਸਾਰ ਮੀਡੀਆ 'ਤੇ ਹਾਵੀ ਹਨ। ਰਿਪੋਰਟ ਵਿੱਚ ਸੁਨੇਹਾ ਦਿੱਤਾ ਗਿਆ ਹੈ ਕਿ ਹੁਣ ਇੱਕ ਪੇਸ਼ੇ ਵਜੋਂ ਪੱਤਰਕਾਰੀ ਪਹਿਲਾਂ ਵਰਗੀ ਸਤਿਕਾਰ ਅਤੇ ਸਾਖ ਨਹੀਂ ਰੱਖਦੀ। 45% ਪੱਤਰਕਾਰਾਂ ਨੇ ਮੰਨਿਆ ਹੈ ਕਿ ਨਿਊਜ਼ ਚੈਨਲਾਂ ਦੀ ਭਵਿੱਖ ਦੀ ਆਜ਼ਾਦੀ ਬਾਰੇ ਬਹੁਤ ਨਿਰਾਸ਼ਾਵਾਦੀ ਹਨ, ਜਦਕਿ ਅਖਬਾਰੀ 22% ਅਤੇ ਡਿਜ਼ੀਟਲ ਮੀਡੀਆ 16% ਨੇ ਆਪਣੇ ਆਪ ਨੂੰ ਘੱਟ ਨਿਰਾਸ਼ਾਵਾਦੀ ਦੱਸਿਆ ਹੈ।

ਰਿਪੋਰਟ ਨੇ ਸਿੱਟਾ ਕੱਢਿਆ ਹੈ ਕਿ ਮੀਡੀਆ ਨਾਲ ਜੁੜੇ ਪੱਤਰਕਾਰ ਅਕਸਰ ਸੰਤੁਸ਼ਟ ਨਹੀਂ ਜਾਪਦੇ। ਲੋੜ ਹੈ ਕਿ ਮੀਡੀਆ ਸੰਸਥਾਵਾਂ ਨੂੰ ਕਰਮਚਾਰੀ ਸਹਾਇਤਾ ਪ੍ਰੋਗਰਾਮਾਂ, ਮਾਨਸਿਕ ਸਿਹਤ ਸਰੋਤਾਂ ਅਤੇ ਪੇਸ਼ੇਵਰ ਵਿਕਾਸ ਦੇ ਸੋਮਿਆਂ ਦੇ ਨਾਲ ਨਾਲ ਕੰਮ-ਜੀਵਨ ਸੰਤੁਲਨ ਨੂੰ ਉਤਸ਼ਾਹਿਤ ਕਰਨ ਵਰਗੇ ਸਹਾਇਤਾ ਪ੍ਰਣਾਲੀਆਂ ਨਾਲ ਆਪਣੇ ਕਰਮਚਾਰੀਆਂ ਦੀ ਭਲਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਮੀਡੀਆ ਨੂੰ ਆਪਣੀ ਹੋਂਦ ਅਤੇ ਜ਼ਮੀਰ ਨੂੰ ਲੋਕ ਹਿੱਤ ਵਿੱਚ ਜਗਾਈ ਰੱਖਣ ਲਈ ਅਤੇ ਲੋਕਾਂ ਸਾਹਮਣੇ ਸੱਚ ਰੱਖਣ ਦੀ ਬੇਹੱਦ ਲੋੜ ਹੈ। ਭਾਰਤੀ ਮੀਡੀਆ ਤੋਂ ਆਸ ਰੱਖੀ ਜਾਂਦੀ ਹੈ ਕਿ ਸਰਕਾਰਾਂ ਅਤੇ ਰਾਜਸੀ ਪਾਰਟੀਆਂ ਦੀ ਭਾਰਤ ਦੇ ਨਾਗਰਿਕਾਂ ਪ੍ਰਤੀ ਜਵਾਬਦੇਹੀ ਅਤੇ ਪਾਰਦਰਸ਼ੀ ਕਾਰਜਪ੍ਰਣਾਲੀ ਨੂੰ ਸੁਨਿਸ਼ਚਿਤ ਕਰਨ।



# ਕੈਨੇਡਾ-ਭਾਰਤ ਸਬੰਧਾਂ ਵਿੱਚ ਕੁੜੱਤਣ ਨਰਮ ਪੈਣ ਦੇ ਆਸਾਰ

## ਭਾਰਤ ਵੱਲੋਂ ਐਂਟਰੀ, ਬਿਜ਼ਨਸ, ਮੈਡੀਕਲ ਅਤੇ ਕਾਨਫਰੰਸ ਵੀਜ਼ਾ ਲਈ ਸੇਵਾਵਾਂ ਮੁੜ ਸ਼ੁਰੂ
## ਕੈਨੇਡਾ ਨੇ ਕੂਟਨੀਤਿਕ ਅਮਲਾ ਵਾਪਸ ਬੁਲਾਇਆ

ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਦੇ ਕੂਟਨੀਤਿਕ ਸਬੰਧਾਂ ਵਿੱਚ ਸ਼ੁਰੂ ਹੋਈ ਕੁੜੱਤਣ ਹੁਣ ਕੁਝ ਨਰਮ ਪੈਂਦੀ ਵਿਖਾਈ ਦੇਣ ਲੱਗੀ ਹੈ। ਭਾਰਤ ਨੇ ਬੰਦ ਪਈਆਂ ਵੀਜ਼ਾ ਸੇਵਾਵਾਂ ਚਾਰ ਵਰਗਾਂ ਵਿੱਚ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨ ਨੇ ਟਵਿੱਟਰ(ਐਕਸ) ਉੱਤੇ ਜਾਰੀ ਇੱਕ ਪੋਸਟ ਵਿੱਚ ਕਿਹਾ ਹੈ ਕਿ ਐਂਟਰੀ ਵੀਜ਼ਾ, ਬਿਜ਼ਨਸ ਵੀਜ਼ਾ, ਮੈਡੀਕਲ ਵੀਜ਼ਾ ਅਤੇ ਕਾਨਫਰੰਸ ਵੀਜ਼ਾ ਲਈ ਸੇਵਾਵਾਂ 26 ਅਕਤੂਬਰ ਤੋਂ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਕਿਸੇ ਐਮਰਜੈਂਸੀ ਸਥਿਤੀ ਸਬੰਧੀ ਅੰਬੈਸੀ ਜਾਂ ਕੌਂਸਲੇਟ ਦੇ ਉਚ ਅਧਿਕਾਰੀ ਛਾਣ-ਬੀਣ ਕਰਨ ਬਾਅਦ ਹੀ ਵੀਜ਼ਾ ਦੇਣ ਜਾਂ ਨਾ ਦੇਣ ਬਾਰੇ ਫੈਸਲਾ ਕਰਨਗੇ। ਟੂਰਿਸਟ, ਰੁਜ਼ਗਾਰ, ਵਿਦਿਆਰਥੀ ਅਤੇ ਫਿਲਮ ਖੇਤਰ ਲਈ ਵੀਜ਼ੇ ਹਾਲੇ ਨਹੀਂ ਖੋਲ੍ਹੇ ਗਏ ਹਨ। ਭਾਰਤ ਦਾ ਆਖਣਾ ਹੈ ਕਿ ਦੂਤਾਂ ਦੀ ਸੁਰੱਖਿਆ ਲਈ ਕੈਨੇਡਾ ਵੱਲੋਂ ਕੁਝ ਕਦਮ ਚੁੱਕੇ ਗਏ ਹਨ, ਪਰ ਸਥਿਤੀ ਹਾਲੇ ਵੀ ਆਈਡੀਅਲ ਨਹੀਂ ਹੈ। ਯਾਦ ਰਹੇ, ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਜੈਸ਼ੰਕਰ ਨੇ ਬੀਤੇ ਐਤਵਾਰ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਭਾਰਤੀ ਡਿਪਲੋਮੇਟਾਂ ਦੀ ਸੁਰੱਖਿਆ ਯਕੀਨੀ ਬਣਾਉਣ ਨੂੰ ਲੈ ਕੇ ਕੈਨੇਡਾ ਕੁਝ ਕਦਮ ਚੁੱਕਦਾ ਹੈ ਤਾਂ ਜਲਦੀ ਹੀ ਵੀਜ਼ਾ ਸੇਵਾਵਾਂ ਬਹਾਲ ਕੀਤੀਆਂ ਜਾਣਗੀਆਂ।

ਭਾਰਤ ਵੱਲੋਂ ਦੋਹਾਂ ਦੇਸ਼ਾਂ ਦੇ ਡਿਪਲੋਮੇਟਾਂ ਦੀ ਗਿਣਤੀ ਬਰਾਬਰ ਕਰਨ 'ਤੇ ਜ਼ੋਰ ਦਿੱਤੇ ਜਾਣ ਕਾਰਨ ਕੈਨੇਡਾ ਨੇ ਪਿਛਲੇ ਦਿਨੀਂ ਆਪਣੇ 41 ਡਿਪਲੋਮੇਟਾਂ ਨੂੰ ਪਰਿਵਾਰਾਂ ਸਮੇਤ ਵਾਪਸ ਬੁਲਾ ਲਿਆ ਸੀ ਅਤੇ ਆਪਣੇ ਬੈਂਗਲੌਰ, ਚੰਡੀਗੜ੍ਹ ਅਤੇ ਮੁਬੰਈ ਸਥਿਤ ਕੌਂਸਲੇਟ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਸਨ। ਇਸ ਤਰ੍ਹਾਂ ਇਨ੍ਹਾਂ ਸਾਰੇ ਖਿੱਤਿਆਂ ਨਾਲ ਸਬੰਧਤ ਕੈਨੇਡਾ ਦਾ ਵੀਜ਼ਾ ਲੈਣ ਦੇ ਇਛੁੱਕਾਂ ਨੂੰ ਹੁਣ ਕੈਨੇਡਾ ਦੇ ਦਿੱਲੀ ਸਥਿਤ ਹਾਈਕਮਿਸ਼ਨ ਨਾਲ ਹੀ ਸੰਪਰਕ ਕਰਨਾ ਪਵੇਗਾ। ਅਜਿਹਾ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਭਾਰਤ ਵੱਲੋਂ ਕੈਨੇਡੀਅਨ ਡਿਪਲੋਮੇਟਾਂ ਦੀ ਇਕਪਾਸੜ ਸੁਰੱਖਿਆ ਵਾਪਸ ਲੈਣਾ ਕੌਮਾਂਤਰੀ ਕਾਨੂੰਨਾਂ ਖਾਸ ਕਰਕੇ ਵਿਆਨਾ ਸਮਝੌਤੇ ਦੀ ਉਲੰਘਣਾ ਹੈ। ਯਾਦ ਰਹੇ, ਭਾਰਤ ਨੇ ਧਮਕੀ ਦਿੱਤੀ ਸੀ ਕਿ ਜੇ ਕੈਨੇਡਾ ਡਿਪਲੋਮੇਟ ਵਾਪਸ ਨਹੀਂ ਬੁਲਾਉਂਦਾ ਤਾਂ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਜਾਵੇਗੀ। ਇਸ ਦਰਮਿਆਨ ਅਮਰੀਕਾ ਤੇ ਇੰਗਲੈਂਡ ਨੇ ਵੀ ਕੈਨੇਡਾ ਦਾ ਪੱਖ ਪੂਰਿਆ ਸੀ ਅਤੇ ਭਾਰਤ ਨੂੰ ਸੰਬੋਧਨ ਹੁੰਦਿਆਂ ਕੌਮਾਂਤਰੀ ਕਾਨੂੰਨਾਂ ਦਾ ਪਾਲਣ ਕਰਨ 'ਤੇ ਜ਼ੋਰ ਦਿੱਤਾ ਸੀ। ਇਸ ਪਿੱਛੋਂ ਬੀਤੀ 22 ਅਕਤੂਬਰ ਨੂੰ ਨਵੀਂ ਦਿੱਲੀ ਵਿੱਚ ਹੋਏ ਕੁਟੱਲਿਆ ਆਰਥਕ ਸਮਾਗਮ ਵਿੱਚ ਬੋਲਦਿਆਂ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕਿਹਾ ਸੀ ਕਿ ਕੈਨੇਡਾ ਵਿੱਚ ਭਾਰਤੀ ਡਿਪਲੋਮੇਟਾਂ ਦੀ ਸੁਰੱਖਿਆ ਯਕੀਨੀ ਬਣਾਏ ਜਾਣ ਤੋਂ ਬਾਅਦ ਵੀਜ਼ਾ ਅਮਲ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ। ਨਾਲ ਹੀ ਉਨ੍ਹਾਂ ਦੋਸ਼ ਲਾਇਆ ਸੀ ਕਿ ਕੈਨੇਡੀਅਨ ਡਿਪਲੋਮੇਟਾਂ ਵੱਲੋਂ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਕਰਕੇ ਉਨ੍ਹਾਂ ਦੀ ਗਿਣਤੀ ਘਟਾਈ ਗਈ ਹੈ।

ਕੈਨੇਡੀਅਨ ਦੂਤਾਵਾਸ ਨੇ ਮੁੰਬਈ, ਬੰਗਲੂਰੂ ਅਤੇ ਚੰਡੀਗੜ੍ਹ ਜਿਹੇ ਸ਼ਹਿਰਾਂ ਵਿੱਚ ਤੇ ਇਨ੍ਹਾਂ ਖੇਤਰਾਂ ਦੇ ਆਲੇ-ਦੁਆਲੇ ਆਪਣੇ ਸ਼ਹਿਰੀਆਂ ਨੂੰ ਸੁਰੱਖਿਆ ਪੱਖੋਂ ਸਤਰਕ ਰਹਿਣ ਲਈ ਵੀ ਕਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਭਾਰਤ ਵੱਲੋਂ ਕੈਨੇਡੀਅਨ ਡਿਪਲੋਮੇਟਾਂ ਦੀ ਇੱਕ ਪਾਸੜ ਤੌਰ 'ਤੇ ਸੁਰੱਖਿਆ ਵਾਪਸ ਲੈਣਾ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਹੈ। ਉਨ੍ਹਾਂ ਹੋਰ ਕਿਹਾ ਕਿ ਕੈਨੇਡਾ ਦੇ ਡਿਪਲੋਮੇਟਾਂ ਤੋਂ ਸੁਰੱਖਿਆ ਵਾਪਸ ਲੈਣ ਦਾ ਭਾਰਤ ਦਾ ਫੈਸਲਾ ਲੱਖਾਂ ਲੋਕਾਂ ਦੀ ਜ਼ਿੰਦਗੀ 'ਤੇ ਅਸਰ ਪਾਵੇਗਾ। ਭਾਰਤ ਵਿੱਚੋਂ ਕੈਨੇਡੀਅਨ ਡਿਪਲੋਮੇਟਾਂ ਨੂੰ ਕੱਢਣ ਨਾਲ ਕਾਰੋਬਾਰ ਅਤੇ ਸੈਰ ਸਪਾਟਾ ਸਨਅਤ 'ਤੇ ਵੱਡਾ ਅਸਰ ਪਵੇਗਾ। ਇਸ ਤੋਂ ਇਲਾਵਾ ਲੱਖਾਂ ਲੋਕਾਂ ਦੀ ਜ਼ਿੰਦਗੀ ਅਤੇ ਮਾਨਵੀ ਰਿਸ਼ਤੇ ਵੀ ਅਸਰ-ਅੰਦਾਜ਼ ਹੋਣਗੇ ਅਤੇ ਇਹ ਚਿੰਤਾ ਵਾਲੀ ਗੱਲ ਹੈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਪੜ੍ਹਾਈ ਲਈ ਆਉਣ ਵਾਲੇ ਵਿਦਿਆਰਥੀ ਵੀ ਪ੍ਰਭਾਵਤ ਹੋਣਗੇ। ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਸੀ ਕਿ "ਕੂਟਨੀਤੀ ਦਾ ਇੱਕ ਬੁਨਿਆਦੀ ਸਿਧਾਂਤ ਹੈ ਅਤੇ ਇਹ ਦੋ ਪਾਸੜ ਰਸਤਾ ਹੈ। ਹਰ ਇੱਕ ਦੇਸ਼ ਨੂੰ ਨੇਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।"

ਇਸ ਮਸਲੇ ਨੂੰ ਲੈ ਕੇ ਅਮਰੀਕਾ ਅਤੇ ਇੰਗਲੈਂਡ ਵੀ ਕੈਨੇਡਾ ਦੇ ਪੱਖ ਵਿੱਚ ਨਿੱਤਰ ਆਏ ਸਨ। ਇੰਗਲੈਂਡ ਨੇ ਕੈਨੇਡਾ ਦਾ ਪੱਖ ਪੂਰਦਿਆਂ ਕਿਹਾ ਸੀ ਕਿ ਦੋਹਾਂ ਦੇਸ਼ਾਂ ਨੂੰ ਆਪਣੇ ਕੂਟਨੀਤਕ ਸਬੰਧਾਂ ਨੂੰ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਬਰਤਾਨੀਆ ਨੇ ਇਹ ਵੀ ਕਿਹਾ ਕਿ ਭਾਰਤ ਦਾ ਇਕਪਾਸੜ ਫੈਸਲਾ ਵਿਆਨਾ ਸਮਝੌਤੇ ਦੀ ਉਲੰਘਣਾ ਹੈ। ਜਦਕਿ ਅਮਰੀਕਾ ਨੇ ਭਾਰਤ ਨੂੰ ਕੈਨੇਡੀਅਨ ਡਿਪਲੋਮੇਟ ਵਾਪਸ ਲੈਣ ਦੇ ਫੈਸਲੇ 'ਤੇ ਜ਼ੋਰ ਨਾ ਦੇਣ ਲਈ ਕਿਹਾ ਸੀ। ਇਨ੍ਹਾਂ ਦੋਹਾਂ ਮੁਲਕਾਂ ਨੇ ਕੈਨੇਡਾ ਦੇ ਉਸ ਬਿਆਨ ਦਾ ਪੱਖ ਪੂਰਿਆ, ਜਿਸ ਵਿੱਚ ਉਸ ਨੇ ਆਖਿਆ ਹੈ ਕਿ ਭਾਰਤ ਦੇ ਡਿਪਲੋਮੇਟਾਂ ਦੀ ਸੁਰੱਖਿਆ ਵਾਪਸ ਲੈਣ ਦਾ ਇਕਪਾਸੜ ਫੈਸਲਾ ਕੌਮਾਂਤਰੀ ਕਾਨੂੰਨਾਂ ਅਤੇ 1961 ਦੇ ਵਿਆਨਾ ਸਮਝੌਤੇ ਦੀ ਉਲੰਘਣਾ ਹੈ। ਅਮਰੀਕੀ ਸਟੇਟ ਡਿਪਾਰਟਮੈਂਟ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ ਕਿ ਆਪਸੀ ਮਤਭੇਦਾਂ ਨੂੰ ਹੱਲ ਕਰਨ ਲਈ ਜ਼ਮੀਨੀ ਪੱਧਰ 'ਤੇ ਕੂਟਨੀਤਿਕ ਅਮਲੇ ਦੀ ਜ਼ਰੂਰਤ ਹੈ।

ਇਧਰ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਅਸੀਂ ਸਮਾਨਤਾ ਲਾਗੂ ਕਰਨ ਨੂੰ ਕੌਮਾਂਤਰੀ ਨੇਮਾਂ ਦੀ ਉਲੰਘਣਾ ਦਰਸਾਉਣ ਦੀ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਨੂੰ ਰੱਦ ਕਰਦੇ ਹਾਂ।" ਭਾਰਤ ਦੀ ਦਲੀਲ ਹੈ ਕਿ ਦੋਹਾਂ ਦੇਸ਼ਾਂ ਦੇ ਡਿਪਲੋਮੇਟ ਇੱਕੋ ਜਿੰਨੇ ਹੋਣੇ ਚਾਹੀਦੇ ਹਨ। ਇਸ ਪਿੱਛੋਂ ਦਿੱਲੀ ਵਿੱਚ ਕੁਟੱਲਿਆ ਆਰਥਕ ਸਮਾਗਮ ਵਿੱਚ ਬੋਲਦਿਆਂ ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਵਿਸ਼ਵਾਸ ਦਿਵਾਇਆ ਸੀ ਕਿ ਕੈਨੇਡਾ ਵਿੱਚ ਭਾਰਤੀ ਦੂਤਾਂ ਦੀ ਸੁਰੱਖਿਆ ਯਕੀਨੀ ਬਣਾਏ ਜਾਣ ਤੋਂ ਬਾਅਦ ਕੈਨੇਡੀਅਨ ਸ਼ਹਿਰੀਆਂ ਨੂੰ ਵੀਜ਼ੇ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਜਾਵੇਗਾ।

ਭਾਰਤ-ਕੈਨੇਡਾ ਕੂਟਨੀਤਿਕ ਟਕਰਾਅ ਦਰਮਿਆਨ ਕੈਨੇਡਾ ਜਾਣ ਦੀ ਝਾਕ ਵਿੱਚ ਬੈਠੇ ਵਿਦਿਆਰਥੀਆਂ ਅਤੇ ਕੰਸਲਟੈਂਟਾਂ ਜਾਂ ਏਜੰਟਾਂ ਵਜੋਂ ਕੰਮ ਕਰਦੇ ਲੋਕਾਂ ਦੇ ਮੱਥਿਆਂ 'ਤੇ ਚਿੰਤਾ ਦੀਆਂ ਲਕੀਰਾਂ ਉਭਰਨ ਲੱਗੀਆਂ ਸਨ। ਇਸ ਖੇਤਰ ਨਾਲ ਸਬੰਧਤ ਇੱਕ ਮਾਹਿਰ ਦਾ ਆਖਣਾ ਹੈ ਕਿ ਹੁਣ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀ ਪਰੋਸੈਸਿੰਗ ਵਿੱਚ ਸਮਾਂ ਜ਼ਿਆਦਾ ਲੱਗਣ ਦੇ ਆਸਾਰ ਬਣੇ ਹੋਏ ਹਨ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਵਿੱਚ ਹੋਏ ਜੀ-20 ਸੰਮੇਲਨ ਦੌਰਾਨ ਭਾਰਤ ਸਰਕਾਰ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲ ਬਹੁਤੀ ਤਵੱਜੋ ਨਹੀਂ ਸੀ ਦਿੱਤੀ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਵੀ ਸੰਮੇਲਨ ਦੌਰਾਨ ਭਾਰਤ ਵਿੱਚ ਪ੍ਰੈਸ ਕਾਨਫਰੰਸ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਉਨ੍ਹਾਂ ਆਪਣੀ ਪ੍ਰੈਸ ਕਾਨਫਰੰਸ ਵੀਅਤਨਾਮ ਪੁੱਜ ਕੇ ਕੀਤੀ ਸੀ। ਜਹਾਜ਼ ਵਿੱਚ ਆਏ ਤਕਨੀਕੀ ਨੁਕਸ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਭਾਰਤ ਵਿੱਚ ਤੈਅ ਸਮੇਂ ਤੋਂ ਇੱਕ ਦਿਨ ਵੱਧ ਰੁਕਣਾ ਪਿਆ ਸੀ। ਇਸ ਤੋਂ ਪਿੱਛੋਂ ਹੀ ਕੈਨੇਡਾ ਨੇ ਖਾਲਿਸਤਾਨ ਪੱਖੀ ਵਿਚਾਰਾਂ ਦੇ ਧਾਰਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਭਾਰਤੀ ਏਜੰਸੀਆਂ ਦੀ ਸੰਭਾਵਤ ਸ਼ਮੂਲੀਅਤ ਹੋਣ ਦੇ ਦੋਸ਼ ਲਗਾਏ ਸਨ। ਇਸ ਮਾਮਲੇ ਵਿੱਚ ਅਮਰੀਕਾ ਸਮੇਤ ਫਾਈਵ ਆਈ ਮੁਲਕ- ਅਸਟਰੇਲੀਆ, ਨਿਊਜ਼ੀਲੈਂਡ ਤੇ ਇੰਗਲੈਂਡ ਵੀ ਕੈਨੇਡਾ ਦੀ ਪਿੱਠ 'ਤੇ ਆ ਗਏ ਸਨ। ਅਮਰੀਕਾ ਨੇ ਇਹ ਵੀ ਕਿਹਾ ਸੀ ਕਿ ਇਹ ਜਾਣਕਾਰੀ ਉਹਦੇ ਵੱਲੋਂ ਕੈਨੇਡਾ ਨੂੰ ਸੌਂਪੀ ਗਈ ਸੀ ਅਤੇ ਫਾਈਵ ਆਈ ਮੁਲਕਾਂ ਵਿਚਕਾਰ ਸਾਂਝੀ ਵੀ ਕੀਤੀ ਗਈ ਸੀ।

ਇਸੇ ਦੌਰਾਨ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਕੈਨੇਡੀਅਨ ਕੂਟਨੀਤਿਕਾਂ ਨੂੰ ਵਾਪਸ ਭੇਜਣ ਦਾ ਇਹ ਫੈਸਲਾ ਪੰਜਾਬੀ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਤ ਕਰੇਗਾ। ਇਸ ਤੋਂ ਇਲਾਵਾ ਕੇਂਦਰੀ ਸਿੰਘ ਸਭਾ ਚੰਡੀਗੜ੍ਹ ਦੇ ਇੱਕ ਵਫਦ ਨੇ ਪੰਜਾਬ ਦੇ ਐਨ.ਆਰ.ਆਈ. ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮਿਲ ਕੇ ਭਾਰਤ ਵਲੋਂ ਕੈਨੇਡੀਅਨ ਸ਼ਹਿਰੀਆਂ ਦੇ ਵੀਜ਼ਿਆਂ 'ਤੇ ਲਾਈ ਪਾਬੰਦੀ ਹਟਾਉਣ ਦੀ ਮੰਗ ਕੀਤੀ ਸੀ। ਵਫਦ ਦੇ ਆਗੂ ਖੁਸ਼ਹਾਲ ਸਿੰਘ ਨੇ ਕਿਹਾ ਕਿ ਦੋਹਾਂ ਮੁਲਕਾਂ ਵਿੱਚ ਸਿੱਖਾਂ/ਪੰਜਾਬੀਆਂ ਦੀਆਂ ਗੂੜ੍ਹੀਆਂ ਰਿਸ਼ਤੇਦਾਰੀਆਂ ਹਨ। ਉਨ੍ਹਾਂ ਨੂੰ ਆਪਣੇ ਵਿਆਹਾਂ-ਸ਼ਾਦੀਆਂ ਅਤੇ ਮਰਨੇ-ਪਰਨੇ ਕਰਨ ਵਿੱਚ ਵੱਡੀ ਦਿੱਕਤ ਪੇਸ਼ ਆ ਰਹੀ ਹੈ। ਉਨ੍ਹਾਂ ਵੀਜ਼ਾ ਦੇਣ 'ਤੇ ਲਾਈਆਂ ਰੋਕਾਂ ਨੂੰ ਅਣਮਨੁੱਖੀ ਕਰਾਰ ਦਿੱਤਾ। ਸੰਧਵਾਂ ਤੇ ਧਾਲੀਵਾਲ ਨੂੰ ਸੌਂਪੇ ਮੈਮੋਰੰਡਮ ਵਿੱਚ ਕੇਂਦਰੀ ਸਿੰਘ ਸਭਾ ਚੰਡੀਗੜ੍ਹ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੀਜ਼ਿਆਂ ਦਾ ਮਸਲਾ ਕੇਂਦਰ ਸਰਕਾਰ ਕੋਲ ਉਠਾਵੇ। ਇਸ ਨਾਲ ਪੰਜਾਬ ਦੀ ਆਰਥਕਤਾ ਵੀ ਪ੍ਰਭਾਵਤ ਹੋਵੇਗੀ। ਇਸ ਵਫਦ ਵਿੱਚ ਗੁਰਪ੍ਰੀਤ ਸਿੰਘ, ਰਾਜਵਿੰਦਰ ਸਿੰਘ ਰਾਹੀ, ਜਸਵੀਰ ਸਿੰਘ, ਪੱਤਰਕਾਰ ਹਮੀਰ ਸਿੰਘ ਅਤੇ ਖੁਸ਼ਹਾਲ ਸਿੰਘ ਸ਼ਾਮਲ ਸਨ।

# ਹਮਾਸ-ਇਜ਼ਰਾਇਲ ਜੰਗ: ਅਸਲ ਗੁਨਾਹਗਾਰ ਕੌਣ?

ਹਮਾਸ ਤੇ ਇਜ਼ਰਾਇਲ ਵਿੱਚ ਛਿੜੇ ਯੁੱਧ ਨੇ ਇੱਕ ਵਾਰ ਫਿਰ ਅਮਰੀਕੀ ਅਗਵਾਈ ਵਾਲੇ ਪੱਛਮੀ ਦੇਸ਼ਾਂ ਦਾ ਮਨੁੱਖਤਾ ਵਿਰੋਧੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਇਹ ਅਮਰੀਕਾ ਹੀ ਸੀ, ਜਿਸ ਨੇ ਹਮਾਸ ਨੂੰ ਫਲਿਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐੱਲ.ਓ.) ਵਿਰੁੱਧ ਇਸ ਲਈ ਖੜ੍ਹਾ ਕੀਤਾ ਸੀ, ਕਿਉਂਕਿ ਪੀ.ਐੱਲ.ਓ. ਦੇ ਮੁਖੀ ਯਾਸਰ ਅਰਾਫਾਤ



ਸੋਵੀਅਤ ਕੈਂਪ ਦੇ ਹਮਾਇਤੀ ਸਨ। ਇਹ ਉਸੇ ਤਰ੍ਹਾਂ ਸੀ, ਜਿਸ ਤਰ੍ਹਾਂ ਅਫ਼ਗਾਨਿਸਤਾਨ ਵਿੱਚ ਸੋਵੀਅਤ ਯੂਨੀਅਨ ਨੂੰ ਮਾਤ ਦੇਣ ਲਈ ਲਾਦੇਨ ਦੀ ਅਗਵਾਈ ਵਿੱਚ ਤਾਲਿਬਾਨ ਖੜ੍ਹੇ ਕੀਤੇ ਗਏ ਸਨ। ਸਵਾਲ ਹੈ, ਕੀ ਅਮਰੀਕਾ ਸੰਸਾਰ ਅਮਨ ਦਾ ਦੁਸ਼ਮਣ ਹੈ, ਜਿਸ ਕਰਕੇ ਉਹ ਪਹਿਲਾਂ ਅਤਿਵਾਦ ਨੂੰ ਖੜ੍ਹਾ ਕਰਦਾ ਹੈ ਤੇ ਫਿਰ ਉਸ ਵਿਰੁੱਧ ਲੜ ਕੇ ਦੁਨੀਆ ਦਾ ਚੈਂਪੀਅਨ ਬਣ ਜਾਂਦਾ ਹੈ?

ਅਮਰੀਕਾ ਇਸ ਸਮੇਂ ਗਹਿਰੇ ਸੰਕਟ ਵਿੱਚ ਫਸਿਆ ਹੋਇਆ ਹੈ। ਅਮਰੀਕਾ 'ਤੇ 33 ਟ੍ਰਿਲੀਅਨ ਡਾਲਰ ਦਾ ਕਰਜ਼ਾ ਹੈ, ਜਦੋਂ ਕਿ ਉਸ ਦੀ ਅਰਥ-ਵਿਵਸਥਾ 21 ਟ੍ਰਿਲੀਅਨ ਡਾਲਰ ਦੀ ਹੈ। ਦੂਜੇ ਪਾਸੇ ਚੀਨ ਤੇ ਰੂਸ ਮਿਲ ਕੇ ਉਸ ਨੂੰ ਹੋਰਨਾਂ ਖੇਤਰ ਵਿੱਚ ਮਾਤ ਦੇ ਰਹੇ ਹਨ। ਬੀਜਿੰਗ ਵਿੱਚ ਹੋਈ 130 ਦੇਸ਼ਾਂ ਦੀ ਮੀਟਿੰਗ ਨੇ ਅਮਰੀਕਾ ਦੀ ਸੰਸਾਰ ਸਰਦਾਰੀ ਨੂੰ ਚੁਣੌਤੀ ਦੇ ਦਿੱਤੀ ਹੈ। ਮੱਧ-ਪੂਰਬ ਦੇ ਬਹੁਤੇ ਦੇਸ਼ਾਂ ਦੇ ਸ਼ਾਸਕ ਅਮਰੀਕਾ ਦੀਆਂ ਕਠਪੁਤਲੀਆਂ ਬਣੇ ਰਹੇ ਹਨ। ਕੁਝ ਮਹੀਨੇ ਪਹਿਲਾਂ ਦਹਾਕਿਆਂ-ਬੱਧੀ ਇੱਕ-ਦੂਜੇ ਦੇ ਜਾਨੀ ਦੁਸ਼ਮਣ ਬਣੇ ਰਹੇ ਸਾਊਦੀ ਅਰਬ ਤੇ ਈਰਾਨ ਦੀਆਂ ਚੀਨ ਦੀ ਵਿਚੋਲਗੀ ਨਾਲ ਜੱਫੀਆਂ ਪੈ ਗਈਆਂ ਤਾਂ ਅਮਰੀਕਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ। ਉਦੋਂ ਤੋਂ ਹੀ ਇਹ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਸੀ ਕਿ ਇਸ ਸੰਕਟ ਵਿੱਚੋਂ ਨਿਕਲਣ ਲਈ ਅਮਰੀਕਾ ਯੁੱਧ ਦਾ ਸਹਾਰਾ ਲੈ ਸਕਦਾ ਹੈ।

ਅਮਰੀਕਾ ਦੁਨੀਆ ਵਿੱਚ ਹਥਿਆਰਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ। ਪੂੰਜੀਵਾਦੀ ਅਰਥ-ਵਿਵਸਥਾ ਜਦੋਂ ਵੀ ਸੰਕਟ ਵਿੱਚ ਪੈਂਦੀ ਹੈ ਤਾਂ ਉਹ ਯੁੱਧ ਦਾ ਹੀ ਸਹਾਰਾ ਲੈਂਦੀ ਹੈ। ਦੂਜਾ ਵਿਸ਼ਵ ਯੁੱਧ ਵੀ ਮੰਦਵਾੜੇ ਵਿੱਚੋਂ ਨਿਕਲਣ ਲਈ ਛੇੜਿਆ ਗਿਆ ਸੀ। ਹਥਿਆਰੀ ਸਨਅਤ ਦੇ ਉਤਪਾਦਨ ਨੂੰ ਤੇਜ਼ ਕਰਨ ਲਈ ਪਹਿਲਾਂ ਯੂਕਰੇਨ ਤੇ ਹੁਣ ਇਜ਼ਰਾਇਲ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਹੈ। ਇਜ਼ਰਾਇਲ ਦੀ ਮਦਦ ਦੇ ਨਾਂ ਉੱਤੇ ਦੋ ਜੰਗੀ ਬੇੜੇ ਸਮੁੰਦਰ ਵਿੱਚ ਭੇਜ ਦਿੱਤੇ ਗਏ। ਇਹ ਫਲਿਸਤੀਨੀਆਂ ਨੂੰ ਹੀ ਨਹੀਂ, ਸਗੋਂ ਮੱਧ-ਪੂਰਬ ਦੇ ਸਾਰੇ ਦੇਸ਼ਾਂ ਨੂੰ ਡਰਾਉਣ ਲਈ ਹਨ। ਆਪਣੇ ਬਚਾਅ ਲਈ ਇਹ ਸਾਰੇ ਦੇਸ਼ ਹੁਣ ਹਥਿਆਰ ਖਰੀਦਣਗੇ। ਇਹੋ ਨਹੀਂ ਸੰਸਾਰ ਜੰਗ ਦੀ ਸੰਭਾਵਨਾ ਦੇ ਡਰ ਕਾਰਨ ਭਾਰਤ ਵਰਗੇ ਦੂਰ ਵਾਲੇ ਦੇਸ਼ਾਂ ਨੇ ਵੀ ਆਪਣੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਆਰਡਰ ਦੇਣੇ ਸ਼ੁਰੂ ਕਰ ਦਿੱਤੇ ਹਨ।


ਅਮਰੀਕਾ ਨੂੰ ਦੁਨੀਆ ਦੇ ਬਾਕੀ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਚਿੰਤਾ ਰਹਿੰਦੀ ਹੈ, ਪਰ ਜਦੋਂ ਇਜ਼ਰਾਇਲ ਵੱਲੋਂ ਕੀਤੀ ਗਈ ਬੰਬਾਰੀ ਨਾਲ ਗਾਜ਼ਾ ਦੇ ਹਸਪਤਾਲ ਵਿੱਚ 500 ਤੋਂ ਵੱਧ ਬੇਗੁਨਾਹ, ਜਿਨ੍ਹਾਂ ਵਿੱਚ ਅੱਧੋਂ-ਵੱਧ ਬੱਚੇ ਸਨ, ਮਾਰੇ ਗਏ ਤਾਂ ਅਮਰੀਕੀ ਰਾਸ਼ਟਰਪਤੀ ਇਜ਼ਰਾਇਲ ਨੂੰ ਬੇਗੁਨਾਹ ਸਾਬਤ ਕਰਨ ਲਈ ਕਿੰਤੂ-ਪ੍ਰੰਤੂ ਕਰ ਰਿਹਾ ਹੈ। ਯੁੱਧ ਦੇ ਵੀ ਮਾਨਵੀ ਕਾਨੂੰਨ ਹੁੰਦੇ ਹਨ। ਸ਼ਾਇਦ ਹੀ ਕੋਈ ਯੁੱਧ ਹੋਵੇ, ਜਦੋਂ ਕਿਸੇ ਹਸਪਤਾਲ ਜਾਂ ਸਕੂਲ 'ਤੇ ਬੰਬਾਰੀ ਕੀਤੀ ਗਈ ਹੋਵੇ। ਸੰਯੁਕਤ ਰਾਸ਼ਟਰ ਦਾ ਵੀ ਪੱਖਪਾਤੀ ਚਿਹਰਾ ਨੰਗਾ ਹੋ ਗਿਆ ਹੈ। ਯੂਕਰੇਨ ਜੰਗ ਵਿੱਚ ਅਜਿਹੇ ਦੋਸ਼ ਹੇਠ ਤਾਂ ਉਸ ਨੇ ਰੂਸ ਦੇ ਰਾਸ਼ਟਰਪਤੀ ਪੂਤਿਨ ਨੂੰ ਜੰਗ ਅਪਰਾਧੀ ਐਲਾਨਿਆ ਹੋਇਆ ਹੈ, ਪਰ ਇਜ਼ਰਾਇਲ ਦੇ ਨੇਤਨਯਾਹੂ ਬਾਰੇ ਉਸ ਨੇ ਚੁੱਪ ਵੱਟ ਰੱਖੀ ਹੈ।

ਇੱਕ ਪਾਸੇ ਅਮਰੀਕਾ ਫਲਿਸਤੀਨ ਦੀ ਮਦਦ ਦਾ ਪਖੰਡ ਕਰ ਰਿਹਾ ਹੈ, ਦੂਜੇ ਪਾਸੇ ਸੰਯੁਕਤ ਰਾਸ਼ਟਰ ਵਿੱਚ ਜੰਗਬੰਦੀ ਦੇ ਮਤੇ ਨੂੰ ਵੀਟੋ ਕਰਕੇ ਆਪਣਾ ਚਿਹਰਾ ਬੇਪਰਦ ਕਰ ਰਿਹਾ ਹੈ। ਇਹ ਲੜਾਈ ਕਿੰਨਾ ਚਿਰ ਚੱਲੇਗੀ, ਇਸ ਬਾਰੇ ਹਾਲ ਦੀ ਘੜੀ ਕੁਝ ਕਿਹਾ ਨਹੀਂ ਜਾ ਸਕਦਾ! ਪਰ ਕੀ ਅਮਰੀਕਾ ਇਸ ਰਾਹੀਂ ਆਪਣੀ ਸੰਸਾਰ ਸਰਦਾਰੀ ਕਾਇਮ ਰੱਖ ਸਕੇਗਾ?




# ਭਾਗ ਮਿਲਖਾ ਭਾਗ...

**ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾਵੇਗੀ। ਹਥਲੇ ਲੇਖ ਵਿੱਚ 'ਫਲਾਈਂਗ ਸਿੱਖ ਮਿਲਖਾ ਸਿੰਘ' ਦਾ ਜ਼ਿਕਰ ਛੋਹਿਆ ਹੈ ਕਿ ਮਿਲਖਾ ਸਿੰਘ ਦੀਆਂ ਪ੍ਰਾਪਤੀਆਂ ਪਿੱਛੇ ਉਸ ਦੀ ਕਠਿਨ ਤਪੱਸਿਆ ਸੀ। ਮਿਲਖਾ ਸਿੰਘ ਦਾ ਖੇਡ ਜੀਵਨ ਅਤੇ ਸੰਘਰਸ਼ ਆਉਣ ਵਾਲੇ ਅਥਲੀਟਾਂ ਲਈ ਪ੍ਰੇਰਨਾਮਈ ਰਹੇਗਾ।**



**ਖਿਡਾਰੀ ਪੰਜ-ਆਬ ਦੇ (3)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



ਮਿਲਖਾ ਸਿੰਘ ਭਾਰਤੀ ਖੇਡਾਂ ਖ਼ਾਸ ਕਰਕੇ ਅਥਲੈਟਿਕਸ ਦੇ ਸੁਨਹਿਰੀ ਯੁੱਗ ਦਾ ਆਰੰਭ ਹੈ, ਜਿਸ ਨੇ ਭਾਰਤੀ ਖਿਡਾਰੀਆਂ ਨੂੰ ਓਲੰਪਿਕਸ ਵਿੱਚ ਕੁਝ ਕਰ ਗੁਜ਼ਰਨ ਦੀ ਉਮੀਦ ਪੈਦਾ ਕੀਤੀ, ਜੋ ਨੀਰਜ ਚੋਪੜਾ ਦੀ ਸੁਨਹਿਰੀ ਪ੍ਰਾਪਤੀ ਨਾਲ ਪੂਰੀ ਹੋਈ। ਸਧਾਰਣ ਪਰਿਵਾਰ ਅਤੇ ਤੰਗੀਆਂ ਤੁਰਸ਼ੀਆਂ ਵਿੱਚ ਪੈਦਾ ਤੇ ਪਲੇ ਮਿਲਖਾ ਸਿੰਘ ਨੇ ਅਸਧਾਰਣ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਹ ਭਾਰਤੀ ਅਥਲੈਟਿਕਸ ਦਾ ਧਰੂ ਤਾਰਾ ਸੀ, ਜਿਸ ਦੀਆਂ ਪ੍ਰਾਪਤੀਆਂ ਦੀ ਚਮਕ ਸਦਾ ਲਈ ਭਾਰਤੀ ਖੇਡਾਂ ਨੂੰ ਰੁਸ਼ਨਾਉਂਦੀ ਰਹੇਗੀ। ਭਾਰਤੀ ਖੇਡਾਂ ਦੇ ਆਧੁਨਿਕ ਕਾਲ ਵਿੱਚ ਸਭ ਤੋਂ ਵੱਧ ਦੰਦ ਕਥਾਵਾਂ ਦੇ ਪਾਤਰ ਅਤੇ ਚਰਚਾਵਾਂ ਦੇ ਕੇਂਦਰ ਬਿੰਦੂ ਰਹੇ ਮਿਲਖਾ ਸਿੰਘ ਸਿਰ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਖੇਡ ਲਹਿਰ ਪੈਦਾ ਕਰਨ ਦਾ ਸਿਹਰਾ ਬੱਝਦਾ ਹੈ।

ਮਿਲਖਾ ਸਿੰਘ ਨੇ ਆਪਣੇ ਇੱਕ ਦਹਾਕਾ ਖੇਡ ਕਰੀਅਰ ਦੌਰਾਨ 70 ਮੁਲਕਾਂ ਵਿੱਚ 82 ਦੌੜਾਂ ਦੌੜੀਆਂ ਤੇ 79 ਵਿੱਚ ਜਿੱਤ ਹਾਸਲ ਕੀਤੀ। 'ਉੱਡਣਾ ਸਿੱਖ' ਵਜੋਂ ਮਸ਼ਹੂਰ ਮਿਲਖਾ ਸਿੰਘ ਓਲੰਪਿਕ ਫਾਈਨਲ ਵਿੱਚ ਦੌੜਨ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਮਗਾ ਜਿੱਤਣ ਵਾਲਾ ਦੇਸ਼ ਦਾ ਪਹਿਲਾ ਅਥਲੀਟ ਹੈ। ਪੰਜਾਹਵੇਂ ਤੇ ਸੱਠਵੇਂ ਦਹਾਕੇ ਵਿੱਚ ਪੰਜਾਬ ਦੇ ਤਿੰਨ ਵੱਡੇ ਅਥਲੀਟਾਂ- ਪ੍ਰਦੁੱਮਣ ਸਿੰਘ, ਮਿਲਖਾ ਸਿੰਘ ਤੇ ਗੁਰਬਚਨ ਸਿੰਘ ਰੰਧਾਵਾ ਦੀ ਤਿੱਕੜੀ ਨੇ ਏਸ਼ੀਆ ਵਿੱਚ ਆਪਣੀਆਂ ਧੁੰਮਾਂ ਪਾਈਆਂ, ਜਿਨ੍ਹਾਂ ਦੇ ਬਰਾਬਰ ਦਾ ਏਸ਼ੀਆ ਵਿੱਚ ਕੋਈ ਅਥਲੀਟ ਨਹੀਂ ਸੀ।

ਬਚਪਨ ਤੋਂ ਜਵਾਨੀ ਤੱਕ ਸੰਘਰਸ਼ ਕਰਨ ਵਾਲੇ ਮਿਲਖਾ ਸਿੰਘ ਨੇ ਰਿਟਾਇਰਮੈਂਟ ਉਪਰੰਤ ਆਪਣੇ ਪਰਿਵਾਰ ਨਾਲ ਚੰਡੀਗੜ੍ਹ ਵਿਖੇ ਸ਼ਾਨਦਾਰ ਜ਼ਿੰਦਗੀ ਬਤੀਤ ਕੀਤੀ। ਮਿਲਖਾ ਸਿੰਘ ਦੀਆਂ ਪ੍ਰਾਪਤੀਆਂ ਪਿੱਛੇ ਉਸ ਦੀ ਕਠਿਨ ਤਪੱਸਿਆ ਸੀ। ਉਹ ਪ੍ਰੈਕਟਿਸ ਕਰਦਿਆਂ 50 ਹਜ਼ਾਰ ਕਿਲੋਮੀਟਰ ਤੋਂ ਵੱਧ ਦੌੜਿਆ। ਇਨਕਲਾਬੀ ਕਵੀ ਪਾਸ਼ ਦੀ ਕਲਮ ਨਾਲ ਲਿਖੀ ਮਿਲਖਾ ਸਿੰਘ ਦੀ ਸਵੈਜੀਵਨੀ 'ਫਲਾਈਂਗ ਸਿੱਖ ਮਿਲਖਾ ਸਿੰਘ' ਉਸ ਦੇ ਸੰਘਰਸ਼ ਦੀ ਗਾਥਾ ਬਿਆਨਦੀ ਹੈ। ਪ੍ਰਿੰਸੀਪਲ ਸਰਵਣ ਸਿੰਘ ਨੇ ਮਿਲਖਾ ਸਿੰਘ ਦੀ ਸੰਖੇਪ ਬਾਲ ਸਾਹਿਤ ਦੀ ਜੀਵਨੀ ਲਿਖੀ ਹੈ।

ਮਿਲਖਾ ਸਿੰਘ ਦੇ ਪਰਿਵਾਰ ਵਿੱਚ ਚਾਰ ਖਿਡਾਰੀ ਸਨ, ਜਿਨ੍ਹਾਂ ਵਿੱਚੋਂ ਦੋ ਪਦਮਾਸ਼੍ਰੀ ਸਨ। ਮਿਲਖਾ ਸਿੰਘ ਦੀ ਪਤਨੀ ਨਿਰਮਲ ਮਿਲਖਾ ਸਿੰਘ ਭਾਰਤੀ ਵਾਲੀਬਾਲ ਦੀ ਕਪਤਾਨ ਰਹੀ ਹੈ। ਮਿਲਖਾ ਸਿੰਘ ਦਾ ਬੇਟਾ ਜੀਵ ਮਿਲਖਾ ਸਿੰਘ ਦੇਸ਼ ਦਾ ਚੋਟੀ ਦਾ ਗੌਲਫਰ ਅਤੇ ਪਦਮਾਸ਼੍ਰੀ ਜੇਤੂ ਹੈ ਅਤੇ ਪੋਤਾ ਹਰਜਾਈ ਵੀ ਉੱਭਰਦਾ ਗੌਲਫਰ ਹੈ। 90 ਸਾਲ ਦੀ ਉਮਰ ਤੱਕ ਰਿਸ਼ਟ-ਪੁਸ਼ਟ ਰਹਿਣ ਵਾਲੇ ਮਿਲਖਾ ਸਿੰਘ ਨੂੰ ਆਪਣੇ ਆਖਰੀ ਸਮੇਂ ਕੋਰੋਨਾ ਦੀ ਮਹਾਂਮਾਰੀ ਨਾਲ ਜੰਗ ਲੜਨੀ ਪਈ, ਜਿੱਥੇ ਉਹ 18 ਜੂਨ 2021 ਦੀ ਰਾਤ ਪੀ.ਜੀ.ਆਈ. ਚੰਡੀਗੜ੍ਹ ਵਿਖੇ ਹਾਰ ਕੇ ਸਦਾ ਲਈ ਅਲਵਿਦਾ ਆਖ ਗਿਆ। 13 ਜੂਨ 2021 ਨੂੰ ਨਿਰਮਲ ਮਿਲਖਾ ਸਿੰਘ ਅਲਵਿਦਾ ਆਖ ਗਈ ਸੀ। ਪੰਜ ਦਿਨਾਂ ਦੇ ਅੰਦਰ ਮਿਲਖਾ ਸਿੰਘ ਜੋੜੀ ਦਾ ਤੁਰ ਜਾਣਾ ਜਿੱਥੇ ਪਰਿਵਾਰ ਲਈ ਅਸਹਿ ਤੇ ਅਕਹਿ ਸੀ, ਉੱਥੇ ਖੇਡ ਜਗਤ ਲਈ ਵੀ ਨਾ ਪੂਰਿਆ ਜਾਣ ਵਾਲਾ ਘਾਟਾ ਸੀ।

ਮਿਲਖਾ ਸਿੰਘ ਦਾ ਜਨਮ 20 ਨਵੰਬਰ 1929 ਨੂੰ ਲਹਿੰਦੇ ਪੰਜਾਬ ਦੇ ਪਿੰਡ ਗੋਬਿੰਦਪੁਰਾ (ਹੁਣ ਪਾਕਿਸਤਾਨ) ਵਿਖੇ ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਕੌਰ ਦੀ ਕੁੱਖੋਂ ਹੋਇਆ ਸੀ। ਛੋਟੇ ਹੁੰਦੇ ਸਕੂਲ ਪੜ੍ਹਨ ਜਾਂਦਿਆਂ ਤਪਦੇ ਰੇਤਿਆਂ ਉਤੇ ਇੱਕ ਦਰੱਖਤ ਤੋਂ ਦੂਜੇ ਦਰੱਖਤ ਤੱਕ ਨਿੱਕੇ ਮਿਲਖੇ ਨੇ ਆਪਣੀ ਜ਼ਿੰਦਗੀ ਦੀਆਂ ਮੁੱਢਲੀਆਂ ਦੌੜਾਂ ਦੌੜੀਆਂ, ਜਿਨ੍ਹਾਂ ਨੇ ਅੱਗੇ ਜਾ ਕੇ ਵੱਡੀਆਂ ਦੌੜਾਂ ਦੀ ਨੀਂਹ ਰੱਖੀ। ਮਿਲਖਾ ਹਾਲੇ ਸਕੂਲ ਹੀ ਪੜ੍ਹਦਾ ਸੀ, ਜਦੋਂ ਦੇਸ਼ ਆਜ਼ਾਦ ਹੋਇਆ। ਆਜ਼ਾਦੀ ਕਾਹਦੀ ਮਿਲੀ, ਦੇਸ਼ ਦੋ ਮੁਲਕਾਂ ਵਿੱਚ ਵੰਡਿਆਂ ਗਿਆ, ਜਿਸ ਦਾ ਸਭ ਤੋਂ ਵੱਧ ਸੰਤਾਪ ਪੰਜਾਬ ਤੇ ਬੰਗਾਲ ਨੇ ਝੱਲਿਆ। ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਪੂਰਬੀ ਹਿੱਸਾ ਭਾਰਤ ਅਤੇ ਪੱਛਮੀ ਹਿੱਸਾ ਪਾਕਿਸਤਾਨ ਵਿੱਚ ਰਹਿ ਗਿਆ। ਲੱਖਾਂ ਪਰਿਵਾਰਾਂ ਦੀ ਹਿਜ਼ਰਤ ਹੋਈ, ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ। ਘਰ-ਬਾਰ, ਜਾਇਦਾਦਾਂ, ਪੈਲੀਆਂ ਛੱਡਣੀਆਂ ਪਈਆਂ। ਮਿਲਖਾ ਸਿੰਘ ਦੇ ਪਰਿਵਾਰ ਨੂੰ ਉਜਾੜੇ ਦਾ ਸੰਤਾਪ ਝੱਲਣ ਦੇ ਨਾਲ ਬਹੁ ਗਿਣਤੀ ਪਰਿਵਾਰਕ ਮੈਂਬਰਾਂ ਨੂੰ ਜਾਨ ਤੋਂ ਵੀ ਹੱਥ ਧੋਣਾ ਪਿਆ। ਮਿਲਖਾ ਕਿਸੇ ਤਰ੍ਹਾਂ ਆਪਣੀ ਜਾਨ ਬਚਾਉਂਦਾ ਹੋਇਆ ਧੱਕੇ ਧੌਲੇ ਖਾਂਦਾ ਦਿੱਲੀ ਪੁੱਜਿਆ। ਰੇਲ ਗੱਡੀ ਦੇ ਜ਼ਨਾਨਾ ਡੱਬੇ ਵਿੱਚ ਕਿਵੇਂ ਨਾ ਕਿਵੇਂ ਉਸ ਨੇ ਆਪਣੀ ਜਾਨ ਬਚਾਈ। ਉਸ ਸਮੇਂ ਜੇ ਕੁੱਝ ਔਰਤਾਂ ਨੂੰ ਉਸ ਉਤੇ ਤਰਸ ਨਾ ਆਇਆ ਹੁੰਦਾ ਤਾਂ ਭਾਰਤ ਆਪਣੇ ਮਹਾਨ ਅਥਲੀਟ ਤੋਂ ਵਿਰਵਾ ਰਹਿ ਜਾਂਦਾ।

ਮਿਲਖਾ ਸਿੰਘ ਨੂੰ ਸ਼ੁਰੂਆਤੀ ਦੌਰ ਵਿੱਚ ਬਹੁਤ ਜੂਝਣਾ ਪਿਆ, ਜਿੱਥੇ ਉਸ ਨੂੰ ਆਪਣੀ ਭੈਣ ਦੇ ਸਹੁਰੇ ਘਰ ਦੋ ਡੰਗ ਦੀ ਰੋਟੀ ਲਈ ਵੀ ਤਾਹਨੇ-ਮਿਹਣੇ ਸੁਣਨੇ ਪਏ। ਇਸੇ ਦੌਰ ਵਿੱਚ ਉਸ ਨੇ ਛੋਟੀਆਂ ਛੋਟੀਆਂ ਚੋਰੀਆਂ ਵੀ ਕੀਤੀਆਂ, ਜਿਸ ਕਾਰਨ ਹਵਾਲਾਤ ਵੀ ਜਾਣਾ ਪਿਆ। ਮਿਲਖਾ ਸਿੰਘ ਭਾਰਤੀ ਸੈਨਾ ਵਿੱਚ ਭਰਤੀ ਤਾਂ ਆਪਣੀ ਰੋਜ਼ੀ ਰੋਟੀ ਲਈ ਹੋਇਆ ਸੀ, ਪਰ ਉੱਥੇ ਉਹ ਚੰਗੀ ਖ਼ੁਰਾਕ ਦੀ ਤਾਂਘ ਵਿੱਚ ਖੇਡਾਂ ਵਾਲੇ ਪਾਸੇ ਜੁੜ ਗਿਆ। ਇਸ ਤੋਂ ਬਾਅਦ ਮਿਲਖਾ ਸਿੰਘ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਸਿਕੰਦਰਾਬਾਦ ਦੇ ਈ.ਐਮ.ਈ. ਸੈਂਟਰ ਤੋਂ ਰੋਮ ਦੇ ਓਲੰਪਿਕਸ ਸਟੇਡੀਅਮ ਤੱਕ ਮਿਲਖਾ ਸਿੰਘ ਨੇ ਆਪਣੀ ਸਖ਼ਤ ਮਿਹਨਤ, ਨਿੱਤ ਦੀ ਸਾਧਨਾ ਅਤੇ ਦ੍ਰਿੜ ਇਰਾਦੇ ਨਾਲ ਸ਼ੋਹਰਤ ਦੀ ਬੁਲੰਦੀ ਨੂੰ ਛੋਹਿਆ।

ਮਿਲਖਾ ਸਿੰਘ ਨੇ 1958 ਦੀਆਂ ਕਾਰਡਿਫ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਮਗਾ ਜਿੱਤ ਕੇ ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਬਣਨ ਵਾਲੇ ਪਹਿਲੇ ਭਾਰਤੀ ਅਥਲੀਟ ਦਾ ਮਾਣ ਹਾਸਲ ਕੀਤਾ। 1958 ਵਿੱਚ ਹੀ ਟੋਕੀਓ ਏਸ਼ਿਆਈ ਖੇਡਾਂ ਵਿੱਚ ਮਿਲਖਾ ਸਿੰਘ ਨੇ ਦੋ ਸੋਨ ਤਮਗੇ ਜਿੱਤ ਕੇ ਬੈੱਸਟ ਅਥਲੀਟ ਦਾ ਖਿਤਾਬ ਹਾਸਲ ਕੀਤਾ। ਉਹ 200 ਤੇ 400 ਮੀਟਰ ਦੌੜ ਦਾ ਚੈਂਪੀਅਨ ਬਣਿਆ। 200 ਮੀਟਰ ਫਾਈਨਲ ਵਿੱਚ ਉਸ ਨੇ ਏਸ਼ੀਆ ਦਾ ਤੂਫ਼ਾਨ ਕਹੇ ਜਾਣ ਵਾਲੇ ਅਬਦੁਲ ਖਾਲਿਕ ਨੂੰ ਕਰੜੇ ਮੁਕਾਬਲੇ ਵਿੱਚ ਫੋਟੋ ਫਿਨਿਸ਼ ਰਾਹੀਂ ਹਰਾਇਆ। ਉਸ ਵੇਲੇ ਮਿਲਖਾ ਸਿੰਘ ਤੇ ਭਗਤਾ ਭਾਈਕਾ ਵਾਲੇ ਏਸ਼ੀਆ ਦੇ ਮਹਾਨ ਥਰੋਅਰ ਪ੍ਰਦੁੱਮਣ ਸਿੰਘ ਦਾ ਪਟਿਆਲਾ ਪੁੱਜਣ ਉਤੇ ਟੈਂਕਾਂ ਉਤੇ ਬਿਠਾ ਕੇ ਸਵਾਗਤ ਹੋਇਆ ਸੀ।

ਮਿਲਖਾ ਸਿੰਘ ਨੇ ਭਾਰਤ ਵੱਲੋਂ ਤਿੰਨ ਓਲੰਪਿਕਸ (1956 ਮੈਲਬਰਨ, 1960 ਰੋਮ ਤੇ 1964 ਟੋਕੀਓ) ਵਿੱਚ ਹਿੱਸਾ ਲਿਆ। 1960 ਦੀਆਂ ਰੋਮ ਓਲੰਪਿਕ ਖੇਡਾਂ ਵਿੱਚ ਮਿਲਖਾ ਸਿੰਘ ਨੇ ਇਤਿਹਾਸਕ ਦੌੜ ਦੌੜੀ ਜੋ ਕਿ ਓਲੰਪਿਕ ਖੇਡਾਂ ਦੇ 125 ਸਾਲਾਂ ਇਤਿਹਾਸ ਵਿੱਚ ਕਿਸੇ ਵੀ ਭਾਰਤੀ ਅਥਲੀਟ ਦਾ ਸਰਵਸ੍ਰੇਸ਼ਟ ਪ੍ਰਦਰਸ਼ਨ ਹੈ। ਮਿਲਖਾ ਸਿੰਘ ਨੇ 400 ਮੀਟਰ ਦੌੜ ਦੇ ਫਾਈਨਲ ਵਿੱਚ ਦੌੜਦਿਆਂ ਚੌਥਾ ਸਥਾਨ ਹਾਸਲ ਕੀਤਾ। ਉਸ ਵੇਲੇ ਉਹ ਸਕਿੰਟ ਦੇ ਦਸਵੇਂ ਹਿੱਸੇ ਨਾਲ ਤਮਗ਼ੇ ਤੋਂ ਖੁੰਝ ਗਿਆ, ਜਿਸ ਦਾ ਮਲਾਲ ਉਸ ਨੂੰ ਸਾਰੀ ਉਮਰ ਰਿਹਾ। ਮਿਲਖਾ ਸਿੰਘ ਨੇ 45.6 ਸਕਿੰਟਾਂ ਵਿੱਚ ਦੌੜ ਪੂਰੀ ਕਰਕੇ ਉਸ ਵੇਲੇ ਦਾ ਵਿਸ਼ਵ ਰਿਕਾਰਡ ਤੋੜਿਆ ਸੀ। ਮਿਲਖਾ ਸਿੰਘ ਦਾ ਇਹ ਨੈਸ਼ਨਲ ਰਿਕਾਰਡ 40 ਸਾਲ ਤੱਕ ਕਾਇਮ ਰਿਹਾ। ਮਿਲਖਾ ਸਿੰਘ ਦੀ ਇਸ ਦੌੜ ਬਾਰੇ ਮਿੱਥ ਵੀ ਹੈ ਕਿ ਉਸ ਨੇ ਸਿਖਰਲੀ ਲੇਨ ਵਿੱਚ ਦੌੜਦਿਆਂ ਸਭ ਤੋਂ ਅੱਗੇ ਜਾਂਦਿਆਂ ਇੱਕ ਵਾਰੀ ਪਿੱਛੇ ਮੁੜ ਕੇ ਵੇਖ ਲਿਆ, ਜਿਸ ਨਾਲ ਉਸ ਦੀ ਸਪੀਡ ਹੌਲੀ ਹੋ ਗਈ ਅਤੇ ਤਮਗ਼ੇ ਤੋਂ ਵਾਂਝਾ ਰਹਿ ਗਿਆ। ਇਸ ਦੌੜ ਦੀ ਹਕੀਕਤ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ 'ਉੱਡਣਾ ਬਾਜ਼' ਵਿੱਚ ਸਪੱਸ਼ਟ ਕੀਤੀ ਗਈ ਹੈ ਕਿ ਮਿਲਖਾ ਸਿੰਘ ਦੌੜ ਵਿੱਚ ਕਿਸੇ ਵੀ ਸਮੇਂ ਪਹਿਲੇ ਤਿੰਨ ਸਥਾਨਾਂ ਵਿੱਚ ਨਹੀਂ ਸੀ, ਪਰ ਉਹ ਦੌੜ ਭਾਰਤੀ ਅਥਲੀਟਾਂ ਦੀ ਸਿਖਰਲੀਆਂ ਦੌੜਾਂ ਵਿੱਚੋਂ ਇੱਕ ਹੈ।

ਮਿਲਖਾ ਸਿੰਘ ਨੇ ਅਬਦੁਲ ਖ਼ਾਲਿਕ ਨੂੰ 1960 ਵਿੱਚ ਦੋ ਸਾਲ ਬਾਅਦ ਲਾਹੌਰ ਵਿਖੇ ਹੋਈ ਭਾਰਤ-ਪਾਕਿਸਤਾਨ ਦੁਵੱਲੀ ਅਥਲੈਟਿਕਸ ਮੀਟ ਵਿੱਚ ਵੱਡੇ ਫਾਸਲੇ ਨਾਲ ਹਰਾਇਆ, ਜਿਸ ਤੋਂ ਬਾਅਦ ਪਾਕਿਸਤਾਨ ਦੇ ਤੱਤਕਾਲੀ ਰਾਸ਼ਟਰਪਤੀ ਅਯੂਬ ਖਾਨ ਨੇ ਮਿਲਖਾ ਸਿੰਘ ਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦਿੱਤਾ, ਜਿਸ ਦਾ ਕਹਿਣਾ ਸੀ ਕਿ ਮਿਲਖਾ ਸਿੰਘ ਨੇ ਇਹ ਦੌੜ ਭੱਜ ਕੇ ਨਹੀਂ ਸਗੋਂ ਉੱਡ ਕੇ ਪੂਰੀ ਕੀਤੀ ਹੈ। ਮਿਲਖਾ ਸਿੰਘ ਉੱਪਰ ਬਣੀ ਬਾਲੀਵੁੱਡ ਫ਼ਿਲਮ 'ਭਾਗ ਮਿਲਖਾ ਭਾਗ' ਦਾ ਕਲਾਈਮੈਕਸ ਦ੍ਰਿਸ਼ ਇਸੇ ਦੌੜ ਉਤੇ ਫਿਲਮਾਇਆ ਗਿਆ। ਮਿਲਖਾ ਸਿੰਘ ਬਾਰੇ ਇਸ ਸਬੰਧੀ ਦੰਦ ਕਥਾ ਬਣੀ ਕਿ ਉਸ ਨੇ ਕਿਹਾ ਸੀ ਕਿ ਜੇ ਉਸ ਦਿਨ ਅਬਦੁਲ ਖ਼ਾਲਿਕ ਨੂੰ ਜਹਾਜ਼ ਦੀ ਪੂਛ ਨਾਲ ਵੀ ਬੰਨ੍ਹ ਕੇ ਦੌੜਾਇਆ ਜਾਂਦਾ ਤਾਂ ਵੀ ਉਸ ਨੇ ਹਰਾ ਦੇਣਾ ਸੀ।

1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਵਿੱਚ ਮਿਲਖਾ ਸਿੰਘ ਨੇ ਦੋ ਸੋਨ ਤਮਗੇ ਜਿੱਤੇ- ਇੱਕ 400 ਮੀਟਰ ਤੇ ਦੂਜਾ 4 ਗੁਣਾਂ 400 ਮੀਟਰ ਰਿਲੇਅ ਦੌੜ ਵਿੱਚ। ਮਿਲਖਾ ਸਿੰਘ ਨੇ 1964 ਵਿੱਚ ਟੋਕੀਓ ਓਲੰਪਿਕ ਖੇਡਾਂ ਵਿੱਚ ਵੀ ਵੱਡਾ ਹਿੱਸਾ ਲਿਆ। ਮਿਲਖਾ ਸਿੰਘ ਬਾਰੇ ਵੈਸੇ ਇੱਕ ਹੋਰ ਵੀ ਦੰਦ ਕਥਾ ਹੈ ਕਿ ਇੱਕ ਵਾਰ ਉਸ ਦੇ ਘਰ ਚੋਰੀ ਹੋ ਗਈ ਹੈ ਅਤੇ ਚੋਰ ਭੱਜ ਨਿਕਲੇ। ਮਿਲਖਾ ਸਿੰਘ ਪਿੱਛੇ ਦੌੜਿਆ ਤਾਂ ਉਨ੍ਹਾਂ ਨੂੰ ਪਿੱਛੇ ਛੱਡ ਕੇ ਅੱਗੇ ਪਹੁੰਚ ਗਿਆ। ਅੱਗਿਓ ਮਿਲਣ ਵਾਲੇ ਕਹਿੰਦੇ ਕਿ ਚੋਰ ਤਾਂ ਪਿੱਛੇ ਰਹਿ ਗਏ। ਮਿਲਖਾ ਸਿੰਘ ਬਾਰੇ ਜੁੜੇ ਕਿੱਸੇ ਉਸ ਦੀ ਮਹਾਨਤਾ ਨੂੰ ਹੀ ਪ੍ਰਗਟਾਉਂਦੇ ਹਨ ਜਿਵੇਂ ਕਿ 'ਭਾਗ ਮਿਲਖਾ ਭਾਗ' ਫ਼ਿਲਮ ਵਿੱਚ ਉਹ ਆਪਣੇ ਸੀਨੀਅਰ ਅਫਸਰ ਦੇ ਘਰ ਆਈਸ ਕਰੀਮ ਬਿਨਾ ਪਿਘਲਾਏ ਦੌੜ ਕੇ ਲੈ ਕੇ ਪਹੁੰਚਦਾ ਹੈ। ਸੈਨਾ ਵਿੱਚ ਉਹ ਨਾਇਬ ਸੂਬੇਦਾਰ ਸੀ, ਜਦੋਂ ਪੰਜਾਬ ਸਰਕਾਰ ਨੇ ਸੂਬੇ ਵਿੱਚ ਲਿਆਂਦਾ ਜਿੱਥੇ ਉਸ ਨੂੰ ਸਿੱਖਿਆ ਵਿਭਾਗ ਵਿੱਚ ਬਤੌਰ ਡਿਪਟੀ ਡਾਇਰੈਕਟਰ (ਖੇਡਾਂ) ਨਿਯੁਕਤ ਕੀਤਾ। ਉਹ ਯੁਵਕ ਸੇਵਾਵਾਂ ਵਿਭਾਗ ਵਿੱਚੋਂ ਬਤੌਰ ਐਡੀਸ਼ਨਲ ਡਾਇਰੈਕਟਰ ਸੇਵਾ ਮੁਕਤ ਹੋਏ।

ਮਿਲਖਾ ਸਿੰਘ ਨੂੰ 1958-59 ਵਿੱਚ ਭਾਰਤ ਸਰਕਾਰ ਨੇ ਦੇਸ਼ ਦੇ ਚੌਥੇ ਸਰਵਉੱਚ ਨਾਗਰਿਕ ਸਨਮਾਨ ਪਦਮਾਸ਼੍ਰੀ ਨਾਲ ਸਨਮਾਨਤ ਕੀਤਾ। ਵੀਹ-ਬਾਈ ਵਰ੍ਹੇ ਪਹਿਲਾਂ ਮਿਲਖਾ ਸਿੰਘ ਨੂੰ ਜਦੋਂ ਅਰਜੁਨਾ ਐਵਾਰਡ ਨਾਲ ਸਨਮਾਨਤ ਕੀਤਾ ਤਾਂ ਉਸ ਨੇ ਇਹ ਕਹਿ ਕੇ ਐਵਾਰਡ ਠੁਕਰਾ ਦਿੱਤਾ ਕਿ ਬੀ.ਏ. ਦੀ ਡਿਗਰੀ ਤੋਂ ਬਾਅਦ ਦਸਵੀਂ ਦੀ ਡਿਗਰੀ ਦਾ ਕੋਈ ਮਹੱਤਵ ਨਹੀਂ। ਅਰਜੁਨਾ ਐਵਾਰਡ ਤੋਂ ਵੱਡਾ ਪੁਰਸਕਾਰ ਪਦਮਾਸ਼੍ਰੀ ਤਾਂ ਉਸ ਨੂੰ ਚਾਲੀ ਸਾਲ ਪਹਿਲਾ ਹੀ ਮਿਲ ਗਿਆ ਸੀ। ਹਾਲਾਂਕਿ ਉਹ ਖੇਡ ਐਵਾਰਡਾਂ ਲਈ ਚੋਣ ਕਮੇਟੀ ਦਾ ਮੁਖੀ ਜ਼ਰੂਰ ਰਿਹਾ।

ਅਮਰੀਕਾ ਵੱਲੋਂ ਮਿਲਖਾ ਸਿੰਘ ਨੂੰ ਹੈਲਮਜ਼ ਵਰਲਡ ਟਰਾਫੀ ਨਾਲ ਸਨਮਾਨਿਆ ਗਿਆ, ਇਹ ਵੱਕਾਰੀ ਖਿਤਾਬ ਸਿਰਫ ਤਿੰਨ ਭਾਰਤੀ ਖਿਡਾਰੀਆਂ ਨੇ ਹੀ ਜਿੱਤਿਆ ਹੈ। ਦੂਜੇ ਦੋ ਖਿਡਾਰੀ ਰਾਮ ਕ੍ਰਿਸ਼ਨਨ (ਟੈਨਿਸ) ਤੇ ਕੇਡੀ ਬਾਬੂ ਸਿੰਘ (ਹਾਕੀ) ਹਨ। ਪੰਜਾਬ ਸਰਕਾਰ ਨੇ ਇਸ ਮਹਾਨ ਅਥਲੀਟ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ। ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਬਣਾਈ ਨਵੀਂ ਖੇਡ ਨੀਤੀ ਵਿੱਚ ਪੰਜਾਬ ਵਿੱਚ ਖੇਡ ਪ੍ਰੋਮੋਟਰਾਂ ਲਈ ਮਿਲਖਾ ਸਿੰਘ ਪ੍ਰਮੋਸ਼ਨ ਐਵਾਰਡ ਸ਼ੁਰੂ ਕੀਤਾ ਗਿਆ।

ਮਿਲਖਾ ਸਿੰਘ ਨੇ ਖ਼ੁਦ ਆਪਣੀ ਸਵੈ-ਜੀਵਨੀ ਵਿੱਚ ਲਿਖਿਆ ਹੈ, "ਜ਼ਿੰਦਗੀ ਸ਼ਾਇਦ ਧਰਤੀ ਉਪਰ ਵਾਪਰਨ ਵਾਲੀ ਸਭ ਤੋਂ ਵੱਡੀ ਕਰਾਮਾਤ ਹੈ। ਅਸੰਖ ਤਾਰਿਆਂ, ਧਰਤੀਆਂ ਤੇ ਸੂਰਜਾਂ ਦੀ ਅਨੰਤ ਕਾਲ ਤੋਂ ਖੇਡੀ ਜਾ ਰਹੀ ਇਸ ਖੇਡ ਵਿੱਚ ਮਨੁੱਖ ਬੱਸ ਇੱਕ ਛੋਟਾ ਜਿਹਾ ਖਿਡਾਰੀ ਹੈ। ਮਨੁੱਖੀ ਦਿਲ ਦੀ ਇੱਕ-ਇੱਕ ਧੜਕਣ ਵਿੱਚ ਓੜਕਾਂ ਦੀ ਤਾਕਤ, ਫੁਰਤੀ ਤੇ ਸੰਭਾਵਨਾਵਾਂ ਹਨ। ਕੁਦਰਤ ਦੇ ਇਸ ਭੇਦ ਨੂੰ ਸਮਝ ਕੇ ਮਨ 'ਚ ਵਸਾਉਣ ਵਾਲਾ ਵਿਅਕਤੀ ਜ਼ਰੂਰੀ ਨਹੀਂ ਕਿ ਮਿਲਖਾ ਸਿੰਘ ਹੀ ਹੋਵੇ, ਕੋਈ ਹੋਰ ਵੀ ਹੋ ਸਕਦਾ ਹੈ। ਜ਼ਿੰਦਗੀ ਦੀ ਇਹ ਖੇਡ ਨਾ ਹੀ ਮੈਂ ਸ਼ੁਰੂ ਕੀਤੀ ਹੈ ਤੇ ਨਾ ਹੀ ਇਹ ਮੇਰੇ ਨਾਲ ਖਤਮ ਹੋਣੀ ਹੈ। ਮੈਂ ਤਾਂ ਸਿਰਫ਼ ਇੱਕ ਸਦੀ ਦਾ ਕੁਝ ਹਿੱਸਾ ਇਸ ਦੇ ਵਿਸ਼ਾਲ ਸਟੇਡੀਅਮ ਵਿਚ ਆਪਣੇ ਜਿਸਮ ਨੂੰ ਲੈ ਕੇ ਧੜਕਿਆ ਹਾਂ ਤੇ ਕਿਸੇ ਦਿਨ ਹੋਰਨਾਂ ਖਿਡਾਰੀਆਂ ਨੂੰ ਕੰਮਾਂ ਕਾਰਾਂ ਵਿਚ ਰੁੱਝੇ ਹੋਏ ਛੱਡ ਕੇ ਮਲਕੜੇ ਜਿਹੇ ਇਸ ਸਟੇਡੀਅਮ ਵਿੱਚੋਂ ਨਿਕਲ ਜਾਵਾਂਗਾ।"


ਮਿਲਖਾ ਸਿੰਘ ਰੋਮ ਓਲੰਪਿਕਸ ਵਿੱਚ ਅਜਿਹਾ ਤਮਗ਼ੇ ਤੋਂ ਖੁੰਝਿਆ ਸੀ ਕਿ ਸਾਰੀ ਉਮਰ ਪਛਤਾਉਂਦਾ ਰਿਹਾ। ਉਸ ਦਾ ਕਹਿਣਾ ਸੀ ਕਿ ਉਹ ਜਿਉਂਦੇ ਜੀਅ ਕਿਸੇ ਭਾਰਤੀ ਨੂੰ ਅਥਲੈਟਿਕਸ ਵਿੱਚ ਤਮਗ਼ਾ ਜਿੱਤਦਾ ਦੇਖਣਾ ਚਾਹੁੰਦਾ ਹੈ, ਪਰ ਉਸ ਦੀ ਇਹ ਇੱਛਾ ਪੂਰੀ ਨਹੀਂ ਹੋਈ ਕਿਉਂਕਿ ਨੀਰਜ ਚੋਪੜਾ ਵੱਲੋਂ ਟੋਕੀਓ ਓਲੰਪਿਕਸ-2021 ਵਿੱਚ ਸੋਨ ਤਮਗ਼ਾ ਜਿੱਤਣ ਤੋਂ ਦੋ ਮਹੀਨੇ ਪਹਿਲਾਂ ਉਹ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ ਸੀ। ਜੇਕਰ 7 ਅਗਸਤ 2021 ਨੂੰ ਮਿਲਖਾ ਸਿੰਘ ਜਿਉਂਦਾ ਹੁੰਦਾ ਤਾਂ ਨੀਰਜ ਚੋਪੜਾ ਦੀ ਸੁਨਹਿਰੀ ਪ੍ਰਾਪਤੀ ਦੇ ਜਸ਼ਨ ਦੇਖਣ ਵਾਲੇ ਹੁੰਦੇ। ਮਿਲਖਾ ਸਿੰਘ ਦਾ ਖੇਡ ਜੀਵਨ ਅਤੇ ਸੰਘਰਸ਼ ਆਉਣ ਵਾਲੇ ਅਥਲੀਟਾਂ ਲਈ ਪ੍ਰੇਰਨਾਮਈ ਰਹੇਗਾ।

# ਚੌਂਕੀ, ਚੌਂਕਾ, ਚੌਕੀਦਾਰ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120





ਚੌਮਾਸਾ, ਚੌਂਕੀ, ਚੌਕੀਦਾਰ ਸ਼ਬਦਾਂ ਵਿੱਚ ਧੁਨੀ ਸਮਾਨਤਾ ਨਜ਼ਰ ਆਉਂਦੀ ਹੈ ਭਾਵੇਂ ਅਰਥ ਭਿੰਨ ਹਨ। ਤਿੰਨਾਂ ਸ਼ਬਦਾਂ ਵਿੱਚ 'ਚੌ' ਸਾਂਝਾ ਹੈ। ਇਸੇ ਕਰਕੇ ਇਨ੍ਹਾਂ ਤਿੰਨਾਂ ਦੀ ਆਪਸ ਵਿੱਚ ਸਕੀਰੀ ਹੈ। ਇਨ੍ਹਾਂ ਦੇ ਮੂਲ ਵਿੱਚ ਸੰਸਕ੍ਰਿਤ ਸ਼ਬਦ 'ਚਤੁਰ੍' ਹੈ। ਇਹਦਾ ਅਰਥ ਹੈ- ਚਾਰ ਦੀ ਗਿਣਤੀ। ਇਸੇ ਤੋਂ ਬਣਿਆ ਹੈ- 'ਚਤੁਸ਼ੱਕ', ਜਿਸਦਾ ਅਰਥ ਹੈ- ਚਾਰ ਕੋਨਿਆਂ ਵਾਲਾ, ਚਾਰ ਦਾ ਇਕੱਠ ਜਾਂ ਚੌਕੋਰ ਵਸਤੂ। ਚਤੁਸ਼ੱਕ ਤੋਂ ਚੌਂਕੀ ਦਾ ਵਿਕਾਸਕ੍ਰਮ ਇਸ ਪ੍ਰਕਾਰ ਬਣਦਾ ਹੈ-'ਚਤੁਸ਼ਕ~ ਚਊਕਖਅੰ~ ਚਊਕਕਅੰ~ ਚਊਕੱਕਾ~ ਚਉਕਾ~ ਚੌਕੀ/ ਚੌਂਕੀ, ਚੌਕ, ਚੌਂਕਾ, ਚੌਕੋਰ, ਚੌਕੋਣ, ਚੌਗੁਣਾ, ਚੌਂਕਣਾ, ਚੌਸਾ ਵਰਗੇ ਸ਼ਬਦ ਇਸੇ ਲੜੀ-ਪ੍ਰਬੰਧ ਵਿੱਚ ਬੱਝੇ ਹੋਏ ਹਨ। ਲੱਕੜ, ਪੱਥਰ, ਲੋਹੇ, ਚਾਂਦੀ ਦੇ ਚਾਰ ਪਾਵਿਆਂ ਵਾਲੇ ਤਖ਼ਤ ਜਾਂ ਆਸਣ ਨੂੰ ਚੌਂਕੀ ਕਿਹਾ ਜਾਂਦਾ ਹੈ।

ਪੰਜਾਬੀ ਕੋਸ਼ਾਂ ਅਨੁਸਾਰ ਚੌਂਕੀ ਦਾ ਅਰਥ ਹੈ- ਕੁਰਸੀ, ਚੌਰਸ ਨੀਵਾਂ ਤਖ਼ਤਾ, ਲੱਕੜ ਦੀ ਪੀੜ੍ਹੀ, ਖਾਣ-ਪੀਣ ਦੀਆਂ ਚੀਜ਼ਾਂ ਸਾਂਭ ਕੇ ਰੱਖਣ ਵਾਲੀ ਛੋਟੀ ਜਿਹੀ ਅਲਮਾਰੀ, ਥਾਣਾ, ਗਾਰਦ, ਪੁਲਿਸ ਦਾ ਅੱਡਾ, ਡਾਕ ਦਾ ਅੱਡਾ, ਰਾਗੀਆਂ ਦੀ ਮੰਡਲੀ, ਚੁੰਗੀਖਾਨਾ, ਖਾਸ ਤੀਰਥਾਂ ਦੀ ਯਾਤਰਾ (ਜਿਵੇਂ ਹਰ ਪੁੰਨਿਆ 'ਤੇ ਦਰਬਾਰ ਸਾਹਿਬ ਤਰਨਤਾਰਨ ਤੋਂ ਗੋਇੰਦਵਾਲ ਸਾਹਿਬ ਲਈ ਚੌਂਕੀ ਚੜ੍ਹਦੀ ਹੈ), ਜਗਰਾਤਾ (ਸ਼ੇਰਾਂ ਵਾਲੀ ਮਾਤਾ ਦੀ ਚੌਂਕੀ), ਰੋਟੀ ਖਾਣ ਵਾਲਿਆਂ ਦੀ ਸਿੱਧੀ ਕਤਾਰ, ਸਾਜ਼ਾਂ ਜਾਂ ਕੀਰਤਨ ਦੁਆਰਾ ਕੀਤੀ ਜਾਣ ਵਾਲੀ ਸੰਗੀਤ ਗੋਸ਼ਟੀ ਆਦਿ। ਚੌਂਕੀ ਕਰਨਾ- ਰਾਗੀਆਂ ਦਾ ਮਿਲ ਕੇ ਗਾਉਣਾ, ਚੌਕੀ ਚੜ੍ਹਨਾ- ਥਾਣੇ ਚੜ੍ਹਨਾ, ਚੌਕੀ ਦੇਣਾ- ਰਾਖੀ ਕਰਨਾ, ਚੌਕੀ ਪਹਿਰਾ- ਪਹਿਰੇਦਾਰੀ, ਚੌਕੀ ਬਹਾਉਣਾ-ਰੋਟੀ ਖਾਣ ਵਾਲਿਆਂ ਨੂੰ ਇੱਕ ਸੇਧ ਵਿੱਚ ਬਿਠਾਉਣਾ, ਦੰਡ ਵਜੋਂ ਕਿਸੇ ਥਾਂ ਥਾਣਾ ਨਿਯੁਕਤ ਕਰਨਾ, ਚੌਕੀ ਬਦਲਣਾ- ਗਾਰਦ ਬਦਲਣੀ, ਚੌਕੀ ਭੰਨਣਾ- ਮਹਿਸੂਲ ਦਿੱਤੇ ਬਿਨਾ ਚੋਰੀ ਮਾਲ ਲੈ ਜਾਣਾ, ਚੌਕੀ ਭਰਨਾ-ਦੇਵਤੇ ਨੂੰ ਕੁਝ ਭੇਟ ਕਰਨਾ, ਗੁਰੂ, ਪੀਰ ਦੀ ਥਾਂ 'ਤੇ ਜਾ ਕੇ ਪੂਜਾ ਜਾਂ ਕੀਰਤਨ ਕਰਨਾ, ਕਿਸੇ ਦੇ ਦਰ 'ਤੇ ਪਹਿਰੂ ਵਾਂਗ ਹਾਜ਼ਰ ਰਹਿਣਾ, ਭੁੰਜੇ ਸੌਣਾ, ਮਹਿਸੂਲ ਦੇਣਾ, ਨਜ਼ਰ ਨਿਆਜ਼ ਦੇਣਾ ਆਦਿ।

ਮੰਜੀ ਜਾਂ ਚਾਰਪਾਈ ਨਾਲ ਵੀ ਇਹਦੀ ਸਕੀਰੀ ਹੈ। ਪੁਰਾਣੇ ਜ਼ਮਾਨੇ ਵਿੱਚ ਪਹਿਰੇਦਾਰ ਲਈ ਲੱਕੜ ਦਾ ਇੱਕ ਚੌਕੋਰ ਤਖ਼ਤ ਹੁੰਦਾ ਸੀ, ਜਿਸਨੂੰ ਆਮ ਤੌਰ 'ਤੇ ਚੌਰਾਹੇ ਵਿੱਚ ਡਾਹ ਦਿਤਾ ਜਾਂਦਾ ਸੀ ਤਾਂ ਕਿ ਚਾਰੇ ਦਿਸ਼ਾਵਾਂ ਵਿੱਚ ਨਿਗਰਾਨੀ ਰੱਖੀ ਜਾ ਸਕੇ। ਇਸ ਤਖ਼ਤ ਨੂੰ ਬਾਅਦ ਵਿੱਚ ਚੌਕੀ ਕਿਹਾ ਜਾਣ ਲੱਗਾ। ਜਿਹੜੇ ਪਹਿਰੂਏ ਇਥੇ ਤਾਇਨਾਤ ਕੀਤੇ ਜਾਂਦੇ ਸਨ, ਉਨ੍ਹਾਂ ਨੂੰ ਚੌਕੀਦਾਰ ਜਾਂ ਪਹਿਰੇਦਾਰ ਕਿਹਾ ਜਾਂਦਾ ਸੀ। ਅੱਜ ਕੱਲ੍ਹ ਇਹਦੇ ਲਈ ਚੌਕਸੀ ਸ਼ਬਦ ਵੀ ਵਰਤਿਆ ਜਾਣ ਲੱਗਾ ਹੈ। ਹੁਣ ਚੌਕੀਦਾਰ ਲਈ ਚੌਕਸੀ ਵਰਤਣੀ ਜ਼ਰੂਰੀ ਹੈ ਤੇ ਚੌਕਸ ਰਹਿਣ ਲਈ ਚੌਕੰਨਾ ਹੋਣਾ ਜ਼ਰੂਰੀ ਹੈ। ਇਨ੍ਹਾਂ ਸ਼ਬਦਾਂ ਨੂੰ ਘੋਖੀਏ ਤਾਂ ਇਨ੍ਹਾਂ ਦੇ ਮੂਲ ਵਿੱਚ ਚਤੁਰਾਈ ਪਈ ਨਜ਼ਰ ਆਉਂਦੀ ਹੈ।

ਪੰਜਾਬੀ ਵਿੱਚ ਚੌਂਕ ਜਾਂ ਚੌਕ, ਚੌਂਕੀ ਨਾਲ ਬਹੁਤ ਸਾਰੀ ਲੋਕਧਾਰਾ ਜੁੜੀ ਨਜ਼ਰ ਆਉਂਦੀ ਹੈ, ਜੋ ਇਹਦੇ ਮਹੱਤਵ ਨੂੰ ਦ੍ਰਿੜਾਉਂਦੀ ਹੈ। ਚੌਕੀ- ਲੱਕੜ ਦੀ ਬਣੀ ਪੱਟੜੀ, ਜੋ ਉਪਰੋਂ ਚੌਰਸ ਸ਼ਕਲ ਦੀ ਹੁੰਦੀ ਹੈ ਤੇ ਹੇਠਾਂ ਚਾਰ ਪੈਰ ਲੱਗੇ ਹੁੰਦੇ ਹਨ। ਵਿਆਹ ਜਾਂ ਮੰਗਲ ਕਾਰਜਾਂ ਵੇਲੇ ਵਰ/ਕੰਨਿਆ ਨੂੰ ਚੌਂਕੀ 'ਤੇ ਬਿਠਾਇਆ ਜਾਂਦਾ ਹੈ। ਪਹਿਲੇ ਸਮਿਆਂ ਵਿੱਚ ਇਹਦੇ ਲਈ ਚੌਂਕ ਵੀ ਪੂਰਿਆ ਜਾਂਦਾ ਸੀ, ਉਸ ਉਪਰ ਚੌਂਕੀ ਜਾਂ ਪੱਟੜਾ ਰੱਖ ਦਿੱਤਾ ਜਾਂਦਾ ਸੀ। ਪੁਰਾਣੇ ਸਮਿਆਂ ਵਿੱਚ ਅਮੀਰ ਲੋਕ, ਸੰਤ, ਗੁਰੂ, ਧਾਰਮਿਕ ਲੋਕ ਚੌਂਕੀ 'ਤੇ ਬਹਿ ਕੇ ਕੀਰਤਨ ਕਰਦੇ ਜਾਂ ਉਪਦੇਸ਼ ਦਿੰਦੇ ਸਨ। ਗੁੜਗਾਓਂ ਵਾਲੇ ਪਾਸੇ ਮਿਊ ਜਾਤੀ ਵਿੱਚ ਚੌਂਕੀ ਚੜ੍ਹਨ ਦੀ ਇੱਕ ਰਸਮ ਵਿਆਹ ਤੋਂ ਬਾਅਦ ਘਰ ਆਉਣ ਵੇਲੇ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਚੌਂਕ ਦਾ ਵੀ ਵਿਸ਼ੇਸ਼ ਮਹੱਤਵ ਹੈ। ਚੌਂਕ ਦਾ ਅਰਥ ਹੈ, ਜਿਥੇ ਚਾਰ ਰਸਤੇ ਮਿਲਦੇ ਹੋਣ। ਅੰਧਵਿਸ਼ਵਾਸੀ ਚੌਰਾਹਿਆਂ ਤੇ ਚੌਂਕਾਂ ਵਿੱਚ ਟੂਣਾ ਕਰਦੇ ਸਨ। ਹਿੰਦੂਆਂ ਵਿੱਚ ਮੰਗਲ ਕਾਰਜਾਂ ਸਮੇਂ ਆਟੇ ਦਾ ਚੌਂਕ ਬਣਾ ਕੇ ਪੂਰਿਆ ਜਾਂਦਾ ਹੈ। ਇਸ ਵਿੱਚ ਆਟੇ ਨਾਲ ਗ੍ਰਹਿ ਤੇ ਸਵਾਸਤਿਕ ਦਾ ਚਿੰਨ੍ਹ ਬਣਾ ਕੇ ਓਮ ਲਿਖਿਆ ਜਾਂਦਾ ਹੈ ਤੇ ਇਹਦੀ ਪੂਜਾ ਕੀਤੀ ਜਾਂਦੀ ਹੈ। ਮੁੰਡਣ ਸੰਸਕਾਰ ਸਮੇਂ ਆਟੇ ਦੇ ਚੌਂਕ 'ਤੇ ਚੌਂਕੀ ਰੱਖ ਕੇ ਮੁੰਡੇ ਨੂੰ ਬਿਠਾਇਆ ਜਾਂਦਾ ਹੈ। ਵਿਆਹ ਸਮੇਂ ਵੀ ਹਿੰਦੂਆਂ ਵਿੱਚ ਲਾੜੇ-ਲਾੜੀ ਨੂੰ ਚੌਂਕ 'ਤੇ ਬਿਠਾਇਆ ਜਾਂਦਾ ਹੈ। ਚੌਂਕ ਔਰਤਾਂ ਦਾ ਇੱਕ ਗਹਿਣਾ ਵੀ ਹੈ, ਜੋ ਸਿਰ 'ਤੇ ਸਜਾਇਆ ਜਾਂਦਾ ਹੈ।

ਵਿਆਹ ਨਾਲ ਸਬੰਧਤ ਰੀਤ ਵਿੱਚ ਲਾੜੇ ਦੀ ਮਾਂ ਨਹਾ ਕੇ ਨਵੇਂ ਕੱਪੜੇ ਪਾ ਕੇ ਉਸ ਚੌਂਕ 'ਤੋਂ ਲੰਘਦੀ ਹੈ, ਜਿਥੇ ਲਾੜੇ ਦੇ ਵਿਆਹ ਦੀਆਂ ਰੀਤਾਂ ਕੀਤੀਆਂ ਹੁੰਦੀਆਂ ਹਨ। ਫਿਰ ਆਪਣੇ ਹੱਥਾਂ ਨਾਲ ਆਟੇ ਦਾ ਚੌਂਕ ਮਿਟਾ ਦਿੰਦੀ ਹੈ ਤੇ ਦਰਵਾਜ਼ੇ 'ਤੇ ਪੰਜੇ ਦਾ ਨਿਸ਼ਾਨ ਲਾਉਂਦੀ ਹੈ। ਜੇ ਮਾਂ ਤੋਂ ਬਿਨਾ ਕੋਈ ਹੋਰ ਲੰਘ ਜਾਵੇ ਤਾਂ ਇਸ ਨੂੰ ਬਦਸ਼ਗਨੀ ਮੰਨਿਆ ਜਾਂਦਾ ਹੈ।

ਆਮ ਤੌਰ 'ਤੇ ਘਰ ਵਿੱਚ ਰੋਟੀ ਪਕਾਉਣ ਤੇ ਖਾਣ ਵਾਲੀ ਥਾਂ ਨੂੰ ਚੌਂਕਾ ਕਿਹਾ ਜਾਂਦਾ ਹੈ। ਇਹਦੇ ਲਈ ਸਾਂਝਾ ਸ਼ਬਦ ਚੁੱਲ੍ਹਾ-ਚੌਂਕਾ ਵੀ ਪ੍ਰਚਲਤ ਹੈ। ਵਿਹੜੇ ਦੀ ਇੱਕ ਖਾਸ ਨੁੱਕਰ ਵਿੱਚ ਚਾਰ ਕਾਰਾਂ ਵਾਹ ਲਈਆਂ ਜਾਂਦੀਆਂ ਹਨ ਤੇ ਉਸ ਥਾਂ ਨੂੰ ਗਾਂ ਦੇ ਗੋਹੇ ਨਾਲ ਲਿੰਬ-ਪੋਚ ਲਿਆ ਜਾਂਦਾ ਹੈ। ਇਸ ਥਾਂ ਨੂੰ ਚੌਂਕਾ ਕਿਹਾ ਜਾਂਦਾ ਹੈ। ਚੌਂਕੇ ਅੰਦਰ ਅਗਨੀ, ਜਲ ਤੇ ਅੰਨ ਦੇਵਤੇ ਦਾ ਵਾਸ ਮੰਨਿਆ ਜਾਂਦਾ ਹੈ, ਜਿਸ ਕਰਕੇ ਇਹਨੂੰ ਹਮੇਸ਼ਾਂ ਪਵਿੱਤਰ ਰੱਖਿਆ ਜਾਂਦਾ ਹੈ। ਮਾਹਵਾਰੀ ਤੇ ਜਣੇਪੇ ਦੇ ਦਿਨਾਂ ਵਿੱਚ ਔਰਤਾਂ ਚੌਂਕੇ ਅੰਦਰ ਪੈਰ ਨਹੀਂ ਪਾਉਂਦੀਆਂ। ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਚੌਂਕੇ ਵਿੱਚ ਚਮੜੇ ਦੀ ਜੁੱਤੀ ਨਹੀਂ ਲਿਜਾਈ ਜਾਂਦੀ।

ਗੁਰਬਾਣੀ ਵਿੱਚ ਇਹਦੇ ਲਈ 'ਚਉਕਾ' ਸ਼ਬਦ ਵਰਤਿਆ ਗਿਆ ਹੈ- "ਦੇ ਕੈ ਚਉਕਾ ਕਢੀ ਕਾਰ" (ਵਾਰ ਆਸਾ), "ਗੋਬਰੁ ਜੂਠਾ ਚਉਕਾ ਜੂਠਾ" (ਭਗਤ ਕਬੀਰ ਜੀ), "ਬਹਿ ਚਉਕੈ ਪਾਇਆ" (ਵਾਰ ਆਸਾ) ਭਾਵ ਜਨੇਊ ਚਉਕੇ ਵਿੱਚ ਬਹਿ ਕੇ ਪਾਇਆ। ਚੌਂਕਾ ਨਵਾਂ ਕਰਨਾ- ਵਿਆਹ ਮਗਰੋਂ ਦੀ ਰੀਤ, ਜਦੋਂ ਵਹੁਟੀ ਪਹਿਲੀ ਵਾਰ ਚੌਂਕੇ ਚੜ੍ਹਦੀ ਹੈ ਤੇ ਮਿੱਠੇ ਚੌਲ ਜਾਂ ਕੜਾਹ ਬਣਾਉਂਦੀ ਹੈ। ਚੌਂਕੇ ਚੜ੍ਹਨਾ- ਜਣੇਪੇ ਮਗਰੋਂ ਦੀ ਰੀਤ ਜਦੋਂ ਤੇਰਾਂ ਦਿਨਾਂ ਮਗਰੋਂ ਜੱਚਾ ਨਹਾ ਕੇ ਚੌਂਕੇ ਪੈਰ ਪਾਉਂਦੀ ਹੈ ਤੇ ਖਿਚੜੀ ਰਿੰਨਦੀ ਹੈ। ਚੌਂਕੇ ਪਾਉਣਾ- ਝਾੜਾ ਕਰਨ ਵੇਲੇ ਜੋਗੀ ਤੇ ਚੇਲੇ ਇੱਕ ਵੱਡਾ ਮੁਰੱਬਾ ਬਣਾ ਕੇ ਵਿੱਚ ਲਕੀਰਾਂ ਨਾਲ ਛੋਟੇ ਛੋਟੇ ਮੁਰੱਬੇ ਬਣਾਉਂਦੇ ਹਨ, ਇਨ੍ਹਾਂ ਨੂੰ ਚੌਂਕੇ ਪਾਉਣਾ ਕਿਹਾ ਜਾਂਦਾ ਹੈ। ਚੌਂਕੇ ਨਾਲ ਕਈ ਅਖਾਣ ਮੁਹਾਵਰੇ ਵੀ ਜੁੜੇ ਹੋਏ ਹਨ: ਚੌਂਕਾ ਹੋਣਾ- ਪੋਚਾ ਫੇਰਨਾ, ਚੌਂਕਾ ਪਾਉਣਾ-ਗੋਹੇ,ਮਿੱਟੀ ਨਾਲ ਲਿੰਬਣਾ,ਚੌਂਕਾ ਫਿਰ ਜਾਣਾ-ਤਬਾਹ ਹੋ ਜਾਣਾ, ਚੌਂਕਾ ਫੇਰ ਦੇਣਾ- ਖਤਮ ਕਰਨਾ, ਚੌਕਿਓਂ ਨਿਕਲੀ ਨੀਚਾਂ ਜੋਗੀ, ਚੌਕਿਓਂ ਲਹਿਣਾ- ਭਿਟਿਆ ਜਾਣਾ, ਚੌਂਕੇ ਧਲਵਾਵਣ- ਮੁਰਦਾ ਨਹਾਉਣਾ, ਚੌਂਕਾ ਭਾਂਡਾ। ਇਹ ਚੌਂਕਾ ਸ਼ਬਦ ਵੀ ਚਤੁਸ਼ੱਕ ਤੋਂ ਹੀ ਬਣਿਆ ਹੈ।

ਪ੍ਰਚੀਨ ਕਾਲ ਵਿੱਚ ਭਾਰਤੀ ਸਭਿਆਚਾਰ ਵਿੱਚ ਪਾਕ-ਕਰਮ ਨੂੰ ਬੜਾ ਪਵਿੱਤਰ ਮੰਨਿਆ ਜਾਂਦਾ ਸੀ। ਪਰਮਾਤਮਾ ਨੂੰ ਭੋਗ ਲੁਆਏ ਬਿਨਾ ਅੰਨ ਨਹੀਂ ਸੀ ਖਾਧਾ ਜਾਂਦਾ। ਇਸੇ ਕਰਕੇ ਅੰਨ੍ਹ ਪਕਾਉਣ ਵਾਲੀ ਥਾਂ ਨੂੰ ਪਵਿੱਤਰ ਰੱਖਿਆ ਜਾਂਦਾ ਸੀ। ਇਸ ਪਵਿੱਤਰ ਥਾਂ ਨੂੰ ਹੀ ਚੌਂਕਾ ਕਿਹਾ ਜਾਂਦਾ ਸੀ। ਇਸ ਤਰ੍ਹਾਂ ਸਪਸ਼ਟ ਹੈ ਕਿ ਸ਼ਬਦ ਅੰਗਲੀਆਂ ਸੰਗਲੀਆਂ ਜੋੜਦੇ ਵਿਭਿੰਨ ਅਰਥਾਂ ਤੇ ਸੱਭਿਆਚਾਰਕ ਮਦਾਂ ਵਿੱਚ ਵੱਟ ਜਾਂਦੇ ਹਨ। ਜਿਵੇਂ ਜਿਵੇਂ ਕੋਈ ਸਮਾਜ ਸੱਭਿਆਚਾਰ ਆਪਣੀਆਂ ਲੋੜਾਂ ਲਈ ਸ਼ਬਦਾਂ ਵੱਲ ਝਾਕਦਾ ਹੈ ਤਾਂ ਉਹ ਗਲਵੱਕੜੀ ਖੋਲ੍ਹ ਕੇ ਨਵੇਂ ਅਰਥਾਂ ਵਿੱਚ ਢਲ ਜਾਂਦੇ ਹਨ। ਇਹੀ ਸ਼ਬਦਾਂ ਦੀ ਸਭ ਤੋਂ ਵੱਡੀ ਖੂਬਸੂਰਤੀ ਹੈ।

## ਰਾਤ ਦੀ ਹਿੱਕ 'ਤੇ ਇਤਿਹਾਸ

ਡਾ. ਗੁਰਬਖਸ਼ ਸਿੰਘ ਭੰਡਾਲ




ਉਸ ਰਾਤ ਨੂੰ ਕੇਹਾ ਆਲਮ ਹੋਵੇਗਾ
ਜਦ ਗੁਰੂ ਗੋਬਿੰਦ ਸਿੰਘ ਨੇ
ਮਾਛੀਵਾੜੇ ਨੂੰ ਤੁਰਨ ਲੱਗਿਆਂ
ਕੱਚੀ ਗੜੀ ਨੂੰ ਨਦਰਿ ਨਿਹਾਲ ਕੀਤਾ ਹੋਵੇਗਾ
ਜਿਸਨੇ ਕੱਚੀ ਹੋ ਕੇ ਵੀ
ਪੱਕੀ ਵਰਗਾ ਸਾਥ ਨਿਭਾਇਆ।

ਉਨ੍ਹਾਂ ਦੇ ਲਲਕਾਰੇ ਨਾਲ
ਹਵਾ ਤਾਂ ਹੁਲਾਸੀ ਗਈ ਹੋਵੇਗੀ
ਦਰਖ਼ਤਾਂ ਚੌਰ ਕੀਤਾ ਹੋਵੇਗਾ
ਪਰਿੰਦਿਆਂ ਸੋਹਲੇ ਗਾਏ ਹੋਣਗੇ
ਚਾਨਣੀ ਪੈਰੀਂ ਵਿੱਛੀ ਹੋਵੇਗੀ
ਅਤੇ ਨੰਗੇ ਪੈਰਾਂ ਦੀ ਛੋਹ ਨਾਲ
ਸਰੂਰਿਆ ਗਿਆ ਹੋਵੇਗਾ ਜੰਗ ਦਾ ਮੈਦਾਨ।

ਤੁਰਿਆ ਜਾਂਦਾ ਗੁਰ-ਬਾਬਾ
ਸਾਹਿਬਜ਼ਾਦਿਆਂ ਤੇ ਸਿੰਘਾਂ ਦੀਆਂ
ਬੇਕੱਫ਼ਣੀਆਂ ਲਾਸ਼ਾਂ ਨਿਹਾਰਦਾ
ਹਿੱਕ 'ਤੇ ਲੱਗੇ ਫੱਟ ਅਤੇ
ਸੀਨੇ 'ਚ ਖੁੱਭੇ ਤੀਰ ਗਿਣਦਾ
ਲਾਡਲਿਆਂ ਦੇ ਚਿਹਰਿਆਂ 'ਚੋਂ
ਸ਼ਹਾਦਤ ਦਾ ਸ਼ੁਕਰਾਨਾ
ਤਾਂ ਜ਼ਰੂਰ ਪੜ੍ਹਦਾ ਹੋਵੇਗਾ
ਤੇ ਫਿਰ ਅਸਮਾਨ ਵੱਲ ਦੇਖਿਆ ਹੋਵੇਗਾ

ਤਾਂ ਹੀ ਉਨ੍ਹਾਂ ਮਾਛੀਵਾੜੇ ਵਿੱਚ
ਪਰਵਦਗਾਰ ਨੂੰ ਮੁਖ਼ਾਤਬ ਹੁੰਦਿਆਂ,
'ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ'
ਉਚਾਰਿਆ ਸੀ।

ਗੁਰੂ ਜੀ ਨੂੰ ਤੁਰੇ ਜਾਂਦਿਆਂ ਦੇਖ ਕੇ
ਤਾਰੇ ਜਰੂਰ ਰਸ਼ਕ ਕਰਦੇ ਹੋਣਗੇ
ਕਿ ਕੇਹਾ ਕਮਾਲ!
ਪੁੱਤ ਤੇ ਸਿੰਘ ਵਾਰ ਕੇ ਵੀ
ਚਿਹਰੇ 'ਤੇ ਜਲਾਲ।

ਉਨ੍ਹਾਂ ਦੀ ਪੈੜਚਾਲ ਦੀ ਰਾਗਣੀ 'ਚ
ਰਾਤ ਦੀ ਚੁੱਪ ਨੇ ਗੁਰ-ਉਸਤਤ ਦਾ
ਗੀਤ ਗਾਇਆ ਹੋਵੇਗਾ
ਤੇ ਉਹ ਰਾਤ ਸਦੀਆਂ ਤੀਕ
ਖ਼ੁਦ ਨੂੰ ਵਡਿਆਉਂਦੀ ਰਹੇਗੀ
ਕਿ ਰਾਤ ਦੇ ਪਿੰਡੇ 'ਤੇ ਇਤਿਹਾਸ
ਇੰਝ ਵੀ ਲਿਖਿਆ ਜਾਂਦਾ।

## ਪਿੰਡਾਂ ਦੇ ਰੁੱਖ

ਸੁਰਜੀਤ ਕੌਰ ਗਿੱਲ, ਸ਼ਿਕਾਗੋ

ਪਿੰਡਾਂ ਦੇ ਰੁੱਖਾਂ ਕੋਲੋਂ ਪੁੱਛਿਆ ਕਿਉਂ ਤੁਸੀਂ ਰੁੰਡ-ਮਰੁੰਡ
ਲਾਉਣ ਵਾਲੇ ਤੁਰ ਗਏ ਬੀਬਾ, ਰਹਿ ਗਏ ਵੱਢਣ ਜੋਗੇ
ਹੱਥ ਕੱਟੇ, ਬਾਹਵਾਂ ਕੱਟੀਆਂ, ਕੱਟਿਆ ਮੋਢੇ ਮੋਢੇ
ਕੱਟ ਕੱਟਾ ਕੇ ਸਭ ਕੁਝ, ਰਹਿ ਗਏ ਗੋਡੇ ਗੋਡੇ
ਪੀਂਘਾਂ ਪਾਉਣ ਵਾਲੀਆਂ ਗਈਆਂ ਗਿੱਧੇ ਦਾ ਨਹੀਂ ਰੌਲਾ
ਨਾ ਕੋਈ ਇੱਥੇ ਬਾਲੀ ਪਾਵੇ, ਬੋਲੀਆਂ ਦਾ ਨਹੀਂ ਰੌਲਾ।

ਰੁੱਖਾਂ ਦੀ ਗੱਲ ਸੁਣ ਕੇ ਮੈਂ ਪਿੰਡ ਵੱਲ ਗਈ ਭੱਜੀ
ਨਾ ਕੋਈ ਉੱਥੇ ਤਾਈ-ਚਾਚੀ, ਨਾ ਕੋਈ ਝਿਉਰੀ ਰੱਜੀ
ਮੈਂ ਡੌਰ ਭੌਰੀ ਜਿਹੀ ਹੋ ਗਈ, ਇਹ ਕੀ ਬਣੇ ਨਜ਼ਾਰੇ
ਨਾ ਕੋਈ ਇੱਥੇ ਬਾਗ ਕੱਢਦੀ, ਨਾ ਕੋਈ ਤ੍ਰਿੰਝਣ ਭਾਰੇ

ਨਾ ਇੱਥੇ ਗਲੀਆਂ ਵਿੱਚ ਰੌਣਕ, ਨਾ ਕੋਈ ਹਾਲੀ ਪਾਲੀ
ਨਾ ਕੋਈ ਇੱਥੇ ਗੱਡਾ ਦਿੱਸਦਾ, ਨਾ ਕੋਈ ਹਲ-ਪੰਜਾਲੀ
ਬਾਬੇ ਬੁੱਢੇ ਬੁਜ਼ਰਗ ਨੂੰ ਪੁੱਛਿਆ, ਕਿੱਥੇ ਗਏ ਨੇ ਸਾਰੇ
ਕੀ ਪੁੱਛਦੀਂ ਹੈ ਬੀਬੀ ਇਕੱਲਾ ਛੱਡ ਪਰਦੇਸੀ ਹੋ ਗਏ ਸਾਰੇ

ਜਾਹ ਬੈਠੀ ਮੈਂ ਪਿੰਡ ਦੀ ਜੂਹ ਵਿੱਚ ਝਾਕਾਂ ਚਾਰ ਚਫੇਰੇ
ਨਾ ਕੋਈ ਤਾਇਆ-ਚਾਚਾ, ਨਾ ਕੋਈ ਵੱਡ-ਵਡੇਰਾ
ਨਾ ਕੋਈ ਭਾਈ-ਭਤੀਜਾ ਇੱਥੇ, ਨਾ ਕੋਈ ਅੰਮਾ ਜਾਈ
ਨਾ ਕਿਸੇ ਨੇ ਪੁਛਿਆ ਮੈਨੂੰ ਕੌਣ? ਕਿੱਥੋਂ ਤੂੰ ਆਈ?

ਓਹੀਓ ਗਲੀਆਂ-ਕੂਚੇ, ਓਹੀਓ ਖੂਹ ਜਿੱਥੋਂ ਪਾਣੀ ਸੀ ਭਰਦੀ
ਮਿੱਟੀ ਵਿੱਚ ਸਭ ਰਿਸ਼ਤੇ ਦੱਬ ਗਏ, ਕੀ ਪਈ ਮੈਂ ਕਰਦੀ
ਅੰਦਰੋ ਇੱਕ ਹੂਕ ਨਿਕਲੀ ਭੰਨ ਗਈ ਦਰਵਾਜ਼ੇ
ਚੱਲ ਮਨਾ ਉਠ ਚਲੀਏ! ਇੱਥੇ ਝੂਠੇ ਨੇ ਸਭ ਵਾਅਦੇ।

# ਹਸਨ ਖ਼ਾਂ, ਚੂਹੜ ਰਬਾਬੀ, ਸਾਈਂ ਦੌਲੇ ਸ਼ਾਹ, ਬਾਬਕ ਰਬਾਬੀ, ਖ਼ਵਾਜ਼ਾ ਰੌਸ਼ਨ

**'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'**

ਅਲੀ ਰਾਜਪੁਰਾ
ਫੋਨ:+91-9417679302




**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਹਸਨ ਖ਼ਾਂ, ਚੂਹੜ ਰਬਾਬੀ, ਸਾਈਂ ਦੌਲੇ ਸ਼ਾਹ, ਬਾਬਕ ਰਬਾਬੀ, ਖ਼ਵਾਜ਼ਾ ਰੌਸ਼ਨ ਬਾਰੇ ਸੰਖੇਪ ਵੇਰਵਾ ਹੈ...**

## ਹਸਨ ਖ਼ਾਂ

ਹਸਨ ਖ਼ਾਂ ਇੱਕ ਸੂਹੀਆ ਸੀ। ਲਲਾਬੇਗ ਨੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਗੁਰੂ ਜੀ ਅਤੇ ਉਨ੍ਹਾਂ ਦੀਆਂ ਫ਼ੌਜਾਂ ਦੀ ਸੂਹ ਲੈਣ ਤੋਰਿਆ ਸੀ। ਇਹ ਸਿੱਖੀ ਭੇਖ 'ਚ ਅੰਮ੍ਰਿਤਸਰ ਵਿਖੇ ਲੰਮਾ ਸਮਾਂ ਰਿਹਾ। ਇਹ ਘਟਨਾ ਕੁਝ ਇਸ ਤਰ੍ਹਾਂ ਘਟੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਇੱਕ ਸਿੱਖ ਸਾਧਾ ਨੂੰ ਚੰਗੀ ਨਸਲ ਦੇ ਘੋੜੇ ਲੈਣ ਲਈ ਤੋਰਿਆ ਸੀ, ਜੋ ਘੋੜਿਆਂ ਦੀ ਭਾਲ ਕਰਦਾ-ਕਰਦਾ ਇਰਾਕ ਜਾ ਪਹੁੰਚਿਆ। ਉਥੋਂ ਉਸ ਨੇ ਦੋ ਵਧੀਆ ਨਸਲ ਦੇ ਘੋੜੇ ਖ਼ਰੀਦ ਕੇ ਵਾਪਸੀ ਲਈ ਚਾਲੇ ਪਾ ਦਿੱਤੇ। ਜਦੋਂ ਉਹ ਲਾਹੌਰ ਪਹੁੰਚਿਆ ਤਾਂ ਉਥੋਂ ਦੇ ਗਵਰਨਰ ਖ਼ਲੀਲ ਬੇਗ਼ ਦੇ ਸਿਪਾਹੀ ਕਾਸ਼ਮ ਬੇਗ਼ ਨੇ ਇਹ ਘੋੜੇ ਖੋਹ ਕੇ ਸ਼ਾਹੀ ਤਬੇਲੇ ਵਿੱਚ ਬੰਨ੍ਹ ਦਿੱਤੇ। ਸਾਧਾ ਨੇ ਸਾਰੀ ਘਟਨਾ ਗੁਰੂ ਸਾਹਿਬ ਨਾਲ ਸਾਂਝੀ ਕੀਤੀ ਤਾਂ ਗੁਰੂ ਜੀ ਨੇ ਆਪਣੇ ਸਿੱਖ ਬਿਧੀ ਚੰਦ ਨੂੰ ਇਹ ਘੋੜੇ ਵਾਪਿਸ ਆਪਣੇ ਕੋਲ਼ ਲਿਆਉਣ ਦਾ ਹੁਕਮ ਦਿੱਤਾ। ਬਿਧੀ ਚੰਦ ਨੇ ਚਲਾਕੀ ਨਾਲ ਲਾਹੌਰ ਦੇ ਸ਼ਾਹੀ ਤਬੇਲੇ ਵਿੱਚ ਨੌਕਰੀ ਕਰ ਲਈ, ਜਿੱਥੇ ਉਹ ਮੌਕਾ ਮਿਲਦਿਆਂ ਹੀ ਘੋੜਿਆਂ ਨੂੰ ਲੈ ਕੇ ਗੁਰੂ ਸਾਹਿਬ ਕੋਲ ਪਹੁੰਚਿਆ। ਜਦੋਂ ਲਾਹੌਰ ਦੇ ਗਵਰਨਰ ਖ਼ਲੀਲ ਬੇਗ ਨੂੰ ਪਤਾ ਲੱਗਿਆ ਕਿ ਤਬੇਲੇ ਵਿੱਚੋਂ ਦੋ ਘੋੜੇ ਗੁਰੂ ਦਾ ਸਿੱਖ ਲੈ ਗਿਆ ਹੈ ਤਾਂ ਉਸ ਨੇ ਕਾਬਲ ਦੇ ਸੂਬੇਦਾਰ ਲਲਾਬੇਗ ਨੂੰ ਹੁਕਮ ਦਿੱਤਾ ਕਿ ਉਹ ਸ਼ਾਹੀ ਫ਼ੌਜ ਨਾਲ ਲਿਜਾ ਕੇ ਉਹ ਘੋੜੇ ਮੁੜ ਤਬੇਲੇ ਵਿੱਚ ਲੈ ਕੇ ਆਵੇ। ਸੂਬੇਦਾਰ ਲਲਾਬੇਗ ਗਵਰਨਰ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਗੁਰੂ ਜੀ ਦੇ ਪਿੱਛੇ ਮਹਿਰਾਜ (ਬਠਿੰਡਾ) ਕੋਲ਼ ਆਣ ਪਹੁੰਚਿਆ ਤੇ ਉਸ ਨੇ ਸ਼ਾਹੀ ਫ਼ੌਜ ਦੇ ਸੂਹੀਏ ਹਸਨ ਖ਼ਾਂ ਰਾਹੀਂ ਗੁਰੂ ਜੀ ਅਤੇ ਫ਼ੌਜਾਂ ਦੀ ਸੂਹ ਲੈਣੀ ਚਾਹੀ, ਪਰ ਜੋਧ ਸ਼ਾਹ ਸਿੱਖ ਨੇ ਹਸਨ ਖ਼ਾਂ ਨੂੰ ਭੇਦ ਇਕੱਠੇ ਕਰਦੇ ਹੋਏ ਰੰਗੇ ਹੱਥੀਂ ਫੜ ਲਿਆ ਤੇ ਗੁਰੂ ਸਾਹਮਣੇ ਪੇਸ਼ ਕੀਤਾ। ਜਦੋਂ ਹਸਨ ਖ਼ਾਂ ਨੂੰ ਗੁਰੂ ਸਾਹਮਣੇ ਪੇਸ਼ ਕੀਤਾ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ ਕਿ "ਸਾਡਾ ਕੋਈ ਭੇਦ ਗੁੱਝਾ ਨਹੀਂ, ਆਹ ਫ਼ੌਜ ਕਮਜ਼ੋਰਾਂ ਦੀ ਰਾਖੀ ਲਈ ਹੈ, ਜਿਹੜੇ ਭੇਦ ਤੂੰ ਹੁਣ ਤੱਕ ਦੇਖੇ ਹਨ ਉਹ ਸੱਚੋ-ਸੱਚ ਆਪਣੇ ਮਾਲਕ ਨੂੰ ਦੱਸ ਦੇਵੀਂ...।"

ਹਸਨ ਖ਼ਾਂ ਨੇ ਜੋ ਦੇਖਿਆ ਉਹ ਹੂਬਹੂ ਲਲਾਬੇਗ ਨੂੰ ਦੱਸਿਆ ਕਿ ਉਹ ਨਿਡਰ-ਨਿਰਭੈਅ ਸੂਰਬੀਰ ਹਨ ਤੇ ਉਹ ਹਰ ਧਰਮ, ਮਨੁੱਖ ਨੂੰ ਇੱਕ ਸਮਾਨ ਦੇਖਦੇ ਹਨ। ਉਨ੍ਹਾਂ ਦੀਆਂ ਫ਼ੌਜਾਂ ਹਰ ਭੈੜੀ ਵੱਡੀ ਤੋਂ ਵੱਡੀ ਮੁਸੀਬਤ ਨਾਲ ਵੀ ਲੜਨ ਲਈ ਤਿਆਰ-ਬਰ-ਤਿਆਰ ਰਹਿੰਦੀਆਂ ਹਨ। ਉਨ੍ਹਾਂ ਦੇ ਮਨਾਂ 'ਚ ਕਿਸੇ ਪ੍ਰਕਾਰ ਦਾ ਕੋਈ ਭੈਅ ਨਹੀਂ ਹੈ, ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ। ਸੂਬੇਦਾਰ ਲਲਾਬੇਗ ਮਹਾਂ-ਜ਼ਿੱਦੀ ਸੀ। ਜਦੋਂ ਹਸਨ ਖ਼ਾਂ ਦੇ ਮੂੰਹੋਂ ਗੁਰੂ ਦੀ ਪ੍ਰਸ਼ੰਸਾ ਸੁਣੀ ਤਾਂ ਉਹ ਗੁੱਸੇ ਵਿੱਚ ਲਾਲ-ਪੀਲ਼ਾ ਹੋ ਗਿਆ। ਲੱਗਦੇ ਹੱਥੀਂ ਨਾਲ ਹੀ ਕਾਜ਼ੀ ਬਹਿਲੋਲ ਖ਼ਾਨ ਨੇ ਬਲ਼ਦੀ 'ਤੇ ਤੇਲ ਪਾਉਂਦਿਆਂ ਕਿਹਾ, "ਇਹ ਦੇਖੋ ਕਾਫ਼ਰਾਂ ਦੀ ਤਾਰੀਫ਼ ਕਰ ਰਿਹਾ ਹੈ, ਇਹ ਵੀ ਕਾਫ਼ਰ ਹੀ ਬਣ ਗਿਆ ਹੈ।" ਦੁਸ਼ਮਣਾਂ ਪਾਸੋਂ ਵੱਢੀ ਲੈ ਕੇ ਉਨ੍ਹਾਂ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹ ਕੇ ਸਾਡੀਆਂ ਫ਼ੌਜਾਂ ਦਾ ਹੌਸਲਾ ਪਸਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।"

ਨਵਾਬ ਪਹਿਲਾਂ ਹੀ ਮੱਚਿਆ ਬੈਠਾ ਸੀ, ਉੱਤੋਂ ਹਸਨ ਖ਼ਾਂ ਨੇ ਗੁਰੂ ਦੀ ਮਹਿਮਾ ਸੁਣਾ ਕੇ ਹੋਰ ਗੁੱਸਾ ਚੜ੍ਹਾਅ ਦਿੱਤਾ। ਨਵਾਬ ਨੇ ਹਸਨ ਖ਼ਾਂ ਦੇ ਚਾਬਕਾਂ ਮਾਰੀਆਂ ਤੇ ਸ਼ਾਹੀ ਫ਼ੌਜ ਵਿੱਚੋਂ ਕੱਢ ਦਿੱਤਾ। ਹਸਨ ਖ਼ਾਂ ਨੂੰ ਕਾਫ਼ੀ ਦੁੱਖ ਲੱਗਾ ਤੇ ਉਹ ਦੁਖੀ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਨ 'ਚ ਜਾ ਪਹੁੰਚਿਆ ਤਾਂ ਗੁਰੂ ਸਾਹਿਬ ਨੇ ਉਸਨੂੰ ਹੌਸਲਾ ਦਿੱਤਾ ਕਿ ਤੂੰ ਦੁੱਖ ਨਾ ਮੰਨਾਅ, ਅਸੀਂ ਤੈਨੂੰ ਲਲਾਬੇਗ ਦੀ ਜਗ੍ਹਾ ਕਾਬਲ ਦਾ ਸੂਬੇਦਾਰ ਬਣਾਵਾਂਗੇ। ਹਸਨ ਖ਼ਾਂ ਗੁਰੂ ਜੀ ਦੀ ਫਰਾਖ਼ਦਿਲੀ ਦੇਖ ਕੇ ਉਨ੍ਹਾਂ ਦਾ ਪੱਕਾ ਮੁਰੀਦ ਬਣ ਗਿਆ।



ਗੁਰਦੁਆਰਾ ਗਰਨਾ ਸਾਹਿਬ (ਜ਼ਿਲ੍ਹਾ ਹੁਸ਼ਿਆਰਪੁਰ)

## ਚੂਹੜ ਰਬਾਬੀ

ਦੱਸਿਆ ਜਾਂਦਾ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਤੋਂ ਹੁੰਦੇ ਹੋਏ ਲੰਘ ਰਹੇ ਸੀ ਤਾਂ ਜੰਗਲ ਵਿੱਚੋਂ ਗਰਨੇ ਦਾ ਸੁੱਕਾ ਛਾਪਾ ਗੁਰੂ ਜੀ ਦੇ ਝੋਲ਼ੇ ਨੂੰ ਲੱਗ ਗਿਆ। ਗੁਰੂ ਜੀ ਉੱਥੇ ਹੀ ਘੋੜੇ ਤੋਂ ਉਤਰ ਕੇ ਸਾਥੀਆਂ ਨੂੰ ਹੁਕਮ ਦਿੱਤਾ ਕਿ ਇਸ ਗਰਨੇ ਦੇ ਛਾਪੇ ਨੂੰ ਜ਼ਮੀਨ ਵਿੱਚ ਗੱਡ ਦਿਓ ਤੇ ਜਦੋਂ ਉਹ ਗੱਡਿਆ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਚਨ ਦਿੱਤਾ, "ਕਿ ਤੂੰ ਸਾਨੂੰ ਅਟਕਾਇਆ ਹੈ ਤੇ ਹਰਾ ਹੋਵੇਂਗਾ ਤੇ ਸੰਸਾਰਕ ਜੀਵਾਂ ਦੀਆਂ ਰੁਕਾਵਟਾਂ ਕੱਟੇਂਗਾ।"

ਗੁਰੂ ਜੀ ਅੱਗੇ ਨਿਕਲ ਗਏ। ਵਕਤ ਚਲਦਾ ਰਿਹਾ। ਮੁੜ ਜਦੋਂ ਅੱਠ ਸਾਲ ਮਗਰੋਂ ਗੁਰੂ ਜੀ ਉਸ ਥਾਂ ਤੋਂ ਗੁਜ਼ਰੇ ਤਾਂ ਉਹ ਗਰਨਾ ਹਰਾ ਹੋ ਕੇ ਰੁੱਖ ਬਣ ਚੁਕਾ ਸੀ। ਇਸ ਥਾਂ ਗੁਰੂ ਜੀ ਲੰਮਾਂ ਸਮਾਂ ਰੁਕੇ ਤੇ ਕੀਰਤਨ ਕੀਤਾ ਅਤੇ ਉਨ੍ਹਾਂ ਨਾਲ ਰਬਾਬ ਵਜਾਉਣ ਵਾਲਾ ਪਿੰਡ ਬੋਦਲ ਤਹਿਸੀਲ ਦਸੂਹਾ ਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਚੂਹੜ ਰਬਾਬੀ ਸੀ। ਗੁਰੂ ਜੀ ਨੇ ਖ਼ੁਸ਼ ਹੋ ਕੇ ਇੱਕ ਰਬਾਬ ਚੂਹੜ ਨੂੰ ਦੇ ਦਿੱਤੀ। ਉਂਜ ਚੂਹੜ ਮੀਰਆਲਮ ਘਰਾਣੇ ਨਾਲ ਸਬੰਧ ਰੱਖਦਾ ਸੀ। ਹੁਣ ਉਨ੍ਹਾਂ ਦੀਆਂ ਪੀੜ੍ਹੀਆਂ ਸਿੰਘ ਸਜ ਚੁੱਕੀਆਂ ਹਨ। ਅੱਜਕੱਲ੍ਹ ਇਹ ਪਰਿਵਾਰ ਪੰਥ ਦੀ ਸੇਵਾ ਨਿਭਾਅ ਰਿਹਾ ਹੈ। ਗਰਨੇ ਵਾਲ਼ੀ ਥਾਂ ਗੁਰਦੁਆਰਾ ਗਰਨਾ ਸਾਹਿਬ ਬਣਿਆ ਹੋਇਆ ਹੈ।

## ਸਾਈਂ ਦੌਲੇ ਸ਼ਾਹ

ਪਾਕਿਸਤਾਨ ਦੇ ਮਸ਼ਹੂਰ ਸ਼ਹਿਰ ਗੁਜਰਾਤ ਦਾ ਵਾਸੀ ਸੀ ਸਾਈਂ ਦੌਲੇ ਸ਼ਾਹ, ਜਿਨ੍ਹਾਂ ਦਾ ਜਨਮ ਅਬਦੁਲ ਰਹੀਮ ਖ਼ਾਂ ਲੋਧੀ ਦੇ ਘਰ 1581 ਈ. ਨੂੰ ਹੋਇਆ। ਉਸ ਵੇਲ਼ੇ ਪੀਰ ਦੌਲੇ ਸ਼ਾਹ ਦੀ ਕਾਫ਼ੀ ਮੰਨਤ ਸੀ ਅਤੇ ਇਨ੍ਹਾਂ ਦੇ ਵਰ ਨਾਲ ਮਾਂਵਾਂ ਦੀ ਕੁੱਖ ਸੁਲੱਖਣੀ ਹੁੰਦੀ ਸੀ ਅਤੇ ਪੈਦਾ ਹੋਇਆ ਬੱਚਾ ਮਾਪੇ ਸਾਈਂ ਦੌਲੇ ਸ਼ਾਹ ਕੋਲ਼ ਛੱਡ ਜਾਂਦੇ ਸਨ। ਨਵੇਂ ਬਾਜ਼ਾਰ ਨੇੜੇ ਇਨ੍ਹਾਂ ਦਾ ਮਕਬਰਾ ਸੀ, ਜਿੱਥੇ ਕਾਫ਼ੀ ਮਜਾਵਰ ਰਹਿੰਦੇ ਸਨ। ਪੈਦਾ ਹੋਏ ਬੱਚਿਆਂ ਨੂੰ ਮਜਾਵਰ ਆਪਣੇ ਨਾਲ ਲਿਜਾ ਕੇ ਪਿੰਡਾਂ 'ਚੋਂ ਉਗਰਾਹੀ ਕਰਕੇ ਮਕਬਰੇ 'ਚ ਲੰਗਰ ਦਾ ਪ੍ਰਬੰਧ ਕਰਦੇ ਸਨ। ਜਦੋਂ 1621 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਕਸ਼ਮੀਰ ਨੂੰ ਜਾਂਦੇ ਹੋਏ ਗੁਜਰਾਤ ਸ਼ਹਿਰ ਵਿਚੋਂ ਲੰਘਣ ਦੀ ਖ਼ਬਰ ਸਾਈਂ ਦੌਲੇ ਸ਼ਾਹ ਨੂੰ ਹੋਈ ਤਾਂ ਉਸ ਨੇ ਚੌਖਟਾ ਰੁਪਿਆ ਰੱਖ ਕੇ ਖ਼ਿਮਾ ਮੰਗੀ ਤੇ ਕਿਹਾ ਕਿ "ਮੈਨੂੰ ਆਪਣੇ ਲੜ ਲਾ ਲਓ...।" ਗੁਰੂ ਸਾਹਿਬ ਨੇ ਬੇਨਤੀ ਪ੍ਰਵਾਨ ਕਰਦਿਆਂ ਬਖ਼ਸ਼ਿਸ਼ ਕੀਤੀ ਤੇ ਕਿਹਾ ਕਿ ਭੋਲ਼ੀ-ਭਾਲੀ ਜਨਤਾ ਨੂੰ ਵਹਿਮਾਂ-ਭਰਮਾਂ 'ਚੋਂ ਕੱਢਿਆ ਕਰੋ।

## ਬਾਬਕ ਰਬਾਬੀ

ਬਾਬਕ ਰਬਾਬੀ ਦਾ ਗੁਰੂ ਘਰ ਨਾਲ ਬੇਅੰਤ ਸਨੇਹ ਸੀ, ਭਾਵੇਂ ਉਹ ਮੁਸਲਮਾਨ ਧਰਮ ਨਾਲ ਸਬੰਧ ਰੱਖਦਾ ਸੀ। ਉਂਝ ਫਾਰਸੀ ਭਾਸ਼ਾ ਅਨੁਸਾਰ ਬਾਬਕ ਦਾ ਅਰਥ ਵਿਸ਼ਵਾਸ ਪਾਠਕ ਬਣਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜਿੱਥੇ ਵੀ ਕੀਰਤਨ ਕਰਦੇ ਤਾਂ ਉਨ੍ਹਾਂ ਦਾ ਗੁਰੂ ਜੀ ਨਾਲ ਪਿਆਰ ਦੇਖਣ ਵਾਲ਼ਾ ਹੁੰਦਾ ਸੀ। ਯੁੱਧ ਦੇ ਮੈਦਾਨ ਦੌਰਾਨ ਵੀ ਬਾਬਕ ਰਬਾਬੀ ਜੀ ਗੁਰੂ ਸਾਹਿਬ ਨਾਲ ਰਹੇ। ਗੁਰੂ ਹਰਿਗੋਬਿੰਦ ਸਾਹਿਬ ਨੂੰ ਬੀਬੀ ਵੀਰੋ ਦੀ ਸ਼ਾਦੀ ਸਮੇਂ ਮੁਗ਼ਲ ਫ਼ੌਜਾਂ ਦੇ ਹਮਲੇ ਕਾਰਨ ਸ਼ਾਦੀ ਵਿੱਚ ਕਿਸੇ ਤਰ੍ਹਾਂ ਦੀ ਵਿਘਨ ਪੈਣ ਤੋਂ ਬਚਾਉਣ ਲਈ ਅੰਮ੍ਰਿਤਸਰ ਤੋਂ ਝਬਾਲ ਭੇਜਣ ਲਈ ਆਪਣਾ ਸਭ ਤੋਂ ਵੱਧ ਵਿਸ਼ਵਾਸ ਪਾਤਰ ਬਾਬਕ ਰਬਾਬੀ ਨਜ਼ਰ ਆਇਆ ਸੀ ਤੇ ਗੁਰੂ ਸਾਹਿਬ ਨੇ ਬਹੁਤ ਸੁਹਣਾ ਤੇ ਕੀਮਤੀ ਘੋੜਾ ਦੇ ਕੇ ਇਹ ਜ਼ਿੰਮੇਵਾਰੀ ਬਾਬਕ ਰਬਾਬੀ ਨੂੰ ਸੌਂਪੀ ਅਤੇ ਬਾਬਕ ਨੇ ਪੂਰੀ ਇਮਾਨਦਾਰੀ ਤੇ ਵਫ਼ਾਦਾਰੀ ਨਾਲ ਆਪਣੀ ਜਾਨ ਦੀ ਪ੍ਰਵਾਹ ਨਾ ਕੀਤੇ ਬਿਨਾਂ ਨਿਭਾਈ। ਬੀਬੀ ਵੀਰੋ ਨੂੰ ਮੁਗ਼ਲਾਂ ਦੇ ਘੇਰੇ ਵਿੱਚੋਂ ਕੱਢ ਕੇ ਗੁਰੂ ਕੇ ਮਹਿਲ ਅੰਮ੍ਰਿਤਸਰ ਤੋਂ ਝਬਾਲ ਪਹੁੰਚਾ ਦਿੱਤਾ।

ਬਾਬਕ ਜੀ ਦੇ ਚਾਰੋਂ ਪੁੱਤਰਾਂ ਦਾ ਵੀ ਗੁਰੂ ਘਰ ਨਾਲ ਪਿਆਰ ਸੀ। ਬਾਬਕ ਰਬਾਬੀ ਨੂੰ ਸਿੱਖ ਇਤਿਹਾਸ ਵਿੱਚ ਬਹੁਤ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਸਾਹਿਬ ਨੂੰ ਕੋਮਲ ਕਲਾ ਸੰਗੀਤ ਦੀ ਵੀ ਸੂਝ ਸੀ, ਉਨ੍ਹਾਂ ਦੀਆਂ ਨੌਂ ਵਾਰਾਂ ਦੀਆਂ ਧੁਨੀਆਂ ਦਰਜ ਕੀਤੀਆਂ ਮਿਲਦੀਆਂ ਹਨ। ਬਾਬਕ ਨੂੰ ਗੁਰੂ ਜੀ ਦਾ ਸੱਚਾ-ਸੁੱਚਾ ਸਿੱਖ ਕਹਿ ਲੈਣਾ ਅਤਿਕਥਨੀ ਨਹੀਂ ਹੋਵੇਗੀ। ਭਾਈ ਬਾਬਕ ਜੀ ਦਾ ਅੰਤਿਮ ਸਮਾਂ ਨੇੜੇ ਆਇਆ ਤਾਂ ਉਨ੍ਹਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਚਾਰੇ ਪੁੱਤਰਾਂ 'ਤੇ ਵੀ ਇਸੇ ਤਰ੍ਹਾਂ ਹੱਥ ਰੱਖਣ ਜਿਵੇਂ ਮੇਰੇ ਸਿਰ 'ਤੇ ਰੱਖਿਆ ਹੈ।" ਗੁਰੂ ਜੀ ਨੇ ਹੌਸਲਾ ਦਿੰਦਿਆਂ ਕਿਹਾ ਸੀ ਕਿ "ਇਹ ਦਿਨ ਹਰ ਕਿਸੇ 'ਤੇ ਆਉਣਾ ਐ, ਇਥੇ ਕਿਸੇ ਨੇ ਨਹੀਂ ਰਹਿਣਾ, ਬਸ ਨਾਮ-ਸਿਮਰਨ ਨਾਲ ਹੀ ਸੁਖ ਭੋਗਿਆ ਜਾ ਸਕਦਾ ਹੈ। ਜੇ ਤੇਰੇ ਪੁੱਤਰ ਵੀ ਗੁਰੂ ਲੜ ਲੱਗਣਗੇ ਤਾਂ ਸੁਖ ਹੰਢਾਉਣਗੇ। ਜਿਨ੍ਹਾਂ ਕੋਲ ਗੁਰੂ ਦਾ ਸ਼ਬਦ ਐ, ਉਨ੍ਹਾਂ ਨੂੰ ਕੋਈ ਕਮੀ ਨਹੀਂ ਆਵੇਗੀ..।"

ਬਾਬਕ ਰਬਾਬੀ ਨੇ 1642 ਈ. ਵਿੱਚ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਗੁਰੂ ਦੇ ਚਰਨਾਂ 'ਚ ਪ੍ਰਾਣ ਤਿਆਗੇ ਅਤੇ ਬਾਬਕ ਨੂੰ ਬਿਆਸ ਦਰਿਆ ਦੇ ਕੰਢੇ ਦਫ਼ਨਾਇਆ ਗਿਆ। ਦੱਸਿਆ ਜਾਂਦਾ ਹੈ ਕਿ ਬਾਬਕ ਰਬਾਬੀ ਦਾ ਪਰਿਵਾਰ ਲਾਹੌਰ (ਪਾਕਿਸਤਾਨ) ਵਿੱਚ ਰਹਿ ਰਿਹਾ ਹੈ।

## ਖ਼ਵਾਜ਼ਾ ਰੌਸ਼ਨ

ਮੁਸਲਮਾਨ ਫ਼ਕੀਰ ਸੀ, ਖ਼ਵਾਜ਼ਾ ਰੌਸ਼ਨ। ਉਹ ਗੁਰੂ ਹਰਿਗੋਬਿੰਦ ਸਾਹਿਬ ਦੀ ਮਹਿਮਾ ਸੁਣ ਕੇ ਆਇਆ ਸੀ ਤੇ ਗੁਰੂ ਜੀ ਪਾਸੋਂ ਗੁਰੂ ਘਰ ਦੀ ਸੇਵਾ ਮੰਗੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਘੋੜਿਆਂ ਦੀ ਸੇਵਾ ਸੌਂਪੀ। ਉਹ ਚਾਹੁੰਦਾ ਸੀ ਕਿ ਗੁਰੂ ਜੀ ਦਾ ਨੂਰਾਨੀ ਚਿਹਰਾ ਹਮੇਸ਼ਾ ਉਸ ਦੀਆਂ ਨਜ਼ਰਾਂ ਸਾਹਮਣੇ ਰਵ੍ਹੇ। ਉਹ ਹਮੇਸ਼ਾ ਗੁਰੂ ਜੀ ਨੂੰ ਦੇਖ ਕੇ ਖ਼ੁਸ਼ ਰਹਿੰਦਾ ਸੀ। ਗੁਰੂ ਜੀ ਦੇ ਘੋੜੇ ਦਾ ਵਿਸ਼ੇਸ਼ ਧਿਆਨ ਰੱਖਦਾ। ਇੱਕ ਦਿਨ ਗੁਰੂ ਜੀ ਤਿਆਰ ਹੋ ਕੇ ਜਾਣ ਲੱਗੇ ਤਾਂ ਦੱਸਿਆ ਜਾਂਦਾ ਹੈ, ਖ਼ਵਾਜ਼ਾ ਰੌਸ਼ਨ ਨੂੰ ਇਉਂ ਮਹਿਸੂਸ ਹੋਇਆ ਕਿ ਗੁਰੂ ਜੀ ਉਸ ਤੋਂ ਦੂਰ ਹੋਣ ਜਾ ਰਹੇ ਹਨ। ਉਹ ਗੁਰੂ ਜੀ ਦੇ ਪਿੱਛੇ-ਪਿੱਛੇ ਦੌੜਨ ਲੱਗਾ। ਉਹ ਇਸ ਤਰ੍ਹਾਂ ਕਈ ਮੀਲ ਭੱਜਦਾ ਰਿਹਾ। ਜਦੋਂ ਗੁਰੂ ਜੀ ਨੇ ਉਸ ਨੂੰ ਪੁੱਛਿਆ ਕਿ ਉਹ ਪਿੱਛੇ-ਪਿੱਛੇ ਕਿਉਂ ਭੱਜਿਆ ਆ ਰਿਹਾ ਹੈ? ਉਸ ਨੇ ਆਪਣੇ ਦਿਲ ਵਿਚਲੇ ਝੋਰੇ ਨੂੰ ਜ਼ਾਹਰ ਕੀਤਾ। ਗੁਰੂ ਜੀ ਨੇ ਇੰਨਾ ਸੁਣ ਆਪਣੀ ਛਾਤੀ ਨਾਲ ਲਾਇਆ ਤੇ ਉਸ ਨੂੰ ਧਰਮ ਪ੍ਰਚਾਰ ਲਈ ਦੁਆਬੇ ਵੱਲ ਤੋਰਿਆ ਤਾਂ ਜੋ ਖ਼ਵਾਜ਼ਾ ਰੌਸ਼ਨ ਪਰਮਾਤਮਾ ਦੀ ਰੌਸ਼ਨੀ ਨਾਲ ਅੰਧ-ਵਿਸ਼ਵਾਸ ਤੇ ਭਟਕਣਾਂ ਦੇ ਘੇਰੇ ਨੂੰ ਦੂਰ ਕਰ ਸਕੇ। ਖ਼ਵਾਜ਼ਾ ਰੌਸ਼ਨ ਨੇ ਗੁਰੂ ਜੀ ਦੇ ਹੁਕਮ ਦੀ ਤਾਮੀਰ ਕਰਦਿਆਂ ਨਗਰ-ਨਗਰ, ਦਰ-ਦਰ ਫਿਰ ਕੇ ਪਰਮਾਤਮਾ ਦੀ ਬਾਤ ਪਾਈ। ਜ਼ਿਲ੍ਹਾ ਜਲੰਧਰ ਤੇ ਫਿਲੌਰ ਤਹਿਸੀਲ ਦੇ ਮਸ਼ਹੂਰ ਪਿੰਡ ਮਾਊ ਸਾਹਿਬ ਵਿਖੇ ਇਸ ਨੇ ਪੱਕਾ ਟਿਕਾਣਾ ਬਣਾ ਲਿਆ, ਜਿੱਥੇ ਅੱਜਕਲ੍ਹ ਇਸ ਦੀ ਮਜ਼ਾਰ ਬਣੀ ਹੋਈ ਹੈ।

3E Tours Offers
ਯਾਤਰਾ ਸ੍ਰੀ ਨਨਕਾਣਾ ਸਾਹਿਬ
ਪੰਜਾਬ-ਪਾਕਿਸਤਾਨ ਦੇ ਪ੍ਰਮੁੱਖ ਧਾਰਮਿਕ ਅਸਥਾਨਾਂ ਦੀ ਯਾਤਰਾ



A Journey of Hearts' desire Yatra of prominent holy Sikh Shrines in the Punjab-Pakistan
- Meticulously arranged & superbly conducted by a team of experienced tour operators.
- Affordable Package Price which includes Air Fare, Hotel Accommodation, Food and Transportation.

22 to 30 November 2023

For contact please:
3E Tours
Explore–Experience–Enjoy
Whatsapp:
USA (443) 362-9209
asjadghani581@gmail.com

# ਕੈਨੇਡਾ ਵਿੱਚ ਪੰਜਾਬੀਆਂ ਦੀ ਗੱਲ



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008




**ਬੜੀ ਹੀ ਮਹੱਤਵਪੂਰਨ ਤੇ ਦਿਲਚਸਪ ਗੱਲ ਹੈ ਕਿ ਸੰਨ 1911 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਇਲਾਕੇ 'ਚ ਬਣਾਏ ਗਏ ਗੁਰਦੁਆਰਾ 'ਗੁਰਸਿੱਖ ਟੈਂਪਲ' ਨੂੰ ਸੰਨ 2002 ਵਿੱਚ 'ਕੈਨੇਡਾ ਦੇ ਇਤਿਹਾਸਕ ਮਹੱਤਵ ਵਾਲੇ ਮਹੱਤਵਪੂਰਨ ਸਥਾਨਾਂ ਦੀ ਸੂਚੀ' ਵਿੱਚ ਸ਼ਾਮਿਲ ਕਰ ਲਿਆ ਗਿਆ ਸੀ।**

ਭਾਰਤੀ ਪੰਜਾਬ ਦੇ ਲੋਕ ਇਹ ਮੰਨਦੇ ਹਨ ਕਿ ਕੈਨੇਡਾ ਇੱਕ ਖ਼ੁਸ਼ਹਾਲ ਮੁਲਕ ਹੈ ਤੇ ਇਹ ਮੁਲਕ ਉੱਥੇ ਜਾਣ ਵਾਲੇ ਪੰਜਾਬੀਆਂ ਦੇ ਜੀਵਨ ਨੂੰ ਖ਼ੁਸ਼ਹਾਲ ਤੇ ਸੁੱਖਾਂ ਭਰਿਆ ਬਣਾ ਸਕਦਾ ਹੈ। ਇਸੇ ਆਸ ਜਾਂ ਮੁਗਾਲਤੇ 'ਚ ਹਰ ਮਹੀਨੇ ਸੈਂਕੜੇ ਪੰਜਾਬੀ ਨੌਜਵਾਨ ਪੜ੍ਹਾਈ ਦੇ ਨਾਂ ਉਤੇ ਅਤੇ ਕਈ ਹੋਰ ਪੰਜਾਬੀ ਕਿਸਾਨ, ਕਾਰੋਬਾਰੀ, ਡਾਕਟਰ, ਇੰਜੀਨੀਅਰ ਤੇ ਹੋਰ ਪ੍ਰੋਫ਼ੈਸ਼ਨਲਜ਼ ਆਪਣੀ ਜਨਮ ਭੋਇੰ ਛੱਡ ਕੇ ਕੈਨੇਡਾ 'ਚ ਪਰਵਾਸ ਹੰਢਾਉਣ ਦੇ ਰਾਹ ਪੈ ਰਹੇ ਹਨ। ਇੱਕ ਕੌੜਾ ਸੱਚ ਇਹ ਵੀ ਹੈ ਕਿ ਕੈਨੇਡਾ ਵੀ ਹੁਣ ਕਰਜ਼ੇ ਦੇ ਬੋਝ ਹੇਠਾਂ ਦੱਬਿਆ ਜਾ ਰਿਹਾ ਹੈ ਤੇ ਉੱਥੇ ਜਾ ਕੇ ਕਰਨ ਲਈ ਕੋਈ ਢੰਗ ਦਾ ਕੰਮ ਲੱਭਣਾ ਹੁਣ ਆਸਾਨ ਨਹੀਂ ਰਿਹਾ ਹੈ। ਵਰਤਮਾਨ ਸਮੇਂ 'ਚ ਕੈਨੇਡਾ ਜਾ ਰਹੇ ਪੰਜਾਬ ਵਾਸੀਆਂ ਨੂੰ ਉੱਥੇ ਜਾ ਕੇ ਹੱਡ-ਭੰਨਵੀਂ ਮਿਹਨਤ ਨਾਲ ਕਮਾਈ ਕਰਕੇ ਆਪਣਾ ਗੁਜ਼ਾਰਾ ਸੌਖਾ ਕਰਨ ਅਤੇ ਪਿੱਛੇ ਪੰਜਾਬ 'ਚ ਰਹਿੰਦੇ ਪਰਿਵਾਰਕ ਜੀਆਂ ਨੂੰ ਵੱਖ-ਵੱਖ ਕਾਰਜਾਂ ਲਈ ਪੈਸੇ ਭੇਜਣ ਦਾ ਸਿਲਸਿਲਾ ਹੁਣ ਕਾਫੀ ਔਖਾ ਹੁੰਦਾ ਜਾ ਰਿਹਾ ਹੈ। ਕਈ ਨੌਜਵਾਨ ਉੱਥੇ ਜਾ ਕੇ ਨਿਤ ਦਿਨ ਔਖੇ ਹੁੰਦੇ ਹਾਲਾਤ ਕਰਕੇ ਆਪਣੇ ਸੁਫ਼ਨਿਆਂ ਨੂੰ ਇੱਕ ਇੱਕ ਕਰਕੇ ਟੁੱਟਦਾ ਹੋਇਆ ਵੇਖ ਰਹੇ ਹਨ। ਕੁਝ ਪਰਵਾਸੀ ਤਾਂ ਅੱਜ ਕੈਨੇਡਾ ਨੂੰ 'ਮਿੱਠੀ ਜੇਲ੍ਹ' ਮੰਨਦੇ ਹਨ, ਜਿੱਥੇ ਨਾ ਤਾਂ ਰਹਿਣਾ ਸੌਖਾ ਰਹਿ ਗਿਆ ਹੈ ਤੇ ਨਾ ਹੀ ਪਿੱਛੇ ਮੁੜਿਆ ਜਾ ਰਿਹਾ ਹੈ।

ਕੈਨੇਡਾ ਦਾ ਕੁੱਲ ਰਕਬਾ 99,84,670 ਵਰਗ ਕਿਲੋਮੀਟਰ ਹੈ, ਜਿਸ ਵਿੱਚੋਂ 90,93,507 ਵਰਗ ਕਿਲੋਮੀਟਰ ਰਕਬਾ ਜ਼ਮੀਨੀ ਖੇਤਰ ਹੈ ਤੇ ਕੁੱਲ ਰਕਬੇ ਦਾ ਲਗਪਗ 12 ਫ਼ੀਸਦੀ ਹਿੱਸਾ ਜਲ ਖੇਤਰ ਹੈ। ਇਹ ਦੇਸ਼ ਰਕਬੇ ਪੱਖੋਂ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਸਾਲ 2021 ਦੀ ਜਨਗਣਨਾ ਅਨੁਸਾਰ ਕੈਨੇਡਾ ਦੀ ਕੁੱਲ ਆਬਾਦੀ 3,65,66,248 ਸੀ, ਜਦੋਂ ਕਿ ਮਾਰਚ 2023 ਤੱਕ ਇਹ ਆਬਾਦੀ 3,95,66,248 ਦੇ ਅੰਕੜੇ ਤੱਕ ਪੁੱਜ ਚੁੱਕੀ ਸੀ। ਇੱਥੇ ਵੱਸੋਂ ਦੀ ਘਣਤਾ 4.2 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਬਣਦੀ ਹੈ। ਇੱਥੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ 60,177 ਡਾਲਰ ਦੇ ਕਰੀਬ ਹੈ ਤੇ ਸਾਲ 2023 ਦੌਰਾਨ ਕੁੱਲ ਅਨੁਮਾਨਤ ਜੀ.ਡੀ.ਪੀ. 2.385 ਟ੍ਰਿਲੀਅਨ ਡਾਲਰ ਦੱਸਿਆ ਜਾਂਦਾ ਹੈ।

ਕੈਨੇਡਾ 'ਚ ਰਹਿ ਰਹੇ ਪੰਜਾਬੀਆਂ ਦੀ ਆਬਾਦੀ ਦੀ ਜੇ ਗੱਲ ਕੀਤੀ ਜਾਵੇ ਤਾਂ ਸਾਲ 2021 ਦੀ ਜਨਗਣਨਾ ਅਨੁਸਾਰ ਇਹ 9,42,170 ਦੱਸੀ ਗਈ ਸੀ, ਜਿਸ ਵਿੱਚੋਂ ਉਂਟਾਰੀਓ ਵਿੱਚ 3,97865, ਬ੍ਰਿਟਿਸ਼ ਕੋਲੰਬੀਆ ਵਿੱਚ 3,15000 ਅਤੇ ਅਲਬਰਟਾ ਇਲਾਕੇ ਵਿੱਚ 1,26385 ਪੰਜਾਬੀ ਲੋਕ ਵੱਸਦੇ ਸਨ। ਕੈਨੇਡਾ ਦੇ ਨਿਊਨਾਵਤ ਖੇਤਰ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਕੁੱਲ ਗਿਣਤੀ 50 ਤੋਂ ਵੀ ਘੱਟ ਹੈ, ਜਦੋਂ ਕਿ ਪੰਜਾਬੀਆਂ ਦੀ ਸਭ ਤੋਂ ਵੱਧ ਵੱਸੋਂ ਉਂਟਾਰੀਓ ਇਲਾਕੇ 'ਚ ਹੈ। ਸਾਲ 2021 ਦੀ ਜਨਗਣਨਾ ਮੁਤਾਬਿਕ ਕੈਨੇਡਾ ਵਿਖੇ ਪੰਜਾਬੀ ਭਾਸ਼ਾ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਤੇ ਸਾਲ 2001 ਦੀ ਜਨਗਣਨਾ ਅਨੁਸਾਰ ਇੱਥੇ ਰਹਿਣ ਵਾਲੇ ਪੰਜਾਬੀਆਂ ਵਿੱਚੋਂ 86 ਫ਼ੀਸਦੀ ਦੇ ਕਰੀਬ ਪੰਜਾਬੀਆਂ ਦਾ ਸਿੱਖ ਧਰਮ 'ਚ ਵਿਸ਼ਵਾਸ ਸੀ ਤੇ ਬਾਕੀ 14 ਫ਼ੀਸਦੀ ਪੰਜਾਬੀ ਲੋਕ ਹੋਰ ਧਰਮਾਂ ਨਾਲ ਸਬੰਧਤ ਸਨ।

ਇਤਿਹਾਸ ਦੇ ਵਰਕੇ ਫ਼ਰੋਲਿਆਂ ਪਤਾ ਲੱਗਦਾ ਹੈ ਕਿ ਪੰਜਾਬੀਆਂ ਨੇ ਪਹਿਲੀ ਵਾਰ ਸੰਨ 1897 ਦੇ ਕਰੀਬ ਕੈਨੇਡਾ ਦੀ ਧਰਤੀ 'ਤੇ ਬ੍ਰਿਟਿਸ਼ ਕੋਲੰਬੀਆ ਇਲਾਕੇ ਵਿੱਚ ਕਦਮ ਰੱਖਿਆ ਸੀ ਤੇ ਇਥੇ ਆਏ ਪੰਜਾਬੀਆਂ ਨੇ ਸਭ ਤੋਂ ਪਹਿਲਾਂ ਜੰਗਲੀ ਲੱਕੜੀ ਨਾਲ ਸਬੰਧਤ ਕਾਰੋਬਾਰ ਵਿੱਚ ਸ਼ਮੂਲੀਅਤ ਕੀਤੀ ਸੀ। ਅਸਲ ਵਿੱਚ ਇਥੇ ਪੁੱਜੇ ਇਹ ਪੰਜਾਬੀ ਲੋਕ ਭਾਰਤ ਤੋਂ ਇੰਗਲੈਂਡ ਗਏ ਸੈਨਿਕ ਸਨ, ਜਿਨ੍ਹਾਂ ਨੂੰ ਮਹਾਰਾਣੀ ਵਿਕਟੋਰੀਆ ਦੇ ਡਾਇਮੰਡ ਜੁਬਲੀ ਸਮਾਗਮਾਂ ਦੀ ਖੁਸ਼ੀ ਵਿੱਚ ਸੈਰ-ਸਫ਼ਰ ਲਈ ਕੈਨੇਡਾ ਭੇਜਿਆ ਗਿਆ ਸੀ। ਦਰਅਸਲ ਇਹ ਪੰਜਾਬੀ ਹੀ ਕੈਨੇਡਾ ਵਿੱਚ ਆ ਕੇ ਵੱਸਣ ਵਾਲੇ ਦੱਖਣੀ-ਏਸ਼ੀਆ ਮੂਲ ਦੇ ਪਹਿਲੇ ਵਿਅਕਤੀ ਸਨ। ਇਥੇ ਆਏ ਇਨ੍ਹਾਂ ਚੰਦ ਸੈਨਿਕਾਂ ਤੋਂ ਬਾਅਦ ਕੁਝ ਹੋਰ ਪੰਜਾਬੀਆਂ ਨੇ ਵੀ ਕੈਨੇਡਾ ਦਾ ਰੁਖ਼ ਕਰ ਲਿਆ ਤੇ ਸੰਨ 1900 ਤੱਕ ਭਾਵ ਤਿੰਨ ਸਾਲ ਦੇ ਅੰਦਰ-ਅੰਦਰ ਇਥੇ ਪੰਜਾਬੀਆਂ ਦੀ ਸੰਖਿਆ ਸੌ ਦੇ ਕਰੀਬ ਹੋ ਗਈ ਸੀ, ਜੋ ਅਗਲੇ ਛੇ ਸਾਲਾਂ ਵਿੱਚ 15 ਗੁਣਾਂ ਵਧ ਕੇ ਸੰਨ 1906 ਵਿੱਚ 1500 ਹੋ ਗਈ ਸੀ। ਸੰਨ 1902 ਵਿੱਚ ਪੰਜਾਬੀਆਂ ਨੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਖਿੱਤੇ 'ਚ ਪੈਂਦੇ 'ਗੋਲਡਨ' ਸ਼ਹਿਰ ਵਿੱਚ ਸਥਿਤ 'ਕੋਲੰਬੀਆ ਰਿਵਰ ਲੰਬਰ ਕੰਪਨੀ' ਵਿੱਚ ਕੰਮ ਕਰਨ ਲਈ ਪਹਿਲੀ ਵਾਰ ਆਮਦ ਕੀਤੀ ਸੀ। ਇਥੇ ਆਉਂਦਿਆਂ ਹੀ ਆਪਣੀ ਸਖ਼ਤ ਮਿਹਨਤ ਕਰਨ ਦੀ ਆਦਤ ਤੇ ਸਿਰੜੀ ਸੁਭਾਅ ਦੀ ਬਦੌਲਤ ਪੰਜਾਬੀਆਂ ਨੇ ਖੇਤੀਬਾੜੀ ਅਤੇ ਜੰਗਲੀ ਲੱਕੜੀ ਦੇ ਕਾਰੋਬਾਰ ਦੇ ਖੇਤਰ ਵਿੱਚ ਆਪਣੀ ਵੱਡੀ ਥਾਂ ਬਣਾ ਲਈ ਸੀ। ਇਥੇ ਆ ਕੇ ਵੱਸਣ ਵਾਲੇ ਪੰਜਾਬੀਆਂ ਨੇ ਸੰਨ 1905 ਵਿੱਚ ਕੈਨੇਡਾ ਅਤੇ ਉੱਤਰੀ ਅਮਰੀਕਾ ਦੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਦਿੱਤੀ ਸੀ।

ਸਭ ਤੋਂ ਪਹਿਲੀ ਤੇ ਵੱਡੀ ਸੱਭਿਆਚਾਰਕ ਮੁਸ਼ਕਿਲ ਪੰਜਾਬੀਆਂ ਨੂੰ ਸੰਨ 1907 ਵਿੱਚ ਦਰਪੇਸ਼ ਆਈ ਸੀ, ਜਦੋਂ ਇੱਕ ਪੰਜਾਬੀ ਸਿੱਖ ਦਾ ਦੇਹਾਂਤ ਹੋ ਗਿਆ ਸੀ ਤੇ ਕੈਨੇਡਾ ਦੇ ਪਾਦਰੀਆਂ ਨੇ ਉੱਥੇ ਉਸ ਸਿੱਖ ਦਾ ਅੰਤਿਮ ਸਸਕਾਰ ਸਿਵਾ ਜਲਾ ਕੇ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰਨ ਤੋਂ ਇਲਾਵਾ ਉਸ ਸਿੱਖ ਨੂੰ ਉੱਥੇ ਦਫ਼ਨਾਉਣ ਦੀ ਆਗਿਆ ਦੇਣ ਤੋਂ ਵੀ ਮਨ੍ਹਾ ਕਰ ਦਿੱਤਾ ਸੀ। ਇਸ ਧਰਮ ਸੰਕਟ ਦੇ ਮਾਰੇ ਪੰਜਾਬੀਆਂ ਨੇ ਦੂਰ ਕਿਸੇ ਜੰਗਲ 'ਚ ਜਾ ਕੇ ਉਸ ਸਿੱਖ ਮ੍ਰਿਤਕ ਦਾ ਅੰਤਿਮ ਸਸਕਾਰ ਕੀਤਾ ਸੀ। ਇਸ ਘਟਨਾ ਨੇ ਉੱਥੇ ਵੱਸਦੇ ਪੰਜਾਬੀਆਂ ਨੂੰ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਸੀ ਕਿ ਉਨ੍ਹਾਂ ਦੀ ਵੱਸੋਂ ਵਾਲੇ ਇਲਾਕੇ ਵਿੱਚ ਉਨ੍ਹਾਂ ਦਾ ਕੋਈ ਨਾ ਕੋਈ ਵੱਡਾ ਧਾਰਮਿਕ ਸਥਾਨ ਤੇ ਸ਼ਮਸ਼ਾਨਘਾਟ ਕੈਨੇਡਾ ਵਿੱਚ ਹੋਣਾ ਹੀ ਚਾਹੀਦਾ ਹੈ।

ਇਸ ਉਪਰੰਤ ਪੰਜਾਬੀਆਂ ਨੇ ਇਥੇ ਹੋਰ ਧਾਰਮਿਕ ਸਥਾਨ ਬਣਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਸੀ, ਜਿਸਦੇ ਤਹਿਤ ਸੰਨ 1908 ਵਿੱਚ ਵੈਨਕੂਵਰ ਦੇ ਕਿਟਸੀਲਾਨੋ ਖੇਤਰ 'ਚ ਪੰਜਾਬੀਆਂ ਨੇ ਆਪਣੇ ਦੂਜੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਦਿੱਤੀ ਸੀ, ਜਿਸਨੂੰ ਕਿ ਸੰਨ 1970 ਵਿੱਚ ਢਾਹ ਕੇ ਰੌਸ ਸਟਰੀਟ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਬੜੀ ਹੀ ਮਹੱਤਵਪੂਰਨ ਤੇ ਦਿਲਚਸਪ ਗੱਲ ਹੈ ਕਿ ਸੰਨ 1911 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਇਲਾਕੇ 'ਚ ਬਣਾਏ ਗਏ ਗੁਰਦੁਆਰਾ 'ਗੁਰਸਿੱਖ ਟੈਂਪਲ' ਨੂੰ ਸੰਨ 2002 ਵਿੱਚ 'ਕੈਨੇਡਾ ਦੇ ਇਤਿਹਾਸਕ ਮਹੱਤਵ ਵਾਲੇ ਮਹੱਤਵਪੂਰਨ ਸਥਾਨਾਂ ਦੀ ਸੂਚੀ' ਵਿੱਚ ਸ਼ਾਮਿਲ ਕਰ ਲਿਆ ਗਿਆ ਸੀ।

ਕੈਨੇਡਾ ਵਿੱਚ ਪੰਜਾਬੀਆਂ ਬਾਰੇ ਇੱਕ ਦਿਲਚਸਪ ਤੱਥ ਇਹ ਵੀ ਰਿਹਾ ਹੈ ਕਿ ਸੰਨ 1906 ਵਿੱਚ ਇਥੇ ਪੰਜਾਬੀਆਂ ਦੀ ਗਿਣਤੀ 1500 ਸੀ, ਜੋ ਕਿ ਸੰਨ 1907 ਵਿੱਚ 4700 ਹੋ ਗਈ, ਪਰ ਸੰਨ 1914 ਵਿੱਚ ਇਹ ਗਿਣਤੀ ਘਟ ਕੇ ਕੇਵਲ 2000 ਹੀ ਰਹਿ ਗਈ ਸੀ। ਇਸਦਾ ਕਾਰਨ ਇਥੇ ਪੰਜਾਬੀਆਂ ਨਾਲ ਨਸਲੀ ਵਿਤਕਰਾ ਹੋਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਜਾਣਾ ਸੀ। ਸੰਨ 1914 ਵਿੱਚ ਹੀ ਕਾਮਾਗਾਟਾ ਮਾਰੂ ਕਾਂਡ ਵੀ ਇਸੇ ਨਸਲੀ ਭੇਦਭਾਵ ਕਰਕੇ ਵਾਪਰਿਆ ਸੀ, ਜਿਸ ਵਿੱਚ ਸਮੁੰਦਰੀ ਜਹਾਜ਼ 'ਤੇ ਸਵਾਰ 374 ਯਾਤਰੀਆਂ ਵਿੱਚੋਂ ਸਿਰਫ 24 ਯਾਤਰੀਆਂ ਨੂੰ ਕੈਨੇਡਾ 'ਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਗਈ ਸੀ ਤੇ ਬਾਕੀ ਬਚੇ 352 ਯਾਤਰੀਆਂ ਜਿਨ੍ਹਾਂ ਵਿੱਚ 337 ਪੰਜਾਬੀ ਸਿੱਖ, 27 ਪੰਜਾਬੀ ਮੁਸਲਿਮ ਅਤੇ 12 ਪੰਜਾਬੀ ਹਿੰਦੂ ਸਨ, ਨੂੰ ਵਾਪਸ ਭਾਰਤ ਪਰਤਣ ਲਈ ਆਖ ਦਿੱਤਾ ਗਿਆ ਸੀ। ਸੰਨ 1991 ਦੇ ਅੰਕੜਿਆਂ ਅਨੁਸਾਰ ਕੈਨੇਡਾ ਵਿੱਚ ਪੰਜਾਬੀਆਂ ਦੀ ਸੰਖਿਆ 1,67930 ਸੀ, ਜੋ ਕਿ ਸੰਨ 1996 ਵਿੱਚ ਵਧ ਕੇ 2,48695, ਸੰਨ 2016 ਵਿੱਚ 6,68240 ਅਤੇ ਸੰਨ 2021 ਵਿੱਚ 9,42170 ਹੋ ਗਈ ਸੀ, ਜੋ ਕਿ ਉਸ ਵੇਲੇ ਕੈਨੇਡਾ ਦੀ ਕੁੱਲ ਆਬਾਦੀ ਦਾ 2.6 ਫ਼ੀਸਦੀ ਦੇ ਕਰੀਬ ਬਣਦਾ ਸੀ।



■ ਨਿਰੰਜਨ ਸਿੰਘ ਗਰੇਵਾਲ

**ਸੰਨ 1925 ਵਿੱਚ ਕੈਨੇਡਾ ਗਏ ਨਿਰੰਜਨ ਸਿੰਘ ਗਰੇਵਾਲ ਨੂੰ ਪੰਜੀ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਸੰਨ 1950 ਵਿੱਚ ਸਰਕਾਰੀ ਅਹੁਦਾ ਪ੍ਰਾਪਤ ਕਰਨ ਵਾਲੇ ਪਹਿਲੇ ਪੰਜਾਬੀ ਸ਼ਖ਼ਸ ਹੋਣ ਦਾ ਸ਼ਰਫ਼ ਹਾਸਿਲ ਹੋਇਆ ਸੀ। ਆਪਣੀ ਕਾਬਲੀਅਤ ਦੇ ਬਲਬੂਤੇ ਉਨ੍ਹਾਂ ਨੂੰ ਸੰਨ 1952 ਵਿੱਚ 'ਬੋਰਡ ਆਫ਼ ਕਮਿਸ਼ਨਰਜ਼' ਵਿੱਚ ਦੁਬਾਰਾ ਚੁਣ ਲਿਆ ਗਿਆ ਸੀ ਤੇ ਸੰਨ 1954 ਵਿੱਚ ਉਨ੍ਹਾਂ ਨੂੰ 'ਮਿਸ਼ਨ' ਇਲਾਕੇ ਦਾ ਮੇਅਰ ਨਿਯੁਕਤ ਕਰ ਦਿੱਤਾ ਗਿਆ ਸੀ।**

ਸੰਨ 1925 ਵਿੱਚ ਕੈਨੇਡਾ ਗਏ ਸ. ਨਿਰੰਜਨ ਸਿੰਘ ਗਰੇਵਾਲ ਨੂੰ ਪੰਜੀ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਸੰਨ 1950 ਵਿੱਚ ਸਰਕਾਰੀ ਅਹੁਦਾ ਪ੍ਰਾਪਤ ਕਰਨ ਵਾਲੇ ਪਹਿਲੇ ਪੰਜਾਬੀ ਸ਼ਖ਼ਸ ਹੋਣ ਦਾ ਸ਼ਰਫ਼ ਹਾਸਿਲ ਹੋਇਆ ਸੀ। ਆਪਣੀ ਕਾਬਲੀਅਤ ਦੇ ਬਲਬੂਤੇ ਉਨ੍ਹਾਂ ਨੂੰ ਸੰਨ 1952 ਵਿੱਚ 'ਬੋਰਡ ਆਫ਼ ਕਮਿਸ਼ਨਰਜ਼' ਵਿੱਚ ਦੁਬਾਰਾ ਚੁਣ ਲਿਆ ਗਿਆ ਸੀ ਤੇ ਸੰਨ 1954 ਵਿੱਚ ਉਨ੍ਹਾਂ ਨੂੰ 'ਮਿਸ਼ਨ' ਇਲਾਕੇ ਦਾ ਮੇਅਰ ਨਿਯੁਕਤ ਕਰ ਦਿੱਤਾ ਗਿਆ ਸੀ, ਜੋ ਕਿ ਸਮੂਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਸੀ। ਸੰਨ 1956 ਵਿੱਚ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਸਿਰਫ ਧਮਕੀਆਂ ਹੀ ਨਹੀਂ ਮਿਲੀਆਂ, ਸਗੋਂ ਸ਼ਰਾਰਤੀ ਅਨਸਰਾਂ ਵੱਲੋਂ ਉਨ੍ਹਾਂ ਦੇ ਘਰ ਸਮੇਤ ਉਨ੍ਹਾਂ ਦੀਆਂ ਛੇ ਮਿੱਲਾਂ ਨੂੰ ਅੱਗ ਵੀ ਲਾ ਦਿੱਤੀ ਗਈ ਸੀ। 17 ਜੁਲਾਈ 1957 ਨੂੰ ਸਿਆਟਲ ਦੇ ਇੱਕ ਹੋਟਲ ਵਿੱਚ ਸ. ਨਿਰੰਜਨ ਸਿੰਘ ਗਰੇਵਾਲ ਦੀ ਸ਼ੱਕੀ ਹਾਲਾਤ ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



**ਸਭ ਤੋਂ ਪਹਿਲੀ ਤੇ ਵੱਡੀ ਸੱਭਿਆਚਾਰਕ ਮੁਸ਼ਕਿਲ ਪੰਜਾਬੀਆਂ ਨੂੰ ਸੰਨ 1907 ਵਿੱਚ ਦਰਪੇਸ਼ ਆਈ ਸੀ, ਜਦੋਂ ਇੱਕ ਪੰਜਾਬੀ ਸਿੱਖ ਦਾ ਦੇਹਾਂਤ ਹੋ ਗਿਆ ਸੀ ਤੇ ਕੈਨੇਡਾ ਦੇ ਪਾਦਰੀਆਂ ਨੇ ਉੱਥੇ ਉਸ ਸਿੱਖ ਦਾ ਅੰਤਿਮ ਸਸਕਾਰ ਸਿਵਾ ਜਲਾ ਕੇ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰਨ ਤੋਂ ਇਲਾਵਾ ਉਸ ਸਿੱਖ ਨੂੰ ਉੱਥੇ ਦਫ਼ਨਾਉਣ ਦੀ ਆਗਿਆ ਦੇਣ ਤੋਂ ਵੀ ਮਨ੍ਹਾ ਕਰ ਦਿੱਤਾ ਸੀ। ਇਸ ਧਰਮ ਸੰਕਟ ਦੇ ਮਾਰੇ ਪੰਜਾਬੀਆਂ ਨੇ ਦੂਰ ਕਿਸੇ ਜੰਗਲ 'ਚ ਜਾ ਕੇ ਉਸ ਸਿੱਖ ਮ੍ਰਿਤਕ ਦਾ ਅੰਤਿਮ ਸਸਕਾਰ ਕੀਤਾ ਸੀ। ਇਸ ਘਟਨਾ ਨੇ ਉੱਥੇ ਵੱਸਦੇ ਪੰਜਾਬੀਆਂ ਨੂੰ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਸੀ ਕਿ ਉਨ੍ਹਾਂ ਦੀ ਵੱਸੋਂ ਵਾਲੇ ਇਲਾਕੇ ਵਿੱਚ ਉਨ੍ਹਾਂ ਦਾ ਕੋਈ ਨਾ ਕੋਈ ਵੱਡਾ ਧਾਰਮਿਕ ਸਥਾਨ ਅਤੇ ਸ਼ਮਸ਼ਾਨਘਾਟ ਕੈਨੇਡਾ ਵਿੱਚ ਹੋਣਾ ਹੀ ਚਾਹੀਦਾ ਹੈ।**

**ਸ਼ਰਧਾਂਜਲੀ**

# ਨਾਮਵਰ ਪੱਤਰਕਾਰ ਸੁਰਜਨ ਜ਼ੀਰਵੀ ਨਹੀਂ ਰਹੇ

**ਉਜਾਗਰ ਸਿੰਘ**
**ਫੋਨ: +91-9417813072**

ਪੰਜਾਬੀ ਪੱਤਰਕਾਰੀ ਵਿੱਚ ਸਾਹਿਤਕ ਸ਼ਬਦਾਵਲੀ ਦੀਆਂ ਫੁੱਲਝੜੀਆਂ ਰਾਹੀਂ ਵਿਅੰਗ ਦੇ ਤੁਣਕੇ ਲਗਾਉਣ ਵਾਲੇ ਨਾਮਵਰ ਪੱਤਰਕਾਰ ਸੁਰਜਨ ਸਿੰਘ ਜ਼ੀਰਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਫੋਰ ਇਨ ਵਨ ਯਾਨਿ ਪੱਤਰਕਾਰ, ਲੇਖਕ, ਪੇਂਟਰ ਅਤੇ ਗਾਇਕ ਸਨ। ਪੰਜਾਬੀ ਪੱਤਰਕਾਰੀ ਵਿੱਚ ਉਹ ਨਵਾਂ ਕੀਰਤੀਮਾਨ ਸਥਾਪਤ ਕਰ ਗਏ ਹਨ। 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਲਗਪਗ ਅੱਧੀ ਸਦੀ ਆਪਣੇ ਵਡਮੁੱਲੇ ਵਿਚਾਰਾਂ ਵਾਲੀਆਂ ਸੰਪਾਦਕੀਆਂ, ਲੇਖਾਂ ਅਤੇ ਖ਼ਬਰਾਂ ਰਾਹੀਂ ਪੰਜਾਬੀਆਂ ਨੂੰ ਆਪਣੇ ਜਮਹੂਰੀ ਹੱਕਾਂ ਲਈ ਲਾਮਬੰਦ ਹੋਣ ਲਈ ਪ੍ਰੇਰਦੇ ਰਹੇ। ਉਹ ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਠੋਸ ਇਰਾਦੇ ਵਾਲੇ ਪ੍ਰੰਤੂ ਹਸਮੁੱਖ ਸੁਭਾਅ ਦੇ ਮਾਲਕ ਸਨ, ਜੋ ਨੌਜਵਾਨ ਪੱਤਰਕਾਰਾਂ ਲਈ ਹਮੇਸ਼ਾ ਪ੍ਰੇਰਨਾ-ਸਰੋਤ ਬਣੇ ਰਹਿਣਗੇ। ਉਨ੍ਹਾਂ ਨੇ ਅਨੇਕਾਂ ਨੌਜਵਾਨ ਪੱਤਰਕਾਰਾਂ ਨੂੰ ਪੱਤਰਕਾਰੀ ਦੀ ਗੁੜ੍ਹਤੀ ਦੇ ਕੇ ਨਿਰਪੱਖਤਾ ਨਾਲ ਪੱਤਰਕਾਰੀ ਕਰਨ ਦੀ ਸਿੱਖਿਆ ਦਿੱਤੀ। ਅੱਜ ਉਨ੍ਹਾਂ ਦੇ ਬਣਾਏ ਦਰਜਨਾਂ ਤੋਂ ਵੱਧ ਪੱਤਰਕਾਰ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। 'ਨਵਾਂ ਜ਼ਮਾਨਾ' ਅਖ਼ਬਾਰ ਨੂੰ ਉਨ੍ਹਾਂ ਦੇ ਸਮੇਂ ਪੱਤਰਕਾਰੀ ਦੀ ਨਰਸਰੀ ਦੇ ਤੌਰ 'ਤੇ ਜਾਣਿਆਂ ਜਾਂਦਾ ਸੀ। ਉਹ ਇੱਕ ਸੁਹਿਰਦ ਤੇ ਨੇਕ ਇਨਸਾਨ ਸਨ। 'ਨਵਾਂ ਜ਼ਮਾਨਾ' ਅਖ਼ਬਾਰ ਦੇ ਅਮਲੇ ਤੋਂ ਕੰਮ ਕਰਵਾਉਣ ਸਮੇਂ ਉਨ੍ਹਾਂ ਕਦੇ ਵੀ ਸਖ਼ਤੀ ਨਹੀਂ ਵਰਤੀ, ਸਗੋਂ ਹਰ ਕੰਮ ਚੁਟਕਲਿਆਂ, ਲਤੀਫ਼ਿਆਂ ਅਤੇ ਹਾਸੇ-ਠੱਠਿਆਂ ਦੀਆਂ ਛਹਿਬਰਾਂ ਲਾਉਂਦਿਆਂ ਸਹਿਜੇ ਹੀ ਕਰਵਾ ਲੈਂਦੇ ਸਨ। ਸਹਿਜ ਰਹਿਣਾ ਅਤੇ ਸਟਾਫ਼ ਨੂੰ ਸਹਿਜ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਕਿਸੇ ਵੀ ਕੰਮ ਨੂੰ ਜਲਦਬਾਜ਼ੀ ਵਿੱਚ ਨਹੀਂ ਸਨ ਕਰਦੇ। ਉਹ ਫੁਰਤੀਲੇ ਬਹੁਤ ਸਨ। ਕਾਫ਼ੀ ਸਮਾਂ ਉਹ ਨਵਾਂ ਜ਼ਮਾਨਾ ਅਖ਼ਬਾਰ ਦੇ ਦਫ਼ਤਰ ਵਿੱਚ ਹੀ ਰਹਿੰਦੇ ਰਹੇ ਸਨ। ਉਨ੍ਹਾਂ ਦਾ ਆਪਣੇ ਕਿੱਤੇ ਵਿੱਚ ਮੁਹਾਰਤ ਹਾਸਲ ਕਰਨ ਦਾ ਮੁੱਖ ਕਾਰਨ ਉਨ੍ਹਾਂ ਦਾ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹਦੇ ਰਹਿਣਾ ਸੀ, ਜਿਸ ਕਰਕੇ ਉਨ੍ਹਾਂ ਦੀ ਸ਼ਬਦਾਵਲੀ ਦਾ ਭੰਡਾਰ ਵਿਸ਼ਾਲ ਹੁੰਦਾ ਰਿਹਾ।

ਸ. ਜ਼ੀਰਵੀ ਨੇ ਆਪਣਾ ਪੱਤਰਕਾਰੀ ਦਾ ਕੈਰੀਅਰ 1954-55 ਵਿੱਚ 'ਲੋਕ ਯੁਗ' ਪੇਪਰ ਦੀ ਸੰਪਾਦਨਾ ਤੋਂ ਸ਼ੁਰੂ ਕੀਤਾ। ਦੋ ਸਾਲ ਉਹ ਇਹ ਪੇਪਰ ਪ੍ਰਕਾਸ਼ਿਤ ਕਰਦੇ ਰਹੇ, ਪ੍ਰੰਤੂ ਆਰਥਿਕ ਮਜਬੂਰੀਆਂ ਕਰਕੇ ਦੋ ਸਾਲ ਬਾਅਦ ਉਨ੍ਹਾਂ ਇਹ ਪੇਪਰ ਬੰਦ ਕਰ ਦਿੱਤਾ। ਫਿਰ ਉਨ੍ਹਾਂ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਸਬ-ਐਡੀਟਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਖ਼ਬਰਾਂ ਅਤੇ ਲੇਖਾਂ ਦੇ ਸਿਰਲੇਖ ਬਣਾਉਣ ਦੇ ਵੀ ਉਨ੍ਹਾਂ ਨੂੰ ਮਾਹਿਰ ਗਿਣਿਆਂ ਜਾਂਦਾ ਸੀ। ਭਾਵੇਂ ਉਹ ਆਪਣੀ ਪਾਰਟੀ ਅਤੇ ਅਖ਼ਬਾਰ ਦੀ ਨੀਤੀ ਪ੍ਰਤੀ ਬਚਨਵੱਧ ਸਨ, ਪ੍ਰੰਤੂ ਉਹ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਖ਼ਬਰਾਂ ਅਤੇ ਲੇਖ ਲਗਾਉਣ ਨੂੰ ਤਰਜੀਹ ਦਿੰਦੇ ਸਨ। ਲੋਕ ਹਿਤਾਂ 'ਤੇ ਪਹਿਰਾ ਦੇਣ ਵਾਲੇ ਲੇਖ ਅਤੇ ਖ਼ਬਰਾਂ ਪ੍ਰਕਾਸ਼ਿਤ ਕਰਨ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਸਨ। ਉਹ ਅਖ਼ਬਾਰ ਵਿੱਚ ਸਨਸਨੀਖ਼ੇਜ਼ ਖ਼ਬਰਾਂ ਲਾਉਣ ਤੋਂ ਵੀ ਪ੍ਰਹੇਜ ਕਰਦੇ ਸਨ। ਉਨ੍ਹਾਂ ਦੀ ਅਨੁਵਾਦ ਕਰਨ ਦੀ ਕਲਾ ਵੀ ਕਮਾਲ ਦੀ ਸੀ। ਅੱਜ ਕਲ੍ਹ ਤਾਂ ਭਾਵੇਂ ਕੰਪਿਊਟਰ ਆ ਗਏ ਹਨ, ਪ੍ਰੰਤੂ ਉਨ੍ਹਾਂ ਦਿਨਾਂ ਵਿੱਚ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਸਬ-ਐਡੀਟਰ ਹੀ ਕਰਦੇ ਸਨ। ਟੈਲੀਪ੍ਰਿੰਟਰ ਦਾ ਜ਼ਮਾਨਾ ਸੀ। ਖ਼ਬਰਾਂ ਅੰਗਰੇਜ਼ੀ ਵਿੱਚ ਟੈਲੀਪ੍ਰਿੰਟਰ 'ਤੇ ਆਉਂਦੀਆਂ ਸਨ, ਤੁਰੰਤ ਉਨ੍ਹਾਂ ਦਾ ਅਨੁਵਾਦ ਕਰਨਾ ਹੁੰਦਾ ਸੀ। ਸੁਰਜਨ ਸਿੰਘ ਜ਼ੀਰਵੀ ਬਹੁਤ ਤੇਜ਼ੀ ਨਾਲ ਅਤੇ ਸਹੀ ਅਨੁਵਾਦ ਕਰਦੇ ਸਨ। ਉਹ ਦ੍ਰਿੜ੍ਹਤਾ, ਅਨੁਸ਼ਾਸਨ, ਮਿਹਨਤ ਤੇ ਲਗਨ ਨਾਲ ਕੰਮ ਕਰਨ ਦੇ ਮੁਜੱਸਮਾ ਸਨ। ਇਸ ਕਰਕੇ ਉਨ੍ਹਾਂ ਨੂੰ ਅਨੁਵਾਦ ਕਰਨ ਵਾਲੀ ਮਸ਼ੀਨ ਕਿਹਾ ਜਾਂਦਾ ਸੀ।

ਸੁਰਜਣ ਜ਼ੀਰਵੀ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਗਰਮ ਕਾਰਕੁੰਨ ਸਨ। ਪੰਜਾਬੀ ਭਾਵੇਂ ਉਨ੍ਹਾਂ 9ਵੀਂ ਕਲਾਸ ਤੋਂ ਹੀ ਪੜ੍ਹਨੀ ਸ਼ੁਰੂ ਕੀਤੀ ਸੀ, ਪ੍ਰੰਤੂ ਉਨ੍ਹਾਂ ਦੇ ਸੰਪਾਦਕੀ ਅਤੇ ਲੇਖਾਂ ਦੀ ਸ਼ਬਦਾਵਲੀ ਪੰਜਾਬੀ ਦੇ ਪ੍ਰਬੁੱਧ ਲਿਖਾਰੀ ਹੋਣ ਦਾ ਪ੍ਰਮਾਣ ਦਿੰਦੀ ਸੀ। ਸੁਰਜਨ ਜ਼ੀਰਵੀ ਇੱਕ ਸੁਲਝੇ ਹੋਏ ਪੱਤਰਕਾਰ ਹੋਣ ਦੇ ਨਾਲ ਬੁੱਧੀਜੀਵੀ ਲੇਖਕ ਵੀ ਸਨ, ਜਿਨ੍ਹਾਂ ਦੀਆਂ ਦੋ ਪੁਸਤਕਾਂ 'ਇਹ ਹੈ ਬਾਰਬੀ ਸੰਸਾਰ' ਅਤੇ 'ਆਓ ਸੱਚ ਜਾਣੀਏ' ਹਨ। 'ਇਹ ਹੈ ਬਾਰਬੀ ਸੰਸਾਰ' ਪੁਸਤਕ ਪਾਠਕਾਂ ਵਿੱਚ ਬਹੁਤ ਹੀ ਹਰਮਨ ਪਿਆਰੀ ਹੈ। ਇਨ੍ਹਾਂ ਦੋਹਾਂ ਪੁਸਤਕਾਂ ਦੇ ਵਿਸ਼ੇ ਬੜੇ ਖ਼ਤਰਨਾਕ ਹਨ, ਪ੍ਰੰਤੂ ਉਨ੍ਹਾਂ ਨੂੰ ਬਹੁਤ ਹੀ ਸਲੀਕੇ ਨਾਲ ਲਿਖਿਆ ਗਿਆ ਹੈ।

ਸੁਰਜਨ ਸਿੰਘ ਜ਼ੀਰਵੀ ਦੇ ਵਿਅੰਗਾਂ ਦੇ ਤੀਰ ਵੀ ਤਿੱਖੇ, ਪ੍ਰੰਤੂ ਸਹਿਣਯੋਗ ਹੁੰਦੇ ਸਨ। ਉਹ ਨਿਡਰ ਹੋ ਕੇ ਲੇਖ ਲਿਖਦੇ ਸਨ, ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। 'ਇਹ ਹੈ ਬਾਰਬੀ ਸੰਸਾਰ' ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਸਿਲੇਬਸ ਵਿੱਚ ਲਗਾਈ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੇ ਲੇਖ ਤੇ ਸੰਪਾਦਕੀਆਂ ਲਿਖੀਆਂ, ਪ੍ਰੰਤੂ ਕੁਝ ਉਨ੍ਹਾਂ ਦੇ ਲੇਖ ਚਰਚਾ ਦਾ ਵਿਸ਼ਾ ਬਣ ਰਹੇ, ਜਿਨ੍ਹਾਂ ਵਿੱਚ 'ਕਾਰਲ ਮਾਰਕਸ: ਇੱਕ ਅਦਭੁੱਤ ਗਾਥਾ', 'ਖ਼ਯਾਮ ਦੀਆਂ ਰੁਬਾਈਆਂ ਦਾ ਪੰਜਾਬੀ ਰੂਪ', 'ਖ਼ੂਬਸੂਰਤੀ ਦੇ ਮੁਖੌਟੇ ਪਿੱਛੇ ਲੁਕੀ ਦਰਿੰਦਗੀ', 'ਦੋ ਗੱਲਾਂ', 'ਮੇਰੀ ਪੱਤਰਕਾਰੀ ਦੇ ਰੰਗ' ਅਤੇ 'ਸਾਡਾ ਦੇਸ਼ ਬੀਮਾਰ ਹੈ' ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।



ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਵਰਕਰ ਹੋਣ ਦੇ ਨਾਤੇ ਰੂਸ ਦੀ ਦੋ ਵਾਰ ਯਾਤਰਾ ਵੀ ਕੀਤੀ। ਪੰਜਾਬੀ ਸੂਬੇ ਦੇ ਮੋਰਚੇ ਵਿੱਚ ਵੀ ਉਹ ਕਾਫ਼ੀ ਸਰਗਰਮ ਰਹੇ, ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹ ਦੀ ਯਾਤਰਾ ਵੀ ਕਰਨੀ ਪਈ। ਉਨ੍ਹਾਂ ਨੂੰ ਬਹੁਤ ਸਾਰੀਆਂ ਸੰਸਥਾਵਾਂ ਨੇ ਮਾਣ ਸਨਮਾਨ ਦੇ ਕੇ ਨਿਵਾਜਿਆ ਸੀ। ਇਕਬਾਲ ਮਾਹਲ ਅਤੇ ਜੋਗਿੰਦਰ ਕਲਸੀ ਨੇ ਸੁਰਜਨ ਸਿੰਘ ਜ਼ੀਰਵੀ ਦੇ ਪੱਤਰਕਾਰੀ ਵਿੱਚ ਪਾਏ ਯੋਗਦਾਨ ਲਈ 'ਵਿਜ਼ਨਜ਼ ਆਫ਼ ਪੰਜਾਬ' ਨਾਮ ਦੀ ਦਸਤਾਵੇਜ਼ੀ ਫਿਲਮ ਬਣਾਈ ਹੈ। ਉਨ੍ਹਾਂ ਨੂੰ ਕੈਨੇਡਾ ਦੀ ਵਿਰਾਸਤ ਪੀਸ ਸੰਸਥਾ ਵੱਲੋਂ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਦੇ ਕੇ ਸਨਮਾਨਤ ਵੀ ਕੀਤਾ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਉਨ੍ਹਾਂ ਨੂੰ ਜਗਜੀਤ ਸਿੰਘ ਆਨੰਦ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਸੀ।


ਸੁਰਜਨ ਜ਼ੀਰਵੀ ਦਾ ਜਨਮ ਪਿਤਾ ਬਲਵੰਤ ਸਿੰਘ ਠੇਕੇਦਾਰ ਅਤੇ ਮਾਤਾ ਹਰਨਾਮ ਕੌਰ ਦੇ ਘਰ ਪਹਿਲੀ ਦਸੰਬਰ 1929 ਨੂੰ ਹੋਇਆ ਸੀ। ਉਹ ਦੋ ਭਰਾ ਅਤੇ ਚਾਰ ਭੈਣਾਂ ਸਨ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਸਾਹਿਤਕ ਰੁਚੀਆਂ ਵਾਲਾ ਅਤੇ ਕਲਾ ਪ੍ਰੇਮੀ ਸੀ। ਉਨ੍ਹਾਂ ਦਾ ਭਰਾ ਜਗਜੀਤ ਸਿੰਘ ਜ਼ੀਰਵੀ ਪੰਜਾਬੀ ਕਵੀ ਤੇ ਸੁਰੀਲਾ ਗਾਇਕ ਸੀ। ਉਨ੍ਹਾਂ ਦੇ ਬਹਿਨੋਈ ਡਾ. ਜਸਵੰਤ ਸਿੰਘ ਨੇਕੀ ਪੀ.ਜੀ.ਆਈ. ਚੰਡੀਗੜ੍ਹ ਦੇ ਡਾਇਰੈਕਟਰ ਅਤੇ ਪੰਜਾਬੀ ਦੇ ਚੋਟੀ ਦੇ ਕਵੀ ਸਨ। ਸੁਰਜਨ ਜ਼ੀਰਵੀ ਨੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਜ਼ੀਰਾ ਵਿੱਚ ਕੀਤੀ ਸੀ। ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਉਨ੍ਹਾਂ ਥੋੜ੍ਹਾ ਸਮਾਂ ਪੰਜਾਬ ਸਰਕਾਰ ਦੇ ਸਿਵਲ ਸਪਲਾਈ ਵਿਭਾਗ ਵਿੱਚ ਨੌਕਰੀ ਵੀ ਕੀਤੀ। ਉਨ੍ਹਾਂ ਦੀ ਸੋਚ ਨੂੰ ਸਰਕਾਰੀ ਨੌਕਰੀ ਰਾਸ ਨਹੀਂ ਆਈ। ਉਸ ਤੋਂ ਬਾਅਦ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਨਾਲ ਜੁੜ ਗਏ। ਪਾਰਟੀ ਲਈ ਉਨ੍ਹਾਂ ਦ੍ਰਿੜ੍ਹਤਾ ਅਤੇ ਬਚਨਵੱਧਤਾ ਨਾਲ ਕੰਮ ਕੀਤਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਵਫ਼ਾਦਾਰ ਜਰਨੈਲ ਦੀ ਤਰ੍ਹਾਂ ਕੰਮ ਕਰਦੇ ਰਹੇ। ਉਨ੍ਹਾਂ ਨੂੰ 'ਨਵਾਂ ਜ਼ਮਾਨਾ' ਅਖ਼ਬਾਰ ਦੀ ਦਿੱਖ ਅਤੇ ਛਪਾਈ ਸੁਚੱਜੇ ਢੰਗ ਨਾਲ ਕਰਵਾਉਣ ਦਾ ਮਾਣ ਜਾਂਦਾ ਹੈ। ਉਨ੍ਹਾਂ ਦੀ ਅਗਵਾਈ ਵਿੱਚ ਅਖ਼ਬਾਰ ਬੁਲੰਦੀਆਂ 'ਤੇ ਪਹੁੰਚਿਆ। ਸੰਪਾਦਕ ਦੇ ਤੌਰ 'ਤੇ ਉਨ੍ਹਾਂ ਦੀ ਕਾਰਜਕੁਸ਼ਲਤਾ ਦਾ ਪ੍ਰਮਾਣ ਉਨ੍ਹਾਂ ਦੀਆਂ ਸੰਪਾਦਕੀਆਂ ਤੋਂ ਪਤਾ ਲਗਦਾ ਸੀ। ਸ਼ੁਰੂ ਵਿੱਚ ਸੁਰਜਨ ਜ਼ੀਰਵੀ ਕਵਿਤਾਵਾਂ ਵੀ ਲਿਖਦੇ ਰਹੇ। ਇਸ ਕਰਕੇ ਉਨ੍ਹਾਂ ਦੀ ਵਾਰਤਕ ਦੀ ਸ਼ੈਲੀ ਵੀ ਕਾਵਿਕ ਹੁੰਦੀ ਸੀ। ਗ਼ਜ਼ਲਾਂ ਤੇ ਗੀਤ ਗਾਉਣ ਦਾ ਸ਼ੌਕ ਸੀ। ਉਹ ਵਿਹਲੇ ਸਮੇਂ ਗੀਤ ਗੁਣਗੁਣਾਉਂਦੇ ਰਹਿੰਦੇ ਸਨ। ਉਹ ਪੇਂਟਿੰਗ ਵੀ ਕਰਦੇ ਸਨ। ਉਨ੍ਹਾਂ ਨੂੰ ਗੁੱਸਾ ਬਿਲਕੁਲ ਹੀ ਨਹੀਂ ਆਉਂਦਾ ਸੀ। ਉਹ ਸ਼ਾਂਤ ਸੁਭਾਅ ਦੇ ਮਾਲਕ ਸਨ। ਕਿਸੇ ਵੀ ਉਲਝਣ ਜਾਂ ਔਖੇ ਸਮੇਂ ਆਪਣੀ ਫੁਲਝੜੀ ਛੱਡ ਕੇ ਵਾਤਾਵਰਨ ਨੂੰ ਸੁਖਾਵਾਂ ਬਣਾ ਦਿੰਦੇ ਸਨ। ਅਸਧਾਰਨ ਗੱਲ ਨੂੰ ਵੀ ਸਾਧਾਰਨ ਢੰਗ ਨਾਲ ਲਿਖਣ ਦੇ ਮਾਹਿਰ ਸਨ। 22 ਮਾਰਚ 1960 ਨੂੰ ਉਨ੍ਹਾਂ ਦਾ ਪਿਆਰ ਵਿਆਹ ਅੰਮ੍ਰਿਤ ਨਾਲ ਹੋਇਆ। ਅੰਮ੍ਰਿਤ ਬੀ.ਏ., ਬੀ.ਐਡ ਅਧਿਆਪਕ ਸੀ। ਸੁਰਜਨ ਜ਼ੀਰਵੀ ਭਾਰਤੀ ਕਮਿਊਨਿਸਟ ਪਾਰਟੀ ਦਾ ਹੋਲ ਟਾਈਮ ਵਰਕਰ ਸੀ। ਵਿਆਹ ਦੇ ਮੌਕੇ ਉਸ ਨੂੰ ਸਿਰਫ਼ 50 ਰੁਪਏ ਮਹੀਨਾ ਮਿਲਦਾ ਸੀ। ਲੋੜਾਂ ਘਟਾ ਕੇ ਘੱਟ ਆਮਦਨ ਨਾਲ ਗੁਜ਼ਾਰਾ ਕਰਨ ਦੀ ਕਲਾ ਸੁਰਜਨ ਜ਼ੀਰਵੀ ਤੋਂ ਸਿੱਖਣੀ ਚਾਹੀਦੀ ਹੈ। ਉਨ੍ਹਾਂ ਨੇ ਸਬਰ ਸੰਤੋਖ ਨਾਲ ਆਪਣਾ ਜੀਵਨ ਸਫ਼ਰ ਪੂਰਾ ਕੀਤਾ। ਅਧਿਆਪਨ ਤੋਂ ਬਾਅਦ ਉਨ੍ਹਾਂ ਦੀ ਪਤਨੀ ਨੇ ਵੀ ਸੁਰਜਨ ਜ਼ੀਰਵੀ ਦੇ ਨਾਲ ਹੀ 'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਬਤੌਰ ਸਬ-ਐਡੀਟਰ ਕੰਮ ਕੀਤਾ। ਕੈਨੇਡਾ ਪਰਵਾਸ ਕਰਨ ਤੋਂ ਬਾਅਦ ਅੰਮ੍ਰਿਤ ਉਥੇ ਸੈਟਲਮੈਂਟ ਕਾਊਂਸਲਰ ਵਜੋਂ ਵੀ ਸਰਗਰਮ ਰਹੇ। ਉਨ੍ਹਾਂ ਦੇ ਇੱਕ ਲੜਕੀ ਸੀਰਤ ਹੈ। ਇਸ ਸਮੇਂ ਸੁਰਜਨ ਜ਼ੀਰਵੀ ਟਰਾਂਟੋ ਵਿਖੇ ਆਪਣੀ ਪਤਨੀ ਅੰਮ੍ਰਿਤ ਲੜਕੀ ਸੀਰਤ ਅਤੇ ਜਵਾਈ ਨਵਤੇਜ ਸਿੰਘ ਨਾਲ ਰਹਿ ਰਹੇ ਸਨ। ਦੇਸ਼ ਦੀ ਵਿਗੜਦੀ ਹਾਲਤ ਬਾਰੇ ਉਹ ਕਾਫ਼ੀ ਚਿੰਤਾਤੁਰ ਸਨ। ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਦੀ ਫ਼ਰਾਖ਼ਦਿਲੀ ਅਤੇ ਹਾਸੇ-ਮਖ਼ੌਲ ਦੀ ਪ੍ਰਵਿਰਤੀ ਬਿਮਾਰੀ ਦੌਰਾਨ ਵੀ ਬਰਕਰਾਰ ਰਹੀ। ਸ਼ਾਇਰੀ ਦੇ ਸ਼ੌਕੀਨ ਸਨ, ਹਮੇਸ਼ਾ ਸ਼ੇਅਰ ਸੁਣਾਉਂਦੇ ਰਹਿੰਦੇ ਸਨ। ਸੁਰਜਨ ਸਿੰਘ ਜ਼ੀਰਵੀ 1990 ਵਿੱਚ ਪਰਿਵਾਰ ਸਮੇਤ ਕੈਨੇਡਾ ਪਰਵਾਸ ਕਰ ਗਏ ਸਨ। 33 ਸਾਲ ਕੈਨੇਡਾ ਵਿੱਚ ਪਰਵਾਸ ਕਰਨ ਤੋਂ ਬਾਅਦ ਉਹ 24 ਅਕਤੂਬਰ 2023 ਨੂੰ ਟੋਰਾਂਟੋ ਵਿਖੇ ਸਵਰਗ ਸਿਧਾਰ ਗਏ।

## ਕੈਨੇਡਾ ਵਿੱਚ ਪੰਜਾਬੀਆਂ ਦੀ ਗੱਲ

ਮੌਤ ਹੋ ਗਈ ਸੀ। ਉਨ੍ਹਾਂ ਦੇ ਸਿਰ ਵਿੱਚ ਗੋਲੀ ਲੱਗੀ ਸੀ। ਪੁਲਿਸ ਵੱਲੋਂ ਇਸ ਘਟਨਾ ਨੂੰ ਖ਼ੁਦਕੁਸ਼ੀ ਦਾ ਮਾਮਲਾ ਦੱਸ ਕੇ ਕੇਸ ਬੰਦ ਕਰ ਦਿੱਤਾ ਗਿਆ ਸੀ, ਜਦੋਂ ਕਿ ਗਰੇਵਾਲ ਪਰਿਵਾਰ ਨੇ ਕਤਲ ਦਾ ਸ਼ੱਕ ਜਤਾਇਆ ਸੀ।

ਸ. ਨਿਰੰਜਨ ਸਿੰਘ ਗਰੇਵਾਲ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਮਿਸ਼ਨ ਸ਼ਹਿਰ ਵਿਖੇ ਇੱਕ ਸੜਕ ਦਾ ਨਾਂ 'ਗਰੇਵਾਲ ਸਟਰੀਟ' ਰੱਖ ਦਿੱਤਾ ਗਿਆ ਸੀ ਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਡੇਵ ਬੈਰਟ ਨੇ ਕਿਹਾ ਸੀ, "ਹਰੇਕ ਬੱਚੇ ਨੂੰ ਉਨ੍ਹਾਂ ਚੁਣੌਤੀਆਂ ਬਾਰੇ ਪੜ੍ਹਨਾ ਤੇ ਜਾਣਨਾ ਚਾਹੀਦਾ ਹੈ, ਜਿਨ੍ਹਾਂ ਦਾ ਸਾਹਮਣਾ ਗਰੇਵਾਲ ਨੇ ਕੀਤਾ ਸੀ।" ਯਾਦ ਰਹੇ, ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਦੱਖਣੀ ਵੈਨਕੂਵਰ ਇਲਾਕੇ ਵਿੱਚ 'ਪੰਜਾਬੀ ਮਾਰਕਿਟ' ਬਣ ਚੁੱਕੀ ਸੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਭਾਗ ਵਿੱਚ ਸਥਿਤ 'ਪ੍ਰਿੰਸ ਜਾਰਜ' ਨਾਮਕ ਆਰਥਿਕ ਗਤੀਵਿਧੀਆਂ ਦਾ ਕੇਂਦਰ ਪੰਜਾਬੀਆਂ ਦੀ ਆਮਦ ਨਾਲ ਸਰਾਬੋਰ ਹੋ ਚੁੱਕਾ ਸੀ।

ਸੰਨ 1967 ਵਿੱਚ ਕੈਨੇਡਾ ਸਰਕਾਰ ਨੇ ਕੁਝ ਨਿਯਮਾਂ ਵਿੱਚ ਵਿਸ਼ੇਸ਼ ਫ਼ੇਰਬਦਲ ਕੀਤਾ ਸੀ, ਜਿਸ ਕਰਕੇ ਇਥੇ ਪੰਜਾਬੀਆਂ ਦੀ ਆਮਦ ਵਿੱਚ ਚੋਖਾ ਵਾਧਾ ਹੋਇਆ ਸੀ। ਸੰਨ 1970 ਤੋਂ ਬਾਅਦ ਪੰਜਾਬੀਆਂ ਦਾ ਗਲਬਾ ਉੱਤਰੀ ਡੈਲਟਾ, ਪੂਰਬੀ ਰਿਚਮੰਡ ਅਤੇ ਸਰੀ ਆਦਿ ਇਲਾਕਿਆਂ ਵਿੱਚ ਵਧਣਾ ਸ਼ੁਰੂ ਹੋ ਗਿਆ ਸੀ। ਸੰਨ 1986 ਵਿੱਚ ਭਾਰਤੀ ਮੂਲ ਦੇ ਸ. ਮਨਮੋਹਨ ਸਿੰਘ (ਮੋਅ) ਸਹੋਤਾ ਨੂੰ ਕੈਨੇਡਾ ਦੀ ਸੰਸਦ ਦਾ ਮੈਂਬਰ ਚੁਣਿਆ ਗਿਆ ਸੀ। ਸੰਨ 1955 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਡੰਕਨ ਸ਼ਹਿਰ ਵਿਖੇ ਜਨਮੇ ਸ. ਸਹੋਤਾ ਪਹਿਲੇ ਦੱਖਣ-ਏਸ਼ੀਆਈ ਕੈਨੇਡੀਅਨ ਐਮ.ਪੀ. ਸਨ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਕੈਨੇਡਾ ਦਾ ਉਂਟਾਰੀਓ ਖ਼ਿੱਤਾ ਪੰਜਾਬੀਆਂ ਦੀ ਆਬਾਦੀ ਨਾਲ ਭਰਪੂਰ ਹੋਣਾ ਸ਼ੁਰੂ ਹੋ ਗਿਆ ਸੀ। ਸਾਲ 2011 ਦੀ ਜਨਗਣਨਾ ਅਨੁਸਾਰ ਮੈਟਰੋ ਵੈਨਕੂਵਰ ਵਿਖੇ ਘਰਾਂ 'ਚ ਪੰਜਾਬੀ ਬੋਲਣ ਵਾਲਿਆਂ ਦੀ ਸੰਖਿਆ ਕੁੱਲ ਵੱਸੋਂ ਦਾ 5.5 ਫ਼ੀਸਦੀ ਸੀ, ਜਦੋਂ ਕਿ ਸਰੀ ਵਾਸੀਆਂ 'ਚੋਂ 21.3 ਫ਼ੀਸਦੀ ਲੋਕ ਘਰਾਂ 'ਚ ਪੰਜਾਬੀ ਬੋਲੀ ਹੀ ਬੋਲਦੇ ਸਨ। ਸਾਲ 2021 ਵਿੱਚ ਹੋਈ ਜਨਗਣਨਾ ਦੇ ਅੰਕੜਿਆਂ ਅਨੁਸਾਰ ਪੰਜਾਬੀ ਭਾਸ਼ਾ ਕੈਨੇਡਾ ਵਿੱਚ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ ਵਿੱਚ ਚੌਥੇ ਸਥਾਨ 'ਤੇ ਸੀ ਤੇ ਪੰਜਾਬੀ ਬੋਲਣ ਵਾਲਿਆਂ ਦੀ ਸੰਖਿਆ ਵਿੱਚ ਇਹ ਵਾਧਾ ਪਿਛਲੀ ਜਨਗਣਨਾ ਵਿੱਚ ਦਰਜ ਪੰਜਾਬੀ ਬੋਲਣ ਵਾਲਿਆਂ ਦੇ ਮੁਕਾਬਲੇ 49 ਫ਼ੀਸਦੀ ਜ਼ਿਆਦਾ ਸੀ। ਉਸ ਵੇਲੇ ਦੇ ਅੰਕੜਿਆਂ ਅਨੁਸਾਰ ਤੀਜੇ ਨੰਬਰ 'ਤੇ ਖੜ੍ਹੀ ਚੀਨੀ ਭਾਸ਼ਾ 5.3 ਲੱਖ ਲੋਕਾਂ ਵੱਲੋਂ ਬੋਲੀ ਜਾਂਦੀ ਸੀ, ਜਦੋਂ ਕਿ ਚੌਥੇ ਨੰਬਰ 'ਤੇ ਆਈ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਸੰਖਿਆ 5.2 ਲੱਖ ਸੀ- ਭਾਵ ਅੰਤਰ ਬਹੁਤ ਹੀ ਥੋੜ੍ਹਾ ਸੀ।



**ਮਨਮੋਹਨ ਸਿੰਘ (ਮੋਅ) ਸਹੋਤਾ**

**ਸੰਨ 1986 ਵਿੱਚ ਭਾਰਤੀ ਮੂਲ ਦੇ ਸ. ਮਨਮੋਹਨ ਸਿੰਘ (ਮੋਅ) ਸਹੋਤਾ ਨੂੰ ਕੈਨੇਡਾ ਦੀ ਸੰਸਦ ਦਾ ਮੈਂਬਰ ਚੁਣਿਆ ਗਿਆ ਸੀ। ਸੰਨ 1955 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਡੰਕਨ ਸ਼ਹਿਰ ਵਿਖੇ ਜਨਮੇ ਸ. ਸਹੋਤਾ ਪਹਿਲੇ ਦੱਖਣ-ਏਸ਼ੀਆਈ ਕੈਨੇਡੀਅਨ ਐਮ.ਪੀ. ਸਨ।**

ਪੰਜਾਬੀਆਂ ਦੀ ਕੈਨੇਡਾ ਵਿੱਚ ਚੜ੍ਹਤ ਨੂੰ ਇਥੋਂ ਵੀ ਮਾਪਿਆ ਜਾ ਸਕਦਾ ਹੈ ਕਿ ਸੰਨ 2015 ਦੀਆਂ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਵਾਲੇ 19 ਭਾਰਤੀ ਮੂਲ ਦੇ ਸੰਸਦ ਮੈਂਬਰਾਂ ਵਿੱਚੋਂ 18 ਪੰਜਾਬੀ ਸਨ, ਜਿਨ੍ਹਾਂ ਵਿੱਚ ਲਿਬਰਲ ਪਾਰਟੀ ਵੱਲੋਂ ਖੜ੍ਹੇ ਕੀਤੇ 18 ਪੰਜਾਬੀ ਉਮੀਦਵਾਰਾਂ ਵਿੱਚੋਂ 14 ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਖੜ੍ਹੇ ਕੀਤੇ 19 ਪੰਜਾਬੀ ਉਮੀਦਵਾਰਾਂ ਵਿੱਚੋਂ ਸਿਰਫ਼ 4 ਹੀ ਜਿੱਤ ਹਾਸਿਲ ਕਰ ਸਕੇ ਸਨ। ਸਾਲ 2019 ਦੀਆਂ ਚੋਣਾਂ ਵਿੱਚ ਜਿੱਤ ਹਾਸਿਲ ਕਰਨ ਵਾਲੇ ਭਾਰਤੀ ਮੂਲ ਦੇ 20 ਉਮੀਦਵਾਰਾਂ ਵਿੱਚੋਂ 19 ਪੰਜਾਬ ਨਾਲ ਸਬੰਧਤ ਸਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵਿੱਚ ਮੰਤਰੀ ਵਜੋਂ ਸੇਵਾ ਨਿਭਾਉਣ ਦਾ ਸ਼ਰਫ਼ ਸ. ਹਰਜੀਤ ਸਿੰਘ ਸੱਜਣ, ਸ. ਨਵਦੀਪ ਬੈਂਸ, ਬਾਰਦਿਸ਼ ਚੱਗਰ ਨੂੰ ਹਾਸਿਲ ਹੋ ਚੁੱਕਾ ਹੈ ਤੇ ਬਾਰਦਿਸ਼ ਚੱਗਰ ਨੂੰ ਤਾਂ ਕੈਨੇਡਾ ਦੇ ਇਤਿਹਾਸ ਵਿੱਚ 'ਹਾਊਸ ਆਫ਼ ਕਾਮਨਜ਼ ਵਿੱਚ ਪਹਿਲੀ ਮਹਿਲਾ ਆਗੂ' ਹੋਣ ਦਾ ਸ਼ਰਫ਼ ਵੀ ਹਾਸਿਲ ਹੋਇਆ ਹੈ। ਟਿਮ ਉੱਪਲ, ਅਰਪਣ ਖੰਨਾ ਅਤੇ ਜਸਰਾਜ ਹੇਲਾਂ ਤੋਂ ਬਾਅਦ ਉਹ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਤੀਜੇ ਪੰਜਾਬੀ ਐਮ.ਪੀ. ਹਨ। ਪੰਜਾਬੀਆਂ ਲਈ ਫ਼ਖ਼ਰ ਦੀ ਇੱਕ ਹੋਰ ਗੱਲ ਇਹ ਵੀ ਹੈ ਕਿ ਬੀਤੀ 30 ਜੂਨ ਨੂੰ ਪੰਜਾਬੀ ਮੂਲ ਦੇ ਸ. ਬਲਤੇਜ ਸਿੰਘ ਢਿੱਲੋਂ ਨੂੰ ਵੱਕਾਰੀ ਸੰਸਥਾ 'ਵਰਕਸੇਫ਼ ਬੋਰਡ ਆਫ਼ ਡਾਇਰੈਕਟਰਜ਼' ਦਾ ਤਿੰਨ ਵਰ੍ਹਿਆਂ ਲਈ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸ. ਬਲਤੇਜ ਸਿੰਘ ਨੂੰ ਜਿੱਥੇ 'ਰਾਇਲ ਕੈਨੇਡੀਅਨ ਮਾਊਂਟਡ ਪੁਲਿਸ' ਦੇ ਪਹਿਲੇ ਦਸਤਾਰਧਾਰੀ ਸਿੱਖ ਅਫ਼ਸਰ ਹੋਣ ਦਾ ਸ਼ਰਫ਼ ਹਾਸਿਲ ਹੈ, ਉੱਥੇ ਹੀ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦੇ ਫਲਸਰੂਪ ਉਨ੍ਹਾਂ ਨੂੰ ਮਹਾਰਾਣੀ ਐਲਿਜ਼ਾਬੈਥ-2 ਵੱਲੋਂ ਗੋਲਡਨ ਅਤੇ ਡਾਇਮੰਡ ਜੁਬਲੀ ਮੈਡਲਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਇਥੇ ਇਹ ਦਿਲਚਸਪ ਤੱਥ ਵੀ ਦੱਸਣਾ ਬਣਦਾ ਹੈ ਕਿ ਵਰਤਮਾਨ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਕੈਨੇਡਾ ਗਏ 2,26450 ਭਾਰਤੀ ਵਿਦਿਆਰਥੀਆਂ ਵਿੱਚੋਂ 70 ਹਜ਼ਾਰ ਵਿਦਿਆਰਥੀ ਪੰਜਾਬ ਤੋਂ ਸਨ, ਜੋ ਕਿ 20 ਫ਼ੀਸਦੀ ਦੇ ਕਰੀਬ ਬਣਦਾ ਹੈ। ਆਰਥਿਕ ਮਾਹਿਰਾਂ ਵੱਲੋਂ ਦਿੱਤੇ ਗਏ ਇੱਕ ਅੰਦਾਜ਼ੇ ਮੁਤਾਬਿਕ ਹਰ ਸਾਲ ਪੰਜਾਬ ਦਾ 27 ਹਜ਼ਾਰ ਕਰੋੜ ਰੁਪਿਆ ਕੈਨੇਡਾ ਪੁੱਜ ਰਿਹਾ ਹੈ ਤੇ ਹਰ ਬੀਤਦੇ ਸਾਲ ਨਾਲ ਇਹ ਰਕਮ ਵਧਦੀ ਜਾ ਰਹੀ ਹੈ। ਇਹ ਅੰਕੜੇ ਭਾਰਤ ਸਰਕਾਰ ਅਤੇ ਖ਼ਾਸ ਕਰਕੇ ਪੰਜਾਬ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੋਣੇ ਚਾਹੀਦੇ ਹਨ ਕਿ ਅਸੀਂ ਪਰਵਾਸ ਦੇ ਮਾਰਗ ਰਾਹੀਂ ਸਿਰਫ਼ ਆਪਣੇ ਦੇਸ਼ ਦੇ ਹੋਣਹਾਰ ਨੌਜੁਆਨਾਂ ਨੂੰ ਹੀ ਬੇਗਾਨੇ ਮੁਲਕਾਂ 'ਚ ਨਹੀਂ ਭੇਜ ਰਹੇ ਹਾਂ, ਸਗੋਂ ਉਹ ਵੱਡਾ ਵਿੱਤੀ ਸਰਮਾਇਆ ਵੀ ਕੈਨੇਡਾ ਦੀ ਝੋਲੀ ਪਾ ਰਹੇ ਹਾਂ, ਜੋ ਸਾਡੇ ਦੇਸ਼ ਜਾਂ ਸਾਡੇ ਸੂਬੇ ਦੇ ਵਿਕਾਸ 'ਚ ਕੰਮ ਆ ਸਕਦਾ ਸੀ। ਪੰਜਾਬੀਆਂ ਦੀ ਕੈਨੇਡਾ ਜਾਂ ਹੋਰ ਵਿਦੇਸ਼ੀ ਮੁਲਕਾਂ 'ਚ ਜਾ ਕੇ ਵੱਸਣ ਦੀ ਜੋ ਹੋੜ ਲੱਗੀ ਹੋਈ ਹੈ, ਉਹ ਪੰਜਾਬ ਨੂੰ ਆਰਥਿਕ ਤੇ ਬੌਧਿਕ ਕੰਗਾਲੀ ਦੇ ਨਾਲ ਨਾਲ ਵੱਡੀ ਤਬਾਹੀ ਵੱਲ ਵੀ ਧੱਕ ਰਹੀ ਹੈ, ਜਿਸ ਬਾਰੇ ਪੰਜਾਬ ਬਚਾਉਣ ਲਈ ਚਿੰਤਤ ਸਮੂਹ ਸਮਾਜਿਕ, ਆਰਥਿਕ, ਧਾਰਮਿਕ ਤੇ ਸਿਆਸੀ ਜਥੇਬੰਦੀਆਂ ਨੂੰ ਸਿਰ ਜੋੜ ਕੇ ਯੋਜਨਾਬੰਦੀ ਕਰਨ ਅਤੇ ਉਚਿਤ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਲੋੜ ਹੈ। ਕੇਵਲ ਫ਼ੋਕੇ ਸਰਕਾਰੀ ਦਮਗਜ਼ਿਆਂ ਜਾਂ ਦਾਅਵਿਆਂ ਨੇ ਪੰਜਾਬ ਜਾਂ ਪੰਜਾਬੀਆਂ ਦਾ ਕੁਝ ਨਹੀਂ ਸਆਰਨਾ ਹੈ!



ਨਾਟਕ 'ਲੱਛੂ ਕਬਾੜੀਆ' ਵਿੱਚ ਨਾਟਕਕਾਰ ਅਤੇ ਅਦਾਕਾਰ ਸਾਹਿਬ ਸਿੰਘ ਦੇ ਵੱਖ-ਵੱਖ ਅੰਦਾਜ਼

*ਸਾਹਿਬ ਸਿੰਘ ਸਿਰਫ ਨਾਟਕਕਾਰ ਦੇ ਤੌਰ 'ਤੇ ਹੀ ਸਫਲ ਨਹੀਂ ਹੋਇਆ ਬਲਕਿ ਕਲਾਕਾਰ ਦੇ ਤੌਰ 'ਤੇ ਵੀ ਨਵੀਂਆਂ ਉਚਾਈਆਂ ਸਰ ਕਰਦਾ ਹੈ। ਉਸ ਨੇ ਨਾਟਕ ਦੀ ਕਹਾਣੀ ਦੇ ਹਰ ਬਦਲਦੇ ਨਵੇਂ ਮੋੜ ਅਨੁਸਾਰ ਅਦਾਕਾਰੀ ਕੀਤੀ ਹੈ। ਆਪਣੀ ਜੀਵਨ ਸਾਥਣ ਨਾਲ ਗੱਲਾਂ ਕਰਦੇ ਸਮੇਂ ਜਿਸ ਢੰਗ ਨਾਲ ਉਹ ਫੁਲਕਾਰੀ ਵਾਲੀ ਚੁੰਨੀ ਨੂੰ ਥੋੜ੍ਹਾ ਜਿਹਾ ਮੋੜ ਕੇ ਪਿਆਰ ਭਰੀਆਂ ਗੱਲਾਂ ਕਰਦਾ ਹੈ ਤਾਂ ਉਸ ਦਾ ਲਹਿਜ਼ਾ ਕੁਝ ਹੋਰ ਹੁੰਦਾ ਹੈ, ਜਦੋਂ ਪਿਛੋਕੜ ਤੋਂ ਪਿਓ ਦੇ ਖੰਘਣ ਦੀ ਆਵਾਜ਼ ਆਉਂਦੀ ਹੈ ਤਾਂ ਪਹਿਲੀ ਵਾਰ ਉਹ ਅਰਾਮ ਨਾਲ ਪਿਓ ਨੂੰ ਪਾਣੀ ਪੀਣ ਲਈ ਕਹਿੰਦਾ ਹੈ, ਪਰ ਜਦੋਂ ਉਸਦੇ ਪਿਓ ਦੀ ਖੰਘ ਦੀ ਆਵਾਜ਼ ਬੰਦ ਹੀ ਨਹੀਂ ਹੁੰਦੀ ਤਾਂ ਉਹ ਚੀਕਵੀਂ ਆਵਾਜ਼ ਵਿੱਚ ਬੋਲਦਾ ਹੈ।*

# 'ਲੱਛੂ ਕਬਾੜੀਆ' ਬਨਾਮ ਦੇਸ ਦਾ ਕਬਾੜਖਾਨਾ

## ਰੰਗਮੰਚ

**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫੋਨ: 1-604-369-2371**



ਸਾਹਿਤ ਦੇ ਸਾਰੇ ਰੂਪਾਂ ਦੀ ਹੀ ਆਪਣੀ-ਆਪਣੀ ਮਹੱਤਤਾ ਹੈ, ਪਰ ਨਾਟ ਸਾਹਿਤ ਇਸ ਲਈ ਵਧੇਰੇ ਮਹੱਤਵਪੂਰਨ ਹੈ, ਕਿਉਂਕਿ ਇਹ ਦੋ ਧਰਾਤਲਾਂ 'ਤੇ ਵਿਚਰਦਾ ਹੈ। ਇਹ ਪੜ੍ਹਿਆ ਵੀ ਜਾਂਦਾ ਹੈ ਅਤੇ ਮੰਚ ਤੇ ਪੇਸ਼ ਵੀ ਕੀਤਾ ਜਾਂਦਾ ਹੈ। ਮੰਚ ਦੀ ਪੇਸ਼ਕਾਰੀ ਕਰਕੇ ਇਹ ਦਰਸ਼ਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਦਾ ਹੈ। ਇਸੇ ਲਈ ਜਦੋਂ ਦਰਸ਼ਕ ਆਪਣੀਆਂ ਅੱਖਾਂ ਦੇ ਸਾਹਮਣੇ ਸਭ ਕੁਝ ਵਾਪਰਦਾ ਦੇਖਦੇ ਹਨ ਤਾਂ ਉਹ ਜ਼ਿੰਦਗੀ ਦੀਆਂ ਸੱਚਾਈਆਂ ਅਤੇ ਨਾਟਕਕਾਰ ਵਲੋਂ ਪੇਸ਼ ਕੀਤੀਆਂ ਘਟਨਾਵਾਂ ਦੀ ਤੁਲਨਾ ਕਰਦੇ ਹਨ। ਜਦੋਂ ਦਰਸ਼ਕਾਂ ਨੂੰ ਮਹਿਸੂਸ ਹੁੰਦਾ ਹੈ ਕਿ ਨਾਟਕਕਾਰ ਨੇ ਜ਼ਿੰਦਗੀ ਦੇ ਆਮ ਵਰਤਾਰਿਆਂ ਨੂੰ ਕਲਾਤਮਕ ਛੋਹਾਂ ਪ੍ਰਦਾਨ ਕਰਕੇ ਪੇਸ਼ ਕੀਤਾ ਹੈ ਤਾਂ ਉਹ ਜਲਦੀ ਹੀ ਮੰਚ 'ਤੇ ਕੀਤੀ ਜਾ ਰਹੀ ਪੇਸ਼ਕਾਰੀ ਨਾਲ ਇੱਕ-ਮਿੱਕ ਹੋ ਜਾਂਦੇ ਹਨ। ਜਦੋਂ ਮੰਚ 'ਤੇ ਵਿਚਰ ਰਹੇ ਪਾਤਰ ਵਧੀਆ ਅਦਾਕਾਰੀ ਕਰ ਰਹੇ ਹੁੰਦੇ ਹਨ ਤਾਂ ਦਰਸ਼ਕ ਕੁਝ ਸਮੇਂ ਲਈ ਆਪਣੇ ਆਲੇ-ਦੁਆਲੇ ਨਾਲੋਂ ਟੁੱਟ ਕੇ ਮੰਚ ਵੱਲ ਹੀ ਟਿਕਟਿਕੀ ਲਾ ਕੇ ਦੇਖਦੇ ਰਹਿੰਦੇ ਹਨ। ਜੇ ਕਿਤੇ ਅਜਿਹੀ ਪੇਸ਼ਕਾਰੀ ਇੱਕ ਪਾਤਰੀ ਹੋਵੇ ਤਾਂ ਦਰਸ਼ਕ ਮੰਤਰ ਮੁਗਧ ਹੀ ਹੋ ਜਾਂਦੇ ਹਨ।

ਡਾ. ਸਾਹਿਬ ਸਿੰਘ ਪੰਜਾਬੀ ਨਾਟ ਸਾਹਿਤ ਅਤੇ ਮੰਚ ਕਲਾਕਾਰੀ ਦਾ ਅਜਿਹਾ ਸੁਮੇਲ ਹੈ, ਜਿਸ ਨੇ ਦੋਹਾਂ ਖੇਤਰਾਂ ਵਿੱਚ ਆਪਣੀ ਗਹਿਰੀ ਛਾਪ ਛੱਡੀ ਹੈ। ਪੰਜਾਬੀ ਰੰਗਮੰਚ 'ਤੇ ਇੱਕ ਪਾਤਰੀ ਨਾਟਕ ਘੱਟ ਗਿਣਤੀ ਵਿੱਚ ਹੀ ਪੇਸ਼ ਹੋਏ ਹਨ। ਅਸਲ ਵਿੱਚ ਕਿਸੇ ਵੀ ਅਦਾਕਾਰ ਲਈ ਇਹ ਚੁਣੌਤੀ ਹੁੰਦੀ ਹੈ ਕਿ ਉਹ ਤੀਹ, ਚਾਲੀ ਮਿੰਟਾਂ ਲਈ ਇਕੱਲਾ ਹੀ ਮੰਚ 'ਤੇ ਅਜਿਹੇ ਪ੍ਰਭਾਵਸ਼ਲੀ ਢੰਗ ਨਾਲ ਅਦਾਕਾਰੀ ਕਰੇ ਕਿ ਦਰਸ਼ਕਾਂ ਲਈ ਰੌਚਿਕਤਾ ਬਣੀ ਰਹੇ। ਪਰ ਜੇ ਇੱਕ ਹੀ ਕਲਾਕਾਰ ਨੂੰ ਡੇਢ ਘੰਟੇ ਦੇ ਲਗਭਗ ਮੰਚ 'ਤੇ ਰਹਿਣਾ ਪਵੇ ਤਾਂ ਨਿਸ਼ਚੇ ਹੀ ਇੱਕ ਹੀ ਪਾਤਰ ਲਈ ਇਹ ਬਹੁਤ ਮੁਸ਼ਕਿਲ ਹੁੰਦਾ ਹੈ ਕਿ ਉਹ ਨਾਟਕੀ ਟੱਕਰ ਨੂੰ ਮੰਚ 'ਤੇ ਕਿਵੇਂ ਸਾਕਾਰ ਕਰੇ! ਨਾਟਕਕਾਰ ਲਈ ਇਹ ਇੱਕ ਕਿਸਮ ਦਾ ਦੋ ਧਾਰੀ ਤਲਵਾਰ 'ਤੇ ਚੱਲਣ ਵਰਗਾ ਇਮਤਿਹਾਨ ਹੁੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਡਾ. ਸਾਹਿਬ ਸਿੰਘ ਨੇ ਇਹ ਦੋਵੇਂ ਹੀ ਕਾਰਜ 'ਲਛੂ ਕਬਾੜੀਆ' ਵਿੱਚ ਬੜੀ ਕੁਸ਼ਲਤਾ ਨਾਲ ਨਿਭਾਏ ਹਨ।

ਡਾ. ਸਾਹਿਬ ਸਿੰਘ ਆਪਣੇ ਇਸ ਸ਼ਾਹਕਾਰ ਨਾਟਕ ਦੀਆਂ ਸੈਂਕੜੇ ਹੀ ਪੇਸ਼ਕਾਰੀਆਂ ਦੇਸ-ਵਿਦੇਸ਼ ਵਿੱਚ ਸਫਲਤਾ ਪੂਰਵਕ ਪੇਸ਼ ਕਰ ਚੁਕਿਆ ਹੈ। 7-8 ਅਕਤੂਬਰ ਨੂੰ ਪੰਜਾਬੀ ਭਵਨ, ਸਰੀ (ਕੈਨੇਡਾ) ਦੇ ਸਾਲਾਨਾ ਸਮਾਗਮ ਦੇ ਦੂਜੇ ਦਿਨ ਵਿਸ਼ੇਸ਼ ਤੌਰ 'ਤੇ ਇਸ ਇੱਕ ਪਾਤਰੀ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਮੈਂ ਭਾਵੇਂ ਇਹ ਪੇਸ਼ਕਾਰੀ ਨਹੀਂ ਦੇਖ ਸਕਿਆ, ਪਰ ਇਸ ਦੀ ਰਿਕਾਰਡਿੰਗ ਦੇਖ ਕੇ ਹੀ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ।

ਨਾਟਕ ਦਾ ਪਾਤਰ ਲਛਮਣ ਉਰਫ ਲੱਛੂ ਆਪਣੀ ਕਹਾਣੀ ਸੁਣਾਉਂਦਾ ਹੈ, ਜੋ ਕਬਾੜੀਏ ਦਾ ਕੰਮ ਕਰਦਾ ਹੈ। ਕਬਾੜੀਆ ਆਮ ਲੋਕਾਂ ਦੇ ਘਰਾਂ ਵਿੱਚ ਪਈਆਂ ਬੇਕਾਰ ਦੀਆਂ ਚੀਜ਼ਾਂ ਖਰੀਦ ਕੇ ਉਨ੍ਹਾਂ ਨੂੰ ਅੱਗੇ ਵੇਚ ਕੇ ਆਪਣੀ ਕਮਾਈ ਕਰਦਾ ਹੈ। ਅਜਿਹੇ ਕੰਮ ਕਰਨ ਵਾਲਿਆਂ ਦੀ ਜ਼ਿੰਦਗੀ ਦੁਸ਼ਵਾਰੀਆਂ ਭਰੀ ਹੀ ਹੁੰਦੀ ਹੈ। ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਦਾ ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਕਿ ਜਰੂਰੀ ਪਰਿਵਾਰਕ ਕਾਰਜਾਂ ਵਿੱਚ ਉਹਲਾ ਰੱਖਣ ਲਈ ਉਨ੍ਹਾਂ ਨੂੰ ਅਧੋਰਾਣੀਆਂ ਚਾਦਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਘਰ ਨੂੰ ਬੰਦ ਕਰਨ ਲਈ ਦਰਵਾਜ਼ੇ ਵੀ ਨਹੀਂ ਹੁੰਦੇ। ਇਸੇ ਲਈ ਲੱਛੂ ਕਿਸੇ ਕਲਪਿਤ ਪਾਤਰ ਨੂੰ ਘਰ ਦੇ ਅੰਦਰ ਬੁਲਾਉਣ ਵੇਲੇ ਕਹਿੰਦਾ ਹੈ ਕਿ ਉਸ ਦੇ ਘਰ ਅੰਦਰ ਆਉਣ ਲਈ ਜਿਧਰੋਂ ਮਰਜੀ ਅੰਦਰ ਆ ਜਾਓ ਅਤੇ ਜਿਧਰੋਂ ਮਰਜੀ ਬਾਹਰ ਚਲੇ ਜਾਓ। ਭਾਵੇਂ ਇਹ ਵਾਕ ਉਹ ਬੜੇ ਸਹਿਜ ਨਾਲ ਬੋਲ ਜਾਂਦਾ ਹੈ, ਪਰ ਇਸ ਪਿੱਛੇ ਉਸ ਦੀ ਲੁਕੀ ਚੀਸ ਉਜਾਗਰ ਜਰੂਰ ਹੋ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਉਹ ਇਹ ਕਹਿੰਦਾ ਹੈ ਕਿ ਉਸ ਦੀ ਮਾਂ ਨੇ ਤਾਂ ਉਸ ਦਾ ਨਾਂ ਲਛਮਣ ਰੱਖਿਆ ਸੀ, ਪਰ ਦੁਨੀਆਂ ਨੇ ਉਸ ਨੂੰ ਲੱਛੂ ਹੀ ਬਣਾ ਦਿੱਤਾ ਤਾਂ ਇਥੇ ਸਾਡੇ ਦੇਸ ਦੇ ਗਰੀਬਾਂ ਦੀ ਇਹ ਤ੍ਰਾਸਦੀ ਪੇਸ਼ ਕੀਤੀ ਗਈ ਹੈ ਕਿ ਗਰੀਬਾਂ ਨੂੰ ਤਾਂ ਹਰ ਥਾਂ ਦੁਰਕਾਰਿਆ ਹੀ ਜਾਂਦਾ ਹੈ।

ਲੱਛੂ ਨੂੰ ਉਹ ਦਿਨ ਵੀ ਯਾਦ ਆਉਂਦੇ ਹਨ, ਜਦੋਂ ਉਹ ਆਪ ਪੜ੍ਹਦਾ ਹੁੰਦਾ ਸੀ, ਹਾਕੀ ਦਾ ਵਧੀਆ ਖਿਡਾਰੀ ਸੀ। ਉਸ ਨੂੰ ਆਪਣੇ ਛਿੰਦੇ ਪੁੱਤ ਦੀ ਯਾਦ ਵੀ ਆਉਂਦੀ ਹੈ, ਜੋ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ। ਉਹ ਆਪਣੇ ਛਿੰਦੇ ਨੂੰ ਇਸ ਗੱਲ ਤੋਂ ਰੋਕਦਾ ਹੈ ਕਿ ਉਹ ਕਿਸੇ ਵੱਡੇ ਘਰ ਦੀ ਕੁੜੀ ਦੇ ਪਿਆਰ ਦੇ ਚੱਕਰਾਂ ਵਿੱਚ ਨਾ ਪਵੇ। ਉਸ ਨੇ ਦੁਨੀਆ ਦੇਖੀ ਹੋਈ ਸੀ, ਇਸ ਲਈ ਉਸ ਨੂੰ ਪਤਾ ਸੀ ਕਿ ਗਰੀਬੀ ਦਾ ਅਮੀਰੀ ਨਾਲ ਕਦੇ ਵੀ ਮੇਲ ਨਹੀਂ ਹੋ ਸਕਦਾ। ਜਦੋਂ ਘਰ ਵਿੱਚ ਬੰਦ ਪਏ ਕਬਾੜ ਵਿੱਚੋਂ ਉਸ ਨੂੰ ਆਪਣੇ ਪੁੱਤਰ ਦੀ ਕਾਪੀ ਮਿਲਦੀ ਹੈ ਤਾਂ ਉਸ ਵਿੱਚ ਲਿਖੇ ਕੁਝ ਸਫੇ ਹਵਾ ਵਿੱਚ ਉਡਾ ਦਿੰਦਾ ਹੈ ਅਤੇ ਕੁਝ ਸਾਂਭ ਕੇ ਰੱਖ ਲੈਂਦਾ ਹੈ। ਕਬਾੜ ਦੀ ਬੋਰੀ ਵਿੱਚੋਂ ਉਸ ਨੂੰ ਮੰਗਣ ਵਾਲਾ ਇੱਕ ਕਟੋਰਾ ਵੀ ਮਿਲਦਾ ਹੈ, ਜਿਸ ਨੂੰ ਉਹ 'ਬਾਊ' ਦੀ ਕੁਰਸੀ ਦੇ ਸਪੁਰਦ ਕਰ ਦਿੰਦਾ ਹੈ। ਅਸਲ ਵਿੱਚ ਇਹ 'ਬਾਊ' ਦਾ ਕਲਪਿਤ ਪਾਤਰ ਸਾਡੇ ਦੇਸ ਦੇ ਸ਼ਾਤਰ ਰਾਜਸੀ ਨੇਤਾਵਾਂ ਨੂੰ ਰੂਪਮਾਨ ਕਰਦਾ ਹੈ। ਲੱਛੂ ਇਹ ਕਟੋਰਾ 'ਬਾਊ' ਦੀ ਕੁਰਸੀ ਕੋਲ ਰੱਖਦੇ ਹੋਏ ਜਦੋਂ ਇਹ ਕਹਿੰਦਾ ਹੈ ਕਿ ਇਹ ਤੇਰੇ ਕੰਮ ਆਵੇਗਾ ਤਾਂ ਇਹ ਡੂੰਘੇ ਅਰਥਾਂ ਦਾ ਲਿਖਾਇਕ ਹੈ।

ਨਾਟਕਕਾਰ ਰਾਜਸੀ ਨੇਤਾਵਾਂ ਦੇ ਵੋਟਾਂ ਦੇ ਸਮੇਂ ਹਰ ਵਰਗ ਦੇ ਲੋਕਾਂ ਸਾਹਮਣੇ ਹੱਥ ਜੋੜ ਅਤੇ ਪੈਰੀਂ ਹੱਥ ਲਾ ਕੇ ਵੋਟ ਮੰਗਣ ਦੀ ਪ੍ਰਵਿਰਤੀ 'ਤੇ ਗਹਿਰੀ ਚੋਟ ਕਰਦਾ ਹੈ। ਜਦੋਂ ਨਾਟਕ ਦੇ ਮੁੱਢ ਵਿੱਚ ਲੱਛੂ 'ਬਾਊ' ਨੂੰ ਕਹਿੰਦਾ ਹੈ ਕਿ ਬਾਊ, ਲੱਛੂ ਕਬਾੜੀਏ ਦੇ ਘਰ ਚੱਕਰ ਲਾਉਣ ਦੀਆਂ ਫੋਟੋਆਂ ਦਸ-ਪੰਦਰਾਂ ਅਖਬਾਰਾਂ ਵਿੱਚ ਤਾਂ ਲਗਵਾ ਹੀ ਦੇਵੇਗਾ ਤਾਂ ਇਸ ਵਾਕ ਰਾਹੀਂ ਉਹ ਇੱਕ ਵਾਰ ਫੇਰ ਰਾਜਸੀ ਆਗੂਆਂ ਦੀ ਦਿਖਾਵੇ ਦੀ ਰੁਚੀ ਨੂੰ ਭੰਡਦਾ ਹੈ, ਜੋ ਵੋਟਾਂ ਦੇ ਮੌਸਮ ਵਿੱਚ ਗਰੀਬਾਂ ਦੇ ਘਰ ਰਹਿਣ ਅਤੇ ਉਨ੍ਹਾਂ ਦੀ ਰੁੱਖੀ-ਸੁੱਕੀ ਖਾ ਕੇ ਅਖਬਾਰਾਂ ਰਾਹੀਂ ਆਪਣੇ ਗਰੀਬ ਹਿਤੈਸ਼ੀ ਹੋਣ ਦਾ ਢੰਡੋਰਾ ਪਿੱਟ ਕੇ ਰਾਜਸੀ ਲਾਹਾ ਲੈਣ ਦੇ ਚੱਕਰਾਂ ਵਿੱਚ ਰਹਿੰਦੇ ਹਨ। ਜਦੋਂ ਉਹ ਕਬਾੜ ਦੀ ਬੋਰੀ ਨੂੰ ਉਲਟਾ ਕੇ ਉਸ ਵਿੱਚ ਭਰੀਆਂ 'ਅਧੀਏ' ਅਤੇ 'ਪਊਏ' ਦਾ ਢੇਰ ਲਾਉਂਦਾ ਹੈ ਤਾਂ ਦਰਸ਼ਕਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਇਨ੍ਹਾਂ ਬਗਲੇ ਭਗਤਾਂ ਵੱਲੋਂ ਵੋਟਾਂ ਦੀ ਖਰੀਦ ਲਈ ਨਸ਼ੇ ਵੰਡਣ ਦੇ ਰੁਝਾਨ ਨੂੰ ਖਤਮ ਕਰਨ ਦਾ ਵਕਤ ਆ ਗਿਆ ਹੈ। ਕਬਾੜ ਵਿੱਚੋਂ ਨਿਕਲੀ ਆਪਣੀ ਪੁਰਾਣੀ ਪੱਗ ਦੇਖ ਕੇ ਉਹ ਪੱਗ ਨੂੰ ਖੁਸ਼ੀ-ਖੁਸ਼ੀ ਆਪਣੇ ਸਿਰ 'ਤੇ ਸਜਾਉਂਦਾ ਹੋਇਆ ਜਦੋਂ ਇਹ ਕਹਿੰਦਾ ਹੈ, ਉਸ ਨੂੰ ਇਹ ਯਕੀਨ ਸੀ ਕਿ ਇੱਕ ਦਿਨ 'ਉਸ ਦੀ ਪੱਗ ਦਾ ਆਖਰੀ ਲੜ ਜਰੂਰ ਪੂਰਾ ਆਵੇਗਾ,' ਤਾਂ ਇਸ ਵਾਕ ਰਾਹੀਂ ਉਹ ਇਹ ਕਹਿਣਾ ਚਾਹੁੰਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਗੁਰਬਤ ਦੇ ਮਾਰੇ ਅਤੇ ਰਾਜਸੀ ਨੇਤਾਵਾਂ ਦੇ ਝੂਠੇ ਲਾਰਿਆਂ ਦੇ ਝੰਬੇ ਤੇ ਹਾਸ਼ੀਏ 'ਤੇ ਧੱਕੇ ਲੋਕਾਂ ਵਿੱਚ ਵੀ ਜਾਗ੍ਰਤੀ ਪੈਦਾ ਹੋਵੇਗੀ ਅਤੇ ਉਹ ਵੀ ਇੱਜ਼ਤ ਦੀ ਜ਼ਿੰਦਗੀ ਬਸ਼ਰ ਕਰ ਸਕਣਗੇ। ਨਾਟਕਕਾਰ ਸਾਹਿਬ ਸਿੰਘ ਆਪਣਾ ਇਹ ਸੁਨੇਹਾ ਦਰਸ਼ਕਾਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੋਇਆ ਹੈ।

ਸਾਹਿਬ ਸਿੰਘ ਸਿਰਫ ਨਾਟਕਕਾਰ ਦੇ ਤੌਰ 'ਤੇ ਹੀ ਸਫਲ ਨਹੀਂ ਹੋਇਆ ਬਲਕਿ ਕਲਾਕਾਰ ਦੇ ਤੌਰ 'ਤੇ ਵੀ ਨਵੀਂਆਂ ਉਚਾਈਆਂ ਸਰ ਕਰਦਾ ਹੈ। ਉਸ ਨੇ ਨਾਟਕ ਦੀ ਕਹਾਣੀ ਦੇ ਹਰ ਬਦਲਦੇ ਨਵੇਂ ਮੋੜ ਅਨੁਸਾਰ ਅਦਾਕਾਰੀ ਕੀਤੀ ਹੈ। ਆਪਣੀ ਜੀਵਨ ਸਾਥਣ ਨਾਲ ਗੱਲਾਂ ਕਰਦੇ ਸਮੇਂ ਜਿਸ ਢੰਗ ਨਾਲ ਉਹ ਫੁਲਕਾਰੀ ਵਾਲੀ ਚੁੰਨੀ ਨੂੰ ਥੋੜ੍ਹਾ ਜਿਹਾ ਮੋੜ ਕੇ ਪਿਆਰ ਭਰੀਆਂ ਗੱਲਾਂ ਕਰਦਾ ਹੈ ਤਾਂ ਉਸ ਦਾ ਲਹਿਜ਼ਾ ਕੁਝ ਹੋਰ ਹੁੰਦਾ ਹੈ, ਜਦੋਂ ਪਿਛੋਕੜ ਤੋਂ ਪਿਓ ਦੇ ਖੰਘਣ ਦੀ ਆਵਾਜ਼ ਆਉਂਦੀ ਹੈ ਤਾਂ ਪਹਿਲੀ ਵਾਰ ਉਹ ਅਰਾਮ ਨਾਲ ਪਿਓ ਨੂੰ ਪਾਣੀ ਪੀਣ ਲਈ ਕਹਿੰਦਾ ਹੈ, ਪਰ ਜਦੋਂ ਉਸਦੇ ਪਿਓ ਦੀ ਖੰਘ ਦੀ ਆਵਾਜ਼ ਬੰਦ ਹੀ ਨਹੀਂ ਹੁੰਦੀ ਤਾਂ ਉਹ ਚੀਕਵੀਂ ਆਵਾਜ਼ ਵਿੱਚ ਬੋਲਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਮੌਕੇ ਅਨੁਸਾਰ ਆਪਣੀ ਆਵਾਜ਼ ਦੇ ਉਤਰਾ-ਚੜਾਅ ਵਿੱਚ ਪਰਵੀਨ ਹੈ; ਪਤਨੀ ਨਾਲ ਪਿਆਰ ਭਰੀਆਂ ਗੱਲਾਂ ਕਰਨ ਸਮੇਂ ਉਸ ਦਾ ਲਹਿਜ਼ਾ ਰੁਮਾਂਟਿਕ ਹੈ, ਪਰ ਜਦੋਂ ਉਸਦੀ ਮਾਰ ਕੁਟਾਈ ਕਰਦਾ ਹੈ ਤਾਂ ਉਸ ਦੇ ਚਿਹਰੇ 'ਤੇ ਗੁੱਸੇ ਦੀ ਝਲਕ ਦਿਖਾਈ ਦਿੰਦੀ ਹੈ ਅਤੇ ਅੱਖਾਂ ਵਿੱਚੋਂ ਅੰਗਿਆਰੇ ਡਿਗਦੇ ਪ੍ਰਤੀਤ ਹੁੰਦੇ ਹਨ। ਆਪਣੇ ਪੁੱਤਰ ਨੂੰ ਯਾਦ ਕਰਨ ਵੇਲੇ ਉਸਦਾ ਕਰੁਣਾਮਈ ਚਿਹਰਾ ਦਰਸ਼ਕਾਂ ਦੀਆਂ ਅੱਖਾਂ ਵਿੱਚ ਵੀ ਸਲਾਂਭਾ ਲਿਆ ਦਿੰਦਾ ਹੈ।

ਜਿਥੇ ਸਾਹਿਬ ਸਿੰਘ ਨੇ ਤਕਰੀਬਨ ਬਹੁਤਾ ਸਮਾਂ ਦਰਸ਼ਕਾਂ ਨੂੰ ਆਪਣੀ ਅਦਾਕਾਰੀ ਨਾਲ ਬੰਨ੍ਹ ਕੇ ਰੱਖਿਆ, ਉਥੇ ਨਾਟਕ ਦੇ ਮੁੱਢ ਵਿੱਚ ਜਦੋਂ ਉਹ 'ਬਾਊ' ਨੂੰ ਸੰਬੋਧਨ ਕਰਦਾ ਹੋਇਆ ਵਾਰ-ਵਾਰ 'ਬਾਊ, ਬਾਊ' ਦੀ ਮੁਹਾਰਨੀ ਬੋਲਦਾ ਹੈ ਤਾਂ ਕੁਝ ਓਪਰਾ ਜਿਹਾ ਲੱਗਦਾ ਹੈ ਅਤੇ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਉਹ ਸਧਾਰਨ ਪੱਧਰ ਦੀ ਅਦਾਕਾਰੀ ਹੀ ਕਰ ਰਿਹਾ ਹੋਵੇ, ਪਰ ਜਦੋਂ ਇਸ ਤੋਂ ਅਗਲਾ ਹਿੱਸਾ ਸ਼ੁਰੂ ਹੁੰਦਾ ਹੈ ਤਾਂ ਇੱਕ ਨਵਾਂ ਹੀ ਸਾਹਿਬ ਸਿੰਘ ਦਰਸ਼ਕਾਂ ਦੇ ਸਾਹਮਣੇ ਆਉਂਦਾ ਹੈ ਅਤੇ ਮੇਰੇ ਵਰਗੇ ਕੁਝ ਜ਼ਿਆਦਾ ਹੀ ਨਘੋਚੀ ਕਿਸਮ ਦੇ ਦਰਸ਼ਕ ਵੀ ਨਾਟਕ ਦੇ ਪਹਿਲੇ ਦ੍ਰਿਸ਼ ਵਾਲੇ ਲੱਛੂ ਨੂੰ ਭੁੱਲ ਕੇ ਨਵੇਂ ਲੱਛੂ ਦੀ ਅਦਾਕਾਰੀ ਦੇ ਵਹਿਣ ਵਿੱਚ ਵਹਿ ਜਾਂਦੇ ਹਨ। ਜਦੋਂ ਮੰਚ 'ਤੇ ਵਿਚਰ ਰਿਹਾ ਕੋਈ ਵੀ ਕਲਾਕਾਰ, ਦਰਸ਼ਕਾਂ ਨੂੰ ਆਪਣੇ ਨਾਲ ਤੋਰਨ ਦੀ ਸਥਿਤੀ ਵਿੱਚ ਪਹੁੰਚ ਜਾਂਦਾ ਹੈ ਤਾਂ ਇਹ ਅਵਸਥਾ ਨਿਰਸੰਦੇਹ ਕਲਾਕਾਰ ਦੀ ਕਲਾ ਦਾ ਸਿਖਰ ਹੁੰਦੀ ਹੈ।

ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਨਾਟਕਕਾਰ ਨੇ ਲੱਛੂ ਕਬਾੜੀਏ ਰਾਹੀਂ ਸਾਡੇ ਦੇਸ ਦੇ ਵੱਖ-ਵੱਖ ਖੇਤਰਾਂ ਨੂੰ ਪ੍ਰਦੂਸ਼ਿਤ ਕਰ ਰਹੇ ਕਬਾੜ ਨੂੰ ਰੂਪਮਾਨ ਕੀਤਾ ਹੈ। ਪ੍ਰਸਤੁਤ ਨਾਟਕ ਦੀ ਪੇਸ਼ਕਾਰੀ ਨਾਲ ਡਾ. ਸਾਹਿਬ ਸਿੰਘ ਬਤੌਰ ਨਾਟਕਕਾਰ ਅਤੇ ਅਦਾਕਾਰ ਪੂਰਨ ਤੌਰ ਕੇ ਸਫਲ ਰਿਹਾ ਹੈ

ਡਾ. ਸਾਹਿਬ ਸਿੰਘ ਲੰਮਾਂ ਸਮਾਂ ਪੰਜਾਬੀ ਰੰਗਮੰਚ ਦੇ ਬਾਬਾ ਬੋਹੜ, ਗੁਰਸ਼ਰਨ ਸਿੰਘ ਨਾਲ ਮੰਚ 'ਤੇ ਵਿਚਰਿਆ ਹੈ। ਉਨ੍ਹਾਂ ਤੋਂ ਅਦਾਕਾਰੀ, ਨਿਰਦੇਸ਼ਨਾ ਅਤੇ ਰੰਗਮੰਚ ਦੇ ਹੋਰ ਪਹਿਲੂਆਂ ਦੀਆਂ ਬਾਰੀਕੀਆਂ ਨੂੰ ਸਿਖਿਆ ਹੈ। ਵਰਤਮਾਨ ਸਮੇਂ ਵਿੱਚ ਉਹ ਸਰਦਾਰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਵਲੋਂ ਸਥਾਪਿਤ ਕੀਤੀ ਅਮੀਰ ਰੰਗਮੰਚ ਪਰੰਪਰਾ ਦੇ ਹੋਣਹਾਰ ਵਾਰਿਸ ਦੇ ਰੂਪ ਵਿੱਚ ਆਪਣੇ ਆਪ ਨੂੰ ਸਥਾਪਤ ਕਰ ਚੁੱਕਿਆ ਹੈ।

# ਜੁਗ ਜੁਗ ਜੀਓ, ਇਹ ਮੇਰੀ ਹੈ ਆਰਜ਼ੂ

## ਸਿਹਤ ਲਈ ਜਾਣਕਾਰੀ



**ਡਾ. ਹਰਬੰਸ ਕੌਰ ਦਿਓਲ**

"ਚੰਨੀਏ, ਅੰਦਰ ਲੰਘ ਆ। ਆਹ ਤਾਂ ਬਹੁਤ ਹੀ ਚੰਗਾ ਕੀਤਾ ਤੂੰ ਆ ਗਈ, ਮੈਂ ਤਾਂ ਕਈ ਸੁਨੇਹੇ ਭੇਜੇ ਸੀ ਤੇਰੇ ਵੱਲ। ਮੇਰੀਆਂ ਤਾਂ ਅੱਖਾਂ ਤਰਸ ਗਈਆਂ ਤੈਨੂੰ ਦੇਖਣ ਨੂੰ, ਅੱਜ ਖੁੱਲ੍ਹ ਕੇ ਗੱਲਾਂ ਕਰਨੀਆਂ ਨੇ ਮੈਂ ਤੇਰੇ ਨਾਲ।... ਪ੍ਰੀਤ ਵਧੀਆ ਜਿਹੀ ਚਾਹ ਬਣਾ ਕੇ ਲਿਆ ਮੇਰੀ ਧੀ ਲਈ।" ਚਾਚੀ ਨੇ ਇੱਕੋ ਸਾਹ ਵਿੱਚ ਕਿਹਾ।

"ਚਾਚੀ ਸੁੱਖ-ਸਾਂਦ ਹੈ? ਮੈਨੂੰ ਤਾਂ ਕੰਮਾਂ ਨੇ ਐਨਾ ਘੇਰਿਆ, ਬਸ ਵਿਹਲ ਹੀ ਨਹੀਂ ਮਿਲੀ।" ਚੰਨੀ ਨੇ ਦੇਹਲੀ ਲੰਘਦਿਆਂ ਕਿਹਾ।

"ਕੀ ਦੱਸਾਂ! ਮੈਨੂੰ ਤਾਂ ਪ੍ਰੀਤ ਦਾ ਫਿਕਰ ਵੱਢ ਵੱਢ ਖਾਈ ਜਾਂਦਾ, ਸਮਝ ਨਹੀਂ ਆਉਂਦਾ ਕਿੱਥੋਂ ਸ਼ੁਰੂ ਕਰਾਂ!... ਲੈ ਸੁਣ, ਮੈਂ ਗਈ ਸੀ ਪੇਕਿਆਂ ਨੂੰ, ਕਈ ਮਹੀਨੇ ਲੱਗ ਗਏ ਉੱਥੇ।"

"ਆਹਾ! ਚਾਚੀ ਤਾਂ ਵੇਕੇਸ਼ਨ 'ਤੇ ਜਾ ਕੇ ਆਈ ਐ।"

"ਨੀਂ ਕੇਸ਼ਨ ਕੁਸਨ ਕਾਹਦੀ! ਮੈਂ ਤਾਂ ਕਿਸ਼ਨੇ ਵੀਰੇ ਦੀ ਖਬਰ ਨੂੰ ਗਈ ਸੀ, ਜਾ ਕੇ ਫਸ ਗਈ। ਭਾਬੀ ਨੇ ਜ਼ਬਰਦਸਤੀ ਰੋਕ ਲਿਆ, ਕਹਿੰਦੀ ਥੋੜ੍ਹੇ ਦਿਨਾਂ ਲਈ ਹੱਥ ਵਟਾ ਕੇ ਜਾਈਂ। ਇੱਕ ਹਫਤਾ, ਦੋ ਹਫਤੇ, ਮਹੀਨੇ- ਦਿਨਾਂ ਦੇ ਨਿਕਲਦਿਆਂ ਪਤਾ ਹੀ ਨਹੀਂ ਲੱਗਿਆ। ਦੋ-ਤਿੰਨ ਮਹੀਨੇ ਲੰਘ ਗਏ, ਸ਼ੁਕਰ ਰੱਬ ਦਾ, ਵੀਰਾ ਠੀਕ ਐ ਹੁਣ। ਜਿੰਦਣ ਮੁੜ ਕੇ ਆਈ, ਘਰ ਵੜਦੀ ਨੂੰ ਹਨੇਰਾ ਹੋ ਗਿਆ ਸੀ। ਵਿਹੜੇ ਵਿੱਚ ਵੱਡਾ ਸਾਰਾ ਡਰੰਮ ਜਿਹਾ ਪਿਆ ਸੀ। ਮੈਨੂੰ ਰਾਤ ਨੂੰ ਦਿਸਦਾ ਘੱਟ ਐ। ਚਿੱਤ ਵਿੱਚ ਆਇਆ, ਮੁੰਡੇ ਨੇ ਇਹ ਕੀ ਬੇ-ਅਕਲੀ ਕੀਤੀ ਹੈ, ਵਿਹੜੇ ਦੇ ਵਿਚਾਲੇ ਹੀ ਰੱਖ ਦਿੱਤਾ। ਜਦੋਂ ਮੈਂ ਅੱਗੇ ਨੂੰ ਹੋਈ ਤਾਂ ਥੋੜ੍ਹੀ ਹਿਲਜੁਲ ਹੋਈ, ਫਿਰ ਆਵਾਜ਼ ਆਈ। ਉਹ ਨਿਕਲੀ ਪ੍ਰੀਤ। ਮੈਂ ਤਾਂ ਸੁੰਨ ਜਿਹੀ ਹੋ ਗਈ, ਪ੍ਰੀਤ ਦਾ ਤਾਂ ਪ੍ਰੀਤਾ ਬਣ ਗਿਆ ਦੋ-ਤਿੰਨ ਮਹੀਨੇ ਵਿੱਚ। ਸੱਚੀਂ! ਬਿਲਕੁਲ ਭੜੋਲਾ ਲੱਗਦੀ ਸੀ।

ਰੱਬ ਜਾਣੇ ਕੀ ਕੀ ਖਾਂਦੀ ਰਹੀ ਸੀ ਇਹ!

ਚੰਨੀ, ਹੁਣ ਇਹਦਾ ਕੀ ਬਣੂ? ਇਸ ਉਮਰ 'ਚ ਹੀ ਇਹਦਾ ਇਹ ਹਾਲ ਹੈ?" ਮੱਥੇ 'ਤੇ ਹੱਥ ਮਾਰ ਕੇ ਚਾਚੀ ਨੇ ਕਿਹਾ।

"ਮੈਂ ਤਾਂ ਬਹੁਤ ਡਰ ਗਈ। ਲੈ ਕੇ ਗਈ ਡਾਕਦਾਰ ਦੇ, ਆਹ ਆਪਣੇ ਨੇੜੇ ਈ ਹੈ ਉਹ! ਕਹਿੰਦਾ, ਇਹਦੀ ਚਰਬੀ ਵਧਦੀ ਹੈ ਅਤੇ ਖੂਨ 'ਚ ਸ਼ੂਗਰ ਵਧੀ ਹੋਈ ਹੈ। ਜੜੀ-ਬੂਟੀ ਕੋਈ ਦਿੱਤੀ ਨਹੀਂ। ਇਹ ਤਾਂ ਦੇਖਣ ਤੋਂ ਪਤਾ ਲੱਗਦਾ ਇਹਦੀ ਚਰਬੀ ਵਧਦੀ ਐ, ਤੂੰ ਕਿਹੜਾ ਤੀਰ ਮਾਰਿਆ? ਮੈਂ ਕਿਹਾ ਉਹਨੂੰ, ਮੈਂ ਤਾਂ ਡੋਰ ਤੇਰੇ 'ਤੇ ਛੱਡ'ਤੀ, ਕਰ ਕੁਝ ਇਹਦਾ!" ਚਾਚੀ ਨੇ ਸਾਰੀ ਵਾਰਤਾ ਸੁਣਾ ਦਿੱਤੀ।

"ਦੀਦੀ ਮੈਂ ਤਾਂ ਖਾਣਾ ਵੀ ਅੱਧਾ ਕਰ ਦਿੱਤਾ ਏ ਅਤੇ ਰੋਜ਼ ਇੱਕ ਮੀਲ ਤੋਂ ਜ਼ਿਆਦਾ ਤੁਰਦੀ ਹਾਂ, ਕੋਈ ਫ਼ਰਕ ਈ ਨਹੀਂ ਪੈ ਰਿਹਾ" ਪ੍ਰੀਤ ਨੇ ਮੇਜ਼ 'ਤੇ ਡਰਦੀ ਡਰਦੀ ਨੇ ਚਾਹ ਰੱਖਦਿਆਂ ਕਿਹਾ।

"ਚੰਨੀਏ, ਸਾਰਾ ਦਿਨ ਚਰਦੀ ਰਹਿੰਦੀ ਹੈ, ਜਦੋਂ ਦੇਖੋ ਫਰਿਜ 'ਚ ਵੜੀ ਹੁੰਦੀ ਹੈ। ਤੁਰਦੀ ਦੀ ਧਮਕ ਗੁਆਂਢੀਆਂ ਦੇ ਸੁਣਦੀ ਹੋਣੀ ਹੈ? ਮੈਂ ਕਿਹਾ, ਤੂੰ ਤਾਂ ਫਰਸ਼ ਵਿੱਚ ਟੋਏ ਪਾ ਦੇਣੇ ਨੇ, ਮੂੰਹ 'ਤੇ ਤਾਂ ਕਾਬੂ ਹੈ ਨਹੀਂ ਭੋਰਾ!" ਚਾਚੀ ਦੇ ਬੋਲਾਂ ਵਿੱਚ ਫਿਕਰ ਵੀ ਸੀ।

"ਆ ਬੈਠ, ਆਪਾਂ ਇਹਦਾ ਹੱਲ ਕੱਢੀਏ।" ਚੰਨੀ ਨੂੰ ਪ੍ਰੀਤ ਦੀ ਬੇਵਸੀ ਦਾ ਅਹਿਸਾਸ ਹੋ ਰਿਹਾ ਸੀ।

"ਇਹ ਤਾਂ ਬਿਮਾਰੀ ਹੈ, ਇਸ ਨੂੰ ਮੈਟਾਬੋਲਿਕ ਸਿੰਡਰੋਮ (Metabolic Syndrome) ਕਹਿੰਦੇ ਨੇ। ਇਸ ਦਾ ਕਾਰਨ ਹੈ ਕਿ ਇਨਸੁਲਿਨ (Insulin) ਆਪਣਾ ਕੰਮ ਕਰਨ ਦੇ ਅਸਮਰਥ ਹੋ ਜਾਂਦੀ ਹੈ, ਜਿਸ ਨੂੰ ਇਨਸੁਲਿਨ ਰਜਿਸਟੈਂਸ (Insulin Resistance) ਕਹਿੰਦੇ ਹਨ, ਜੋ ਸਾਰੀ ਬਿਮਾਰੀਆਂ ਦੀ ਜੜ ਹੈ। ਜੇ ਆਪਾਂ ਸਿਹਤਮੰਦ (Healthy) ਖੁਰਾਕ ਖਾਈਏ ਤਾਂ ਖੁਰਾਕ ਹਜ਼ਮ ਹੋ ਕੇ ਖੂਨ ਵਿੱਚ ਚਲੀ ਜਾਂਦੀ ਹੈ। ਜ਼ਿਆਦਾ ਤੌਰ 'ਤੇ ਗੁਲੂਕੋਜ਼ ਬਣ ਕੇ ਇਨਸੁਲਿਨ ਇਸ ਨੂੰ ਸਰੀਰ ਦੇ ਵੱਖ-ਵੱਖ ਹਿੱਸਿਆਂ ਦੇ ਸੈੱਲਾਂ ਤੱਕ ਪਹੁੰਚਾ ਦਿੰਦੀ ਹੈ। ਜੋ ਫਾਲਤੂ ਹੁੰਦੀ ਹੈ, ਉਹ ਲਿਵਰ ਵਿੱਚ ਜਮ੍ਹਾਂ ਹੋ ਜਾਂਦੀ ਹੈ- ਗਲਾਈਕੋਜਨ ਜਾਂ ਫੈਟ ਬਣ ਕੇ। ਜਦੋਂ ਆਪਾਂ ਨਹੀਂ ਖਾਂਦੇ ਜਾਂ ਕਸਰਤ ਵੇਲੇ ਜਾਂ ਨੀਂਦ ਵੇਲੇ ਇਹ ਸਟੋਰ ਕੀਤੀ ਫੈਟ ਅਤੇ ਗਲਾਈਕੋਜਨ ਸਰੀਰ ਨੂੰ ਐਨਰਜੀ ਦਿੰਦੀ ਹੈ। ਜੇ ਆਪਾਂ ਅਲਟਰਾਰਿਫਾਇੰਡ (Ultrarefined) ਖੁਰਾਕ ਖਾਈਏ ਜਾਂ ਜ਼ਰੂਰਤ ਤੋਂ ਜ਼ਿਆਦਾ ਜਾਂ ਮੁੜ-ਮੁੜ ਕੇ ਖਾਂਦੇ ਜਾਈਏ ਅਤੇ ਆਪਣੀਆਂ ਅੰਤੜੀਆਂ ਦੇ ਚੰਗੇ ਕੀਟਾਣੂ ਆਪਣਾ ਕੰਮ ਕਰਨ ਦੇ ਕਾਬਿਲ ਨਾ ਹੋਣ ਤਾਂ ਜ਼ਿਆਦਾ ਫੈਟ ਲਿਵਰ ਵਿੱਚ, ਚਮੜੀ ਦੇ ਥੱਲੇ ਅਤੇ ਪੇਟ ਵਿੱਚ ਜਮ੍ਹਾਂ ਹੋ ਜਾਂਦੀ ਹੈ ਤੇ ਫੈਟੀ ਲਿਵਰ ਆਪਣਾ ਕੰਮ ਨਹੀਂ ਨਿਭਾਅ ਸਕਦਾ।"

"ਦੀਦੀ ਇਸ ਕਰਕੇ ਕੀ ਦਿੱਕਤ ਆਉਂਦੀ ਏ?"

"ਪ੍ਰੀਤ, ਜੋ ਸਰੀਰ ਵਿੱਚ ਟੌਕਸਨਜ਼ (Toxins) ਹੁੰਦੀਆਂ ਹਨ, ਉਹ ਬਾਹਰ ਨਹੀਂ ਨਿਕਲਦੀਆਂ ਅਤੇ ਮੈਟਾਬੋਲਿਸਮ 'ਤੇ ਭਾਰੀ ਅਸਰ ਹੁੰਦੈ। ਜਿਉਂ ਜਿਉਂ ਚਰਬੀ ਜਮ੍ਹਾਂ ਹੁੰਦੀ ਜਾਂਦੀ ਹੈ, ਬੰਦਾ ਮੋਟਾ ਹੋਈ ਜਾਂਦੈ। ਇਸ ਉੱਤੇ ਕਾਬੂ ਨਾ ਕਰੀਏ ਤਾਂ ਹੋਰ ਬਿਮਾਰੀਆਂ- ਜਿਸ ਤਰ੍ਹਾਂ ਸ਼ੂਗਰ, ਕੋਲੈਸਟਰੋਲ (Cholesterol) ਬਲੱਡ ਪ੍ਰੈਸ਼ਰ, ਜੋੜਾਂ ਦੀਆਂ, ਦਿਲ ਦੀਆਂ ਅਤੇ ਕੈਂਸਰ ਵਗੈਰਾ ਹੋ ਜਾਂਦੀਆਂ ਹਨ। ਸ਼ੂਗਰ ਜ਼ਿਆਦਾ ਹੋਣ ਕਰਕੇ ਸਰੀਰ ਵਿੱਚ ਇਨਫਲੇਮੇਸ਼ਨ ਹੁੰਦੀ ਹੈ, ਜੋ ਇਹ ਬਿਮਾਰੀਆਂ ਦੀ ਜੜ ਹੈ।"

"ਕਰ ਲੈ ਘਿਉ ਨੂੰ ਭਾਂਡਾ! ਹੋਰ ਖਾਹ ਬਰਫੀ ਤੇ ਜਲੇਬੀਆਂ! ਇਹ ਤਾਂ ਮਾਰੀ ਐ ਜੀਭ ਦੇ ਸਵਾਦਾਂ ਨੇ, ਇਹਨੂੰ ਕੋਈ ਬਿਮਾਰੀ ਬਮੂਰੀ ਨ੍ਹੀਂ ਹੈ। ਤੂੰ ਇਹਦੇ ਮੂੰਹ 'ਤੇ ਲਾ ਦੇ ਜ਼ਿੱਪਰ, ਫਿਰ ਦੇਖ ਸ਼ੂਗਰ ਸ਼ਾਗਰ ਕਿੱਥੇ ਜਾਂਦੀ ਏ! ਮੇਰੀ ਤਾਂ ਕੋਈ ਗੱਲ ਇਹਦੇ ਪੱਲੇ ਨਹੀਂ ਪੈਂਦੀ, ਤੂੰ ਹੀ ਕਰ ਕੋਈ ਹੀਲਾ।" ਕਹਿ ਕੇ ਚਾਚੀ ਉਠ ਚਲੀ।

"ਚਾਚੀ ਇਹ ਤਾਂ ਠੀਕ ਤਰੀਕਾ ਨਹੀਂ, ਇਸ ਨੂੰ ਆਪਣੀ ਮਦਦ ਦੀ ਅਤੇ ਹੱਲਾਸ਼ੇਰੀ ਦੀ ਜ਼ਰੂਰਤ ਹੈ। ਇਸ ਲੈਵਲ 'ਤੇ ਆ ਕੇ ਬੰਦਾ ਬੇਵਸ ਹੋ ਜਾਂਦਾ, ਕਿਉਂਕਿ ਸਰੀਰ ਦੇ ਵੱਖਰੇ ਵੱਖਰੇ ਹਾਰਮੋਨਜ਼ (Hormones) ਬੇਕਾਬੂ ਹੋ ਜਾਂਦੇ ਨੇ।" ਚੰਨੀ ਨੇ ਚਾਚੀ ਨੂੰ ਕਿਹਾ।

"ਚੰਗਾ, ਚੰਗਾ! ਤੂੰ ਤਾਂ ਇਹਦਾ ਹੀ ਪਾਸਾ ਲੈਣਾ। ਮੈਂ ਭਾਗੋ ਦੇ ਹੋ ਕੇ ਆਉਂਦੀ ਆਂ, ਦੇਖ ਇਹਦੇ ਭੇਜੇ 'ਚ ਕੁਝ ਵੜਦਾ ਐ!"


"ਸੁਣ ਪ੍ਰੀਤ, ਸਿਹਤ ਦੇ ਚਾਰ ਥੰਮ੍ਹ ਹੁੰਦੇ ਨੇ: ਵਧੀਆ ਖੁਰਾਕ, ਰੋਜ਼ਾਨਾ ਐਕਸਰਸਾਈਜ਼, ਤਣਾਅ (Stress) ਨੂੰ ਘਟਾਉਣਾ ਅਤੇ ਸੱਤ-ਅੱਠ ਘੰਟੇ ਸੌਣਾ ਜ਼ਰੂਰੀ ਹੈ। ਸੌਣ ਵੇਲੇ ਦਿਮਾਗ ਅਤੇ ਸਰੀਰ ਦੀ ਮੁਰੰਮਤ (Repair) ਹੁੰਦੀ ਹੈ।"

"ਦੀਦੀ, ਮੈਂ ਸਭ ਕੁਝ ਕਰਨ ਲਈ ਤਿਆਰ ਹਾਂ। ਮੇਰੀ ਸਭ ਤੋਂ ਵੱਡੀ ਸਮੱਸਿਆ ਹੈ ਕਿ ਮੈਨੂੰ ਹਰ ਦੋ-ਤਿੰਨ ਘੰਟਿਆਂ ਬਾਅਦ ਐਨੀ ਭੁੱਖ ਲੱਗਦੀ ਹੈ ਤੇ ਮੇਰਾ ਕਾਬੂ ਨਹੀਂ ਰਹਿੰਦਾ।"

"ਮੈਨੂੰ ਪਤਾ ਏ, ਇਹ ਸਭ ਤੇਰੀ ਖੁਰਾਕ ਅਤੇ ਤੇਰੀ ਅੰਤੜੀਆਂ ਦੇ ਚੰਗੇ ਕੀਟਾਣੂਆਂ (Gut Microbiome) ਨਾਲ ਸੰਬੰਧਿਤ ਹੈ।"

"ਦੀਦੀ ਇਹ ਕੀਟਾਣੂ ਕੀ ਹੁੰਦੇ ਨੇ?"

"ਇਹ ਤੁਹਾਡੀ ਖੁਰਾਕ ਦੀ ਨਾਲੀ ਦੇ ਅਖੀਰਲੇ ਹਿੱਸੇ ਵਿੱਚ ਰਹਿੰਦੇ ਨੇ, ਇਹ ਕੋਈ 39 ਟ੍ਰਿਲੀਅਨ ਦੀ ਗਿਣਤੀ ਵਿੱਚ ਹਨ। ਇਹ ਆਪਣੀ ਸਿਹਤ ਲਈ ਬਹੁਤ ਲਾਭਦਾਇਕ ਕੰਮ ਕਰਦੇ ਹਨ, ਜਿਵੇਂ:



1. ਹਾਨੀਕਾਰਕ ਕੀਟਾਣੂਆਂ ਉੱਤੇ ਕਾਬੂ ਰੱਖਦੇ ਨੇ।
2. ਇਮਿਊਨ ਸਿਸਟਮ (Immune System) ਨੂੰ ਜ਼ਬਰਦਸਤ ਬਣਾਉਂਦੇ ਨੇ।
3. Fiber ਤੋਂ Short Chain Fatty Acid ਬਣਾ ਕੇ ਸਰੀਰ ਵਿੱਚ ਵਿਟਾਮਿਨ 'ਬੀ' ਅਤੇ 'ਕੇ' ਬਣਾਉਂਦੇ ਹਨ।
4. ਦਿਮਾਗ ਤੋਂ ਆਪਾਂ ਨੂੰ ਖੁਸ਼ ਕਰਨ ਵਾਲੇ ਹਾਰਮੋਨ ਪੈਦਾ ਕਰਨ ਲਈ ਸਿਗਨਲ ਭੇਜਦੇ ਹਨ।
5. ਭਾਰ ਤੇ ਸ਼ੂਗਰ ਨੂੰ ਠੀਕ ਲੈਵਲ ਉੱਤੇ ਰੱਖਦੇ ਹਨ।

ਜੇ ਉਹ ਆਪਣਾ ਕੰਮ ਸਹੀ ਨਾ ਕਰਨ ਤਾਂ ਇਹ ਸਭ ਕੁਝ ਰੁਕ ਜਾਂਦਾ ਹੈ। ਇਨ੍ਹਾਂ ਨੂੰ ਬੱਚਿਆਂ ਵਾਂਗ ਪਾਲਣਾ ਪੈਂਦਾ ਹੈ; ਪਾਲਣਾ ਹੀ ਨਹੀਂ, ਖੁਸ਼ ਰੱਖਣਾ ਚਾਹੀਦਾ ਹੈ। ਜੇ ਉਹ ਖੁਸ਼ ਅਤੇ ਸਿਹਤਮੰਦ ਹੋਣਗੇ ਤਾਂ ਤੁਸੀਂ ਵੀ ਖੁਸ਼ ਰਹੋਗੇ, ਸਿਹਤਮੰਦ ਰਹਿ ਕੇ।"

"ਪਹਿਲਾਂ ਮਾਂ-ਪਿਉ ਨੂੰ ਖੁਸ਼ ਕਰਨਾ, ਫਿਰ ਸੱਸ ਨੂੰ (ਜੋ ਨਾ ਮੁਮਕਿਨ ਹੈ), ਫਿਰ ਘਰ ਵਾਲੇ ਨੂੰ, ਹੁਣ ਇਨ੍ਹਾਂ ਨੂੰ! ਪ੍ਰੀਤ ਦੀ ਤਾਂ ਵਾਰੀ ਕਟੀ ਗਈ, ਆਉਣੀ ਨ੍ਹੀਂ।" ਪ੍ਰੀਤ ਨੇ ਹੱਸ ਕੇ ਕਿਹਾ।

"ਸੁਣ ਅੱਗੇ, ਇਨ੍ਹਾਂ ਚੰਗੇ ਕੀਟਾਣੂਆਂ ਨੂੰ ਖੁਸ਼ ਕਰਨਾ ਤਾਂ ਸੌਖਾ ਈ ਹੈ, ਇਨ੍ਹਾਂ ਨੂੰ ਫਾਈਬਰ ਵਾਲੀ ਖੁਰਾਕ ਅਤੇ ਫਰਮੈਂਟਡ ਫੂਡ (Fermented Food) ਦਿੰਦੇ ਰਵੋ, ਬਸ ਉਨ੍ਹਾਂ ਦੇ ਪੌਂ ਬਾਰਾਂ!"

"ਦੀਦੀ, ਮੈਂ ਕਾਗਜ਼ 'ਤੇ ਲਿਖ ਲੈਨੀ ਆਂ, ਯਾਦ ਨਹੀਂ ਰਹਿਣਾ ਸਾਰਾ ਕੁਝ।"

"ਤਿਆਰ ਹੈ ਪ੍ਰੀਤ? ਚਲ ਲਿੱਖ, ਇਹ ਖੁਰਾਕ ਤੇਰੇ ਲਈ ਅਤੇ ਤੇਰੇ ਕੀਟਾਣੂਆਂ ਲਈ ਫਾਇਦੇਮੰਦ ਹੈ:

1. ਹੋਲ ਫੂਡਸ, ਜਿਹੜੇ ਘੱਟ ਪ੍ਰੋਸੈਸ ਕੀਤੇ ਹੋਣ, ਉਹ ਬਹੁਤ ਚੰਗੇ ਹਨ।
2. ਗੂੜ੍ਹੇ ਹਰੇ ਰੰਗ ਵਾਲੀਆਂ ਪੱਤੇਦਾਰ ਸਬਜ਼ੀਆਂ।
3. ਰੰਗ-ਬਰੰਗੇ ਫਲ ਤੇ ਸਬਜ਼ੀਆਂ ਅਤੇ ਮਸ਼ਰੂਮ ਤੇ ਐਵਾਕਾਡੋ ਆਦਿ।
4. ਬੈਰੀਜ਼, ਬਰੋਕਲੀ, ਗੋਭੀ, ਕੀਵੀ, ਸੇਬ, ਨਾਸ਼ਪਾਤੀ।
5. ਫਿਸ਼, ਅੰਡੇ; ਹਲਦੀ, ਲਸਣ, ਪਿਆਜ।
6. ਹੋਲ ਬੀਨਜ਼, ਕੀਨਵਾ ਬਰਾਊਨ ਚੌਲ।
7. ਚਾਹ, ਕੌਫੀ Cow Diary ਤੋਂ ਬਿਨਾ।
8. ਨਟਸ, ਸੀਡਸ।
9. ਫਰਮੈਂਟਡ ਫੂਡ (Fermented Food) ਜਿਵੇਂ- ਸਾਵਰਕਰਾਉਟ, ਕਾਫੀਅਰ (Kafir), ਦਹੀਂ, ਆਚਾਰ, ਕਿਮਚੀ, ਟੈਮਪੈਹ, ਮੀਜ਼ੋ।"

"ਦੀਦੀ ਇਨ੍ਹਾਂ ਵਿੱਚ ਮੇਰੀ ਪਸੰਦ ਦਾ ਤਾਂ ਕੁਝ ਵੀ ਨਹੀਂ।"

"ਪ੍ਰੀਤ ਅਗਲੀ ਲਿਸਟ ਵੱਲ ਵੀ ਬਹੁਤ ਧਿਆਨ ਦੇਣਾ ਜ਼ਰੂਰੀ ਹੈ, ਕਿਉਂਕਿ ਇਹ ਖੁਰਾਕ ਖਾਣ ਨਾਲ ਤੇਰੇ ਚੰਗੇ ਕੀਟਾਣੂ ਮਰ ਜਾਂਦੇ ਨੇ। ਸੋ ਹਾਨੀਕਾਰਕ ਖੁਰਾਕ ਵਿੱਚ ਹਨ:

ਚੀਨੀ ਹਰ ਤਰ੍ਹਾਂ ਦੀ, ਮੈਦੇ ਦੀਆਂ ਬਣੀਆਂ ਚੀਜ਼ਾਂ, ਬਰੈਡ, ਪਾਸਤਾ, ਕੁਕੀਜ਼, ਕੇਕ, ਮਿਠਾਈਆਂ, ਤਲੀਆਂ ਚੀਜ਼ਾਂ, ਚਿੱਟੇ ਚੌਲ, ਸੋਢਾ, ਐਨਰਜੀ ਡਰਿੰਕਸ, ਜੂਸ, ਹਾਈ ਫਰੋਕਟੋਜ਼ ਕੌਰਨ ਸਿਰਪ, ਜਿਹਦੇ ਨਾਲ ਫੈਟੀ ਲਿਵਰ ਬਣ ਜਾਂਦਾ; ਪੈਕ ਕੀਤੇ ਫੂਡ ਵਿਸ਼ੇਸ਼ ਕਰ ਕੇ ਜਿਨ੍ਹਾਂ ਉੱਤੇ ਇਨਗਰੀਡੀਐਨਟਸ (Ingredients) ਦੀ ਲੰਮੀ ਲਿਸਟ ਹੋਵੇ, ਪ੍ਰੋਸੈਸਡ ਮੀਟਸ ਜਿਵੇਂ ਸਲਾਮੀ ਅਤੇ ਹੌਟ ਡੌਗਜ਼, ਬਟਰਡ ਪੌਪ ਕੌਰਨਜ਼ ਜਾਂ ਵੈਜੀਟੇਬਲ ਤੇਲ, ਤਲਿਆ ਭੋਜਨ ਤੇ ਇਨਸਟੈਂਟ ਫੂਡਜ਼ ਅਤੇ ਉਹ ਖੁਰਾਕ ਇਸਤੇਮਾਲ ਨਾ ਕਰੋ, ਜਿਸ ਵਿੱਚ ਪੈਸਟੀਸਾਈਡਸ additives, coloring, antibiotics ਸ਼ਾਮਲ ਕੀਤੇ ਹੋਣ।"

"ਦੀਦੀ, ਇਹ ਸਭ ਕੁਝ ਜੋ ਸਿਹਤ ਲਈ ਹਾਨੀਕਾਰਕ ਹੈ, ਕਿਉਂ ਸਾਰੇ ਸਟੋਰ ਇਨ੍ਹਾਂ ਨਾਲ ਭਰੇ ਪਏ ਨੇ?"

"ਕਿਉਂਕਿ ਖਾਣੇ ਵਾਲੀਆਂ ਕੰਪਨੀਆਂ ਖੁਰਾਕ ਨੂੰ ਮਿੱਠਾ ਅਟਰੈਕਟਿਵ ਬਣਾ ਕੇ ਅਤੇ ਇਨ੍ਹਾਂ ਨੂੰ ਲੰਮੀ ਮਿਆਦ ਵਾਲਾ ਬਣਾ ਕੇ ਜ਼ਿਆਦਾ ਮੁਨਾਫਾ ਆਪਣੀ ਜੇਬ ਵਿੱਚ ਪਾ ਸਕਦੀਆਂ ਹਨ।...ਜਦੋਂ ਖੁਰਾਕ ਖਰੀਦਣੀ ਹੈ, ਕੋਸ਼ਿਸ਼ ਕਰੋ ਜਿੰਨੀ ਵੀ ਕੁਦਰਤੀ ਜਾਂ ਤਾਜ਼ਾ ਹੋਵੇ, ਖਰੀਦੋ। ਜੇ ਪੈਕੇਜ ਵਾਲੀ ਖੁਰਾਕ ਲੈਣੀ ਪੈ ਜਾਵੇ, ਲੇਵਲ ਪੜ੍ਹ ਕੇ ਧਿਆਨ ਨਾਲ ਦੇਖ ਕੇ ਹੀ ਲਵੋ।"

"ਕੀ ਖਾਣਾ ਬਣਾਉਣ ਵੇਲੇ ਕਿਸੇ ਕਿਸਮ ਦਾ ਖਿਆਲ ਰੱਖਣਾ ਚਾਹੀਦਾ ਹੈ?"

"ਹਾਂ ਪ੍ਰੀਤ, ਖੁਰਾਕ ਜਾਂ ਭੋਜਨ ਹੋ ਸਕੇ ਘਰ ਹੀ ਬਣਾਓ। ਬਣਾਉਣ ਸਮੇਂ ਥੋੜ੍ਹੇ ਸਮੇਂ ਤੇ ਘੱਟ ਤਾਪਮਾਨ ਉੱਤੇ। ਜੇ ਹੋ ਸਕੇ ਕੁਝ ਤਰੀਕੇ ਇਹ ਅਪਨਾਓ, ਜਿਵੇਂ: Steaming, Oven, Sauteing, Blanching ਬਿਹਤਰ ਹੈ।

ਪਰ ਗਰਿਲ ਕਰਨਾ ਅਤੇ ਫਰਾਈ ਕਰਨਾ ਖਤਰਨਾਕ ਹੈ, ਕਿਉਂਕਿ ਏਜ਼ ਉਤਪਾਦ (AGE: Advanced Glycation End products) ਬਣ ਜਾਂਦੀਆਂ ਹਨ, ਜੋ ਕੈਂਸਰ ਕਰਦੀਆਂ ਹਨ।"

"ਤੇਲ ਕਿਹੜਾ ਚੰਗਾ ਐ?"

"ਐਵਾਕਾਡੋ, ਕੋਕੋਨਟ, ਸੈਸਮੀ ਅਤੇ ਕਲੇਰੀਫਾਈਡ ਬਟਰ ਚੰਗੇ ਹਨ। ਵੈਜੀਟੇਬਲ ਤੇਲ ਦਾ ਬਿਲਕੁਲ ਇਸਤੇਮਾਲ ਨਹੀਂ ਕਰਨਾ। ਔਲਿਵ ਤੇਲ ਬਹੁਤ ਅੱਛਾ ਹੈ ਸੈਲਡ ਵਗੈਰਾ ਲਈ, ਰੂਮ ਟੈਂਪਰੇਚਰ 'ਤੇ। ਫਰਾਈ ਕਰਨ ਲਈ ਨਹੀਂ।"

"ਚਲੋ ਦੀਦੀ ਹੁਣ ਖਾਣ ਵੱਲ।"

"ਖਾਣਾ ਜ਼ਿਆਦਾ ਘਰ ਵਿੱਚ ਹੀ ਬਣਾ ਕੇ ਖਾਣਾ ਚੰਗਾ ਹੈ ਪਰਿਵਾਰ ਵਿੱਚ ਬੈਠ ਕੇ। ਟੀ.ਵੀ. ਅਤੇ ਸੈਲਫੋਨ ਬੰਦ ਕਰਕੇ, ਆਰਾਮ ਨਾਲ, ਰੱਬ ਦਾ ਸ਼ੁਕਰ ਕਰਕੇ, ਖੁਸ਼ੀ ਖੁਸ਼ੀ ਗੱਲਾਂ ਕਰਦੇ ਖਾਣਾ ਚਾਹੀਦਾ ਹੈ। ਖਾਣ ਤੋਂ 20-30 ਮਿੰਟ ਪਹਿਲਾਂ ਪਾਣੀ ਪੀਓ, ਸ਼ੂਗਰ ਸਪਾਈਕ ਘੱਟ ਕਰਨ ਲਈ।


ਖਾਣਾ ਸ਼ੁਰੂ ਕਰਨ ਵੇਲੇ ਐਪਲ ਸਾਈਡਰ ਵਿਨੇਗਰ ਇੱਕ ਚਮਚ ਪਾਣੀ ਵਿੱਚ ਪਾ ਕੇ ਸਟਰਾਅ ਨਾਲ ਪੀ ਲਵੋ, ਜੇ ਜ਼ਿਆਦਾ ਖੱਟਾ ਲੱਗਦਾ ਹੈ ਤਾਂ ਸਲਾਦ ਦੇ ਨਾਲ ਲੈ ਸਕਦੇ ਹੋ। ਨੌਂ ਇੰਚ ਪਲੇਟ ਲੈ ਕੇ ਅੱਧੀ ਪਲੇਟ ਸਲਾਦ ਨਾਲ ਭਰ ਲਓ, ਆਪਣੀ ਮਰਜ਼ੀ ਦਾ ਰੋਜ਼ ਬਦਲ ਕੇ ਹਰੀਆਂ, ਪੱਤੇ ਵਾਲੀਆਂ ਅਤੇ ਰੰਗ-ਬਰੰਗੀਆਂ ਸਬਜ਼ੀਆਂ ਨਾਲ। ਚੌਥੇ ਹਿੱਸੇ ਵਿੱਚ ਪ੍ਰੋਟੀਨ ਅਤੇ ਫੈਟ ਕਰੀਬ ਤਿੰਨ ਔਂਸ ਮੀਟ ਜਾਂ ਟੋਫੂ, ਫਿਸ਼, ਪਨੀਰ ਸੋਇ ਜਾਂ ਅੰਡੇ; ਬੀਨਸ ਜਾਂ ਲੈਨਟਲਜ਼ ਪਾ ਲਵੋ। ਅਖੀਰਲੇ ਚੌਥੇ ਹਿੱਸੇ ਵਿੱਚ ਬਰਾਊਨ ਚੌਲ ਜਾਂ ਕੀਨਵਾ ਜਾਂ ਇੱਕ ਪੀਸ ਸਾਵਰ ਡੋਅ ਬਰੈਡ ਵਗੈਰਾ ਲੈ ਸਕਦੇ ਹੋ।

ਚੀਜ਼, ਦਹੀਂ, ਨਟਸ ਅਤੇ ਸੀਡ ਦਾ ਇਸਤੇਮਾਲ ਕਰ ਸਕਦੇ ਹੋ। ਖਾਣ ਤੋਂ ਬਾਅਦ 15-20 ਮਿੰਟ ਲਈ ਹਲਕੀ-ਫੁਲਕੀ ਕਸਰਤ ਕਰਨ ਨਾਲ ਵੀ ਸ਼ੂਗਰ ਸਪਾਈਕ ਘਟ ਜਾਂਦੀਆਂ ਹਨ। ਜਦੋਂ ਵੀ ਖਾਂਦੇ ਹੋ ਸ਼ੂਗਰ ਅਤੇ ਉਹਦੇ ਕਰਕੇ ਇਨਸੁਲਿਨ ਉੱਪਰ ਜਾਂਦੀ ਹੈ। ਇਨਸੁਲੀਨ ਭਾਰ ਵਧਾ ਦਿੰਦੀ ਹੈ। ਜਿੰਨੀ ਵਾਰੀ ਇਨਸੁਲਿਨ ਉੱਤੇ ਜਾਏਗੀ ਉਨਾ ਜ਼ਿਆਦਾ ਚਾਂਸ ਹੈ ਭਾਰ ਵਧਣ ਦਾ। ਇਸ ਕਰਕੇ ਬਹੁਤ ਜ਼ਰੂਰੀ ਹੈ ਕਿ ਤੁਸੀਂ ਸਨੈਕ ਨਾ ਖਾਓ ਅਤੇ ਆਪਣਾ ਖਾਣਾ ਜੋ ਖਾਣਾ ਹੈ, ਉਹ ਦੋ ਜਾਂ ਤਿੰਨ ਮੇਨ ਮੀਲ ਵਿੱਚ ਵੰਡ ਕੇ 8-9 ਘੰਟਿਆਂ ਦੇ ਵਿੱਚ ਹੀ ਖਾਓ- ਜਿਵੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਹੀ। ਅੱਗੇ ਪਿੱਛੇ ਨਹੀਂ ਖਾਣਾ। ਖੁਰਾਕ ਘੱਟ ਕਾਰਬ ਵਾਲੀ ਹੋਣੀ ਚਾਹੀਦੀ। ਜ਼ਿਆਦਾ ਸਬਜ਼ੀਆਂ, ਦਿਨ ਵਿੱਚ ਇੱਕ-ਦੋ ਫਲ ਅਤੇ ਪ੍ਰੋਟੀਨ ਤੇ ਹੈਲਦੀ ਫੈਟ ਜਿਵੇਂ ਔਲਿਵ ਤੇਲ, ਫਿਸ਼ ਤੁਹਾਡੇ ਲਈ ਚੰਗੀ ਹੈ। ਸਬਜ਼ੀਆਂ ਅਤੇ ਫਲ ਜਿਹੜੇ ਪੀਲ ਕਰਨ (ਛਿੱਲਣ) ਤੋਂ ਬਿਨਾਂ ਖਾਣੇ ਨੇ ਉਹ ਔਰਗੈਨਿਕ ਹੀ ਖਾਣੇ ਚੰਗੇ ਨੇ। ਸਬਜ਼ੀਆਂ ਅਤੇ ਫਲ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲੈਣੇ ਚਾਹੀਦੇ ਹਨ। ਹਫਤੇ 'ਚ ਇੱਕ ਵਾਰੀ ਜੇ 24 ਘੰਟੇ ਦਾ ਵਰਤ ਰੱਖੀਏ ਤਾਂ ਬਹੁਤ ਲਾਭਦਾਇਕ ਹੈ। ਪਾਣੀ, ਚਾਹ ਜਾਂ ਕੌਫੀ ਪੀ ਸਕਦੇ ਹੋ; ਉਸ ਵੇਲੇ ਖਾਣਾ ਬੰਦ ਕਰ ਦਿਓ, ਜਦੋਂ ਤੁਸੀਂ 80% ਫੁੱਲ ਮਹਿਸੂਸ ਕਰਦੇ ਹੋ।"

"ਦੀਦੀ ਇਹ ਤਾਂ ਬਹੁਤ ਸਾਰੀਆਂ ਗੱਲਾਂ ਯਾਦ ਰੱਖਣੀਆਂ ਪੈਣੀਆਂ, ਚੰਗਾ ਹੋਇਆ ਮੈਂ ਲਿਖ ਲਿਆ।"

"ਬਾਕੀ ਦੀਆਂ ਗੱਲਾਂ ਅਗਲੀ ਵਾਰੀ, ਇਸ ਵਾਰੀ ਇੰਨਾ ਹੀ ਬਹੁਤ ਹੈ। ਤੂੰ ਪ੍ਰੀਤ ਚੜ੍ਹਦੀ ਕਲਾ ਵਿੱਚ ਰਹਿਣੈਂ, ਫਿਕਰ ਨਹੀਂ ਕਰਨਾ, ਸਭ ਠੀਕ ਹੋ ਜਾਣਾ। ਆਪਾਂ ਰਲ-ਮਿਲ ਕੇ ਗੱਡੀ ਫਿਰ ਪਟੜੀ ਉੱਤੇ ਲੈ ਆਉਣੀ ਹੈ। ਗੁੱਡ ਲੱਕ! ਮੈਂ ਚਲਦੀ ਆਂ ਹੁਣ।"

***ਨੋਟ:*** *ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਾਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।*


Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income
FUTURITY FIRST
Retirement | Life | Health
Call Gurpreet Singh
Retirement and Insurance Advisor
Cell: 630-677-6144
Email: Preetisingh@ffig.com
Futurity First Insurance Group


BUY | SELL | RENT
FOR ALL YOUR REAL ESTATE NEEDS
COLDWELL BANKER REALTY
VENKAT TALARI
REALTOR
847-372-9986
venkat@cbrealty.com
The Best Investmenton EARTH is
REAL ESTATE
An Illinois Residential Mortgage Lincensee
MORTGAGE LOAN OFFICER
KRISHNA KAIRAMKONDA
NMLS#2239754
FIND OUT MORE FOR LOW INTEREST RATES & QUALITY SERVICE
Contact :
210-862-0139
krishna@hmsiloans.com
For more information
www.hmsiloans.com/krishna
Let's Build Wealth Together
ACCELERATE GROWTH MINIMIZE RISK
Rajesh Ravikumar
Licensed Financial Professional
Financial Independence begins with Proper Financial Education
210-859-9042 // 630-245-3435
www.MyFortuneCreators.com
FINANCIAL SERVICES
WEALTH STRATGIES
RETIREMENT STRATGIES
COLLEGE PLANNING
LIVING WILL & TRUST
LIFE INSURANCE
TAX GUIDELINES
401K ROLLOVER
MANAGED GROWTH


PARDEEP MANDA
(630)-506-3890
MEDICARE ADVANTAGE
• $0 or low monthly premiums
• Perscription drug coverage
• Dental Coverage
• Vision Coverage
• Fitness Benefits
• 24/Hour Nurse Line
BENEFITS ADVISOR
HEALTH INSURANCE
LET ME ANSWER YOUR QUESTIONS!
• How does medicare work?
• Am I eligible for Medicare?
• What are the Medicare parts?
• How do I choose the right plan?
*We do not offer every plan available in your area. Any information we provide is limited to the plans that we offer in your area. *
ਮੈਡੀਕੇਅਰ ਦੇ ਫਾਇਦੇ
■$0 ਜਾਂ ਘੱਟ ਮਾਸਿਕ ਪ੍ਰੀਮੀਅਮ
■ਨੁਸਖ਼ੇ ਵਾਲੀ ਡਰੱਗ ਕਵਰੇਜ
■ਦੰਦਾਂ ਦੀ ਕਵਰੇਜ ■ਫਿਟਨੈਸ ਲਾਭ
■24/7 ਘੰਟੇ ਦੀ ਨਰਸ ਲਾਈਨ
ਮੈਡੀਕੇਅਰ ਦੇ ਫਾਇਦਿਆਂ ਸਬੰਧੀ ਸਵਾਲਾਂ ਦੇ ਜਵਾਬ ਲਈ ਕਾਲ ਕਰੋ
ਲਾਭ ਸਲਾਹਕਾਰ
ਸਿਹਤ ਬੀਮਾ
■ਮੈਡੀਕੇਅਰ ਕਿਵੇਂ ਕੰਮ ਕਰਦੀ ਹੈ?
■ਕੀ ਮੈਂ ਮੈਡੀਕੇਅਰ ਲਈ ਯੋਗ ਹਾਂ?
■ਮੈਡੀਕੇਅਰ ਪਾਰਟਸ ਕੀ ਹਨ?
■ਮੈਂ ਸਹੀ ਯੋਜਨਾ ਕਿਵੇਂ ਚੁਣਾਂ?
ਅਸੀਂ ਤੁਹਾਡੇ ਖੇਤਰ ਵਿੱਚ ਉਪਲਬਧ ਹਰ ਯੋਜਨਾ ਦੀ ਪੇਸ਼ਕਸ਼ ਨਹੀਂ ਕਰਦੇ ਹਾਂ।
ਜੋ ਵੀ ਜਾਣਕਾਰੀ ਅਸੀਂ ਪ੍ਰਦਾਨ ਕਰਦੇ ਹਾਂ, ਉਹ ਉਨ੍ਹਾਂ ਯੋਜਨਾਵਾਂ ਤੱਕ ਸੀਮਿਤ ਹੈ
ਜੋ ਅਸੀਂ ਤੁਹਾਡੇ ਖੇਤਰ ਵਿੱਚ ਪੇਸ਼ ਕਰਦੇ ਹਾਂ।*